₹5

ਮਾਸਕ

# ਸੀਸ ਗੰਜ

Vol. 54 - Issue No. 8

AUGUST 2017



**ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਅੰਮ੍ਰਿਤਸਰ**

ਇਸ ਅਸਥਾਨ ’ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ।

# ਇਸ ਮਹੀਨੇ ਦਾ ਵਿਚਾਰ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

ਬਿਨਸਸੀ - ਬਿਨਸੇਗੀ, ਮਰੇਗੀ। ਪ੍ਰੇਤ - ਅਪਗਤਿ ਰੂਹ। ਹਥ ਮਰੋੜੈ - ਭਾਵ ਪਛੁਤਾਵੇ ਵਿਚ ਹੱਥ ਮਲਦਾ ਹੈ। ਸੇਤੁ - ਚਿੱਟਾ। ਬੋਹਿਥ - ਜਹਾਜ਼। ਹੇਤੁ - ਪਿਆਰ। (ਅ) ਹਿਤੂ, ਹਿਤਕਾਰੀ।

: ਅਰਥ :

ਭਾਦੋਂ (ਦੁਆਰਾ ਉਪਦੇਸ਼ ਹੈ ਕਿ ਓਹ) ਭਰਮ ਵਿੱਚ ਭੁੱਲੀਆਂ ਹੋਈਆਂ ਹਨ। (ਜਿਨ੍ਹਾਂ ਦਾ ਵਾਹਿਗੁਰੂਤੋਂ ਛੁੱਟ) ਦੂਜੇ (ਭਾਵ ਸੰਸਾਰ) ਨਾਲ ਪ੍ਰੇਮ ਲੱਗਾ ਹੈ। (ਉਨ੍ਹਾਂ ਦੇ) ਲੱਖਾਂ ਸ਼ਿੰਗਾਰ ਕੀਤੇ ਹੋਏ ਕਿਸੇ ਕੰਮ ਨਹੀਂ ਆਉਣੇ (ਭਾਵ ਵਾਹਿਗੁਰੂਪ੍ਰੇਮ ਤੋਂ ਛੁੱਟ ਉਨ੍ਹਾਂ ਦੇ ਪੁੰਨ ਦਾਨ ਆਦਿ ਕਰਮ ਕੀਤੇ ਹੋਏ ਮੁਕਤੀ ਦਾ ਫਲ ਨਹੀਂ ਦੇ ਸਕਣਗੇ। ਜਿਸ ਦਿਨ (ਇਹ) ਦੇਹੀ ਬਿਨਸੇਗੀ (ਨਾਸ਼ ਹੋਵੇਗੀ) ਉਸ ਵੇਲੇ (ਆਪਣੇ ਘਰ ਦੇ ਹੀ ਇਸ ਦੇਹੀ ਨੂੰ) ਪ੍ਰੇਤ ਪ੍ਰੇਤ ਕਹਿਣ ਲੱਗ ਪੈਣਗੇ। (ਉਧਰ ਇਸ ਰੂਹ ਨੂੰ) ਧਰਮ ਰਾਜ ਦੇ ਦੂਤ ਫੜਕੇ ਲੈ ਟੁਰਨਗੇ ਤੇ ਕਿਸੇ (ਸਨੇਹੀ) ਨੂੰ ਭੇਤ ਨਹੀਂ ਦੇਣਗੇ (ਕਿ ਇਸ ਨੂੰ ਕਿਉਂ ਤੇ ਕਿੱਥੇ ਲੈ ਚੱਲੇ ਹਨ। ਇਸ ਤਰ੍ਹਾਂ ਜਮਦੂਤਾਂ ਦੇ ਹੱਥ ਫੜੇ ਜਾਣ ਤੇ) ਜਿਨ੍ਹਾਂ ਨਾਲ ਪਿਆਰ ਪਿਆ ਹੋਇਆ ਸੀ (ਉਹ ਸਾਰੇ) ਉਸੇ ਛਿਨ ਵਿੱਚ ਛੱਡ ਖਲੋਂਦੇ ਹਨ (ਭਾਵ ਕਿਸੇ ਦੀ ਪੇਸ਼ ਨਹੀਂ ਜਾਂਦੀ। ਉਧਰ ਮਰਨ ਵਾਲਾ ਪ੍ਰਾਣੀ ਜਮਾਂ ਨੂੰ ਦੇਖ ਕੇ ਡਰਦਾ) ਹੱਥ ਮਰੋੜਦਾ ਹੈ, ਤਨ ਕੰਬਦਾ ਹੈ ਤੇ ਰੰਗ (ਜੋ ਕਾਲਾ ਪੈ ਰਿਹਾ ਸੀ, ਮਾਰੇ ਡਰ ਦੇ) ਕਾਲੇ ਤੋਂ ਚਿੱਟਾ ਹੋਣ ਲੱਗ ਜਾਂਦਾ ਹੈ। (ਕੋਈ ਹੁਣ ਕੀ ਕਰੇ) ਕਰਮਾਂ ਦਾ ਖੇਤ ਜੇਹਾ ਬੀਜਿਆ ਸੂਤੇਹਾ (ਹੁਣ) ਵੱਢੇਗਾ। (ਪ੍ਰੰਤੂ ਜੋ) ਪ੍ਰਭੂ ਦੀ ਸ਼ਰਨ ਆ ਜਾਂਦੇ ਹਨ, ਹੇ ਨਾਨਕ ! ਵਾਹਿਗੁਰੂਜੀ (ਉਨ੍ਹਾਂ ਨੂੰ ਆਪਣੇ) ਚਰਨਾਂ ਰੂਪੀ ਜਹਾਜ਼ ਦੇ ਦੇਂਦੇ ਹਨ (ਤਾਂ ਜੋ ਭਵਜਲ ਤੋਂ ਉਹ ਸੁਖੈਨ ਪਾਰ ਹੋ ਜਾਵਣ। ਹਾਂ), ਉਹ ਨਰਕ ਵਿੱਚ ਨਹੀਂ ਪਾਏ ਜਾਂਦੇ ਜਿਨ੍ਹਾਂ ਨੂੰ ਹਿਤਕਾਰੀ ਗੁਰੂਰਖਯਾ ਕਰਨੇ ਵਾਲਾ ਪ੍ਰਾਪਤ ਹੈ, (ਇਹ) ਭਾਦੋਂ ਦਾ ਉਪਦੇਸ਼ ਹੈ। ਇਹ ਮਹੀਨਾ ਹੈ ਤਾਂ ਪਾਵਸ ਦਾ ਹੀ, ਪਰ ਇਹ ਵੱਟ ਤੇ ਘਬਰਾ ਲਈ ਮਸ਼ਹੂਰ ਹੈ। ਸੋ ਇਸ ਮਹੀਨੇ ਵਿੱਚ ਉਸ ਵਿਛੁੜੇ ਜੀਵ ਦਾ ਜ਼ਿਕਰ ਹੈ ਜੋ ਗਾਫ਼ਲ ਰਿਹਾ, ਮਾਇਆ ਵਿੱਚ ਖਚਿਤ ਰਿਹਾ, ਉਸ ਦੇ ਅੰਤ ਸਮੇਂ ਦੀ ਮਾੜੀ ਦਸ਼ਾ ਦਾ ਵਰਣਨ ਹੈ। ਅੰਤਲੀਆਂ ਸਤਰਾਂ ਵਿੱਚ ਭੁੱਲੇ ਜੀਵ ਨੂੰ ਉਪਦੇਸ਼ ਦੇਂਦੇ ਹਨ ਕਿ ਗੁਰੂ ਨੂੰ ਪ੍ਰਾਪਤ ਹੋਵੇ, ਉਸ ਦੇ ਉਪਦੇਸ਼ ਤੇ ਸਹਾਇਤਾ ਨਾਲ ਪ੍ਰਭੂ ਦੀ ਸ਼ਰਣ ਲੱਭੇਗੀ, ਸ਼ਰਣ ਦਾਤਾ ਫੇਰ ਆਪਣੇ ਚਰਣਾਂ ਦਾ ਤੁਲਹਾ ਦੇ ਕੇ ਸੰਸਾਰ ਸਾਗਰ ਤੋਂ ਪਾਰ ਕਰ ਲਏਗਾ।

ਟੀਕਾਕਾਰ: ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

# ਸੀਸ ਗੰਜ

ਜਿਲਦ - 54, ਨੰਬਰ - 8
ਅਗਸਤ - 2017, ਸਾਵਣ / ਭਾਦੋਂ 2074



ਐਡੀਟੋਰੀਅਲ ਬੋਰਡ : ਸ੍ਰ. ਮਨਜੀਤ ਸਿੰਘ ਜੀ.ਕੇ.
ਸ੍ਰ. ਹਰਮੀਤ ਸਿੰਘ ਕਾਲਕਾ
ਸ੍ਰ. ਹਰਮਨਜੀਤ ਸਿੰਘ
ਸ੍ਰ. ਮਨਜਿੰਦਰ ਸਿੰਘ ਸਿਰਸਾ
ਸ੍ਰ. ਅਮਰਜੀਤ ਸਿੰਘ ਫਤਿਹ ਨਗਰ

ਚੀਫ ਐਡੀਟਰ : ਸ੍ਰ. ਮਨਜਿੰਦਰ ਸਿੰਘ ਸਿਰਸਾ

ਐਡੀਟਰ : ਸ੍ਰ. ਪਰਮਜੀਤ ਸਿੰਘ ਰਾਣਾ

ਪ੍ਰਿੰਟਰ ਤੇ ਪਬਲਿਸ਼ਰ : ਸ੍ਰ. ਅਜਮੇਰ ਸਿੰਘ
ਚੀਫ ਐਡਮਨਿਸਟ੍ਰੇਟਰ

ਫੋਟੋ : ਸ੍ਰੀ ਅਨੂਪ ਅਸਥਾਨਾ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।



Printer and Publisher Ajmer Singh - Chief Administrator for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi - 110001.



Email : editorsisganj@dsgmc.in
Website : www.dsgmc.in
For Enquiry : 23712580-81-82
23737328-29
104 (Extn.)



Total Pages : 1 to 64 (With Cover)

: ਚੰਦੇ ਦਾ ਵੇਰਵਾ :

| | |
|---|---|
| ਭੇਟਾ ਇੱਕ ਕਾਪੀ | 5/-ਰੁਪਏ |
| ਸਾਲਾਨਾ ਚੰਦਾ ਦੇਸ਼ | 50/-ਰੁਪਏ |
| ਲਾਈਫ ਮੈਂਬਰ ਦੇਸ਼ | 500/-ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/-ਰੁਪਏ |
| ਲਾਈਫ ਮੈਂਬਰ ਵਿਦੇਸ਼ | 5000/-ਰੁਪਏ |

: ਚੰਦਾ ਭੇਜਣ ਦਾ ਪਤਾ :

ਜਨਰਲ ਮੈਨੇਜਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1


## ਸੀਸ ਗੰਜ ਦੇ ਇਸ ਅੰਕ 'ਚ


ਸੰਪਾਦਕੀ — 4
(ਸ੍ਰ. ਕੁਲਮੋਹਨ ਸਿੰਘ)

ਅਗਸਤ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ — 5

ਵਿਸ਼ਵ ਭਾਈਚਾਰੇ ਦਾ ਸਾਂਝਾ ਗ੍ਰੰਥ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — 7
(ਡਾ. ਹਰਬੰਸ ਸਿੰਘ ਚਾਵਲਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — 14
(ਡਾ. ਕੀਰਤ ਸਿੰਘ ਇਨਕਲਾਬੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭੱਟ ਬਾਣੀ ਦੀ ਵਿਸ਼ੇਸ਼ਤਾ — 17
(ਡਾ. ਗੁਰਚਰਨ ਸਿੰਘ ਮਹਿਤਾ)

ਸ੍ਰੀ ਗੁਰੂ ਰਾਮਦਾਸ ਜੀ — 21
(ਡਾ. ਸਮਸ਼ੇਰ ਸਿੰਘ)

ਪ੍ਰਗਟ ਗੁਰਾਂ ਕੀ ਦੇਹ — 24
(ਡਾ. ਪਰਮਜੀਤ ਕੌਰ)

ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਬਾਣੀ — 27
(ਪ੍ਰੋ. ਪਿਆਰਾ ਸਿੰਘ ਪਦਮ)

ਦੋ ਦੀਵੇ ਇੱਕ ਜੋਤ — 34
(ਗਿਆਨੀ ਜਸਵੰਤ ਸਿੰਘ ਪਰਵਾਨਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀ ਦੇ ਆਧਾਰ ਤੇ..... — 37
(ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ)

ਅਨੰਦੁ ਸਾਹਿਬ ਬਾਣੀ ਦਾ ਸੰਕਲਪ — 40
(ਗਿਆਨੀ ਹਰਿਬੰਸ ਸਿੰਘ)

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ — 45
(ਸ੍ਰ. ਹਰਸ਼ਰਨ ਸਿੰਘ ਸਚਦੇਵਾ)

ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ — 49
(ਸ੍ਰ. ਚਮਨ ਸਿੰਘ ਸਾਹਿਬਪੁਰਾ)

ਸਰਗਰਮੀਆਂ (ਦਿੱ. ਸਿੱ. ਗੁ. ਪ੍ਰ. ਕਮੇਟੀ) — 51

ਚਿੱਠਾ ਆਮਦਨ ਖਰਚ — 59

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਇਹ ਮਹਿਸੂਸ ਕਰ ਲਿਆ ਸੀ ਕਿ ਮਨੁੱਖ ਦਾ ਇਹ ਸੁਭਾਅ ਹੈ ਕਿ ਉਹ ਜਦੋਂ ਕਦੀ ਵੀ ਸੁਣੀ ਹੋਈ ਗੱਲ ਅਤੇ ਵੇਖੀ ਹੋਈ ਘਟਨਾ ਕਿਸੇ ਨੂੰ ਸੁਨਾਣਾ ਚਾਹੁੰਦਾ ਹੈ ਤਾਂ ਉਹ ਉਸ ਨੂੰ ਆਪਣੀ ਸੋਚ ਤੇ ਸਮਝ ਅਨੁਸਾਰ ਘਟਾਂਦਾ-ਵਧਾਂਦਾ ਚਲਿਆ ਜਾਂਦਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਇੱਕ ਸਮਾਂ ਅਜਿਹਾ ਵੀ ਆ ਜਾਂਦਾ ਹੈ ਕਿ ਮੂਲ ਗੱਲ ਤੇ ਮੂਲ ਘਟਨਾ ਦਾ ਸਰੂਪ ਬਿਲਕੁਲ ਹੀ ਬਦਲ ਜਾਂਦਾ ਹੈ। ਇਹੀ ਕਾਰਨ ਹੈ ਕਿ ਮਹਾਂਪੁਰਖਾਂ, ਸੰਤਾਂ-ਮਹਾਤਮਾਵਾਂ, ਪੀਰਾਂ-ਫਕੀਰਾਂ ਦੇ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਬਦਲਿਆ ਹੀ ਨਹੀਂ ਜਾਂਦਾ, ਸਗੋਂ ਉਨ੍ਹਾਂ ਨਾਲ ਕਲਪਤ ਕਹਾਣੀਆਂ ਅਤੇ ਘਟਨਾਵਾਂ ਨੂੰ ਜੋੜ ਕੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਰਹਿੰਦੀ ਹੈ।

ਇਸ ਸੱਚਾਈ ਨੂੰ ਅਨੁਭਵ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੀ ਆਪਣੇ ਵੱਲੋਂ ਰਚਿਤ ਬਾਣੀ ਦੀ ਸੰਭਾਲ ਤਾਂ ਕੀਤੀ ਹੀ, ਇਸ ਦੇ ਨਾਲ ਹੀ ਉਨ੍ਹਾਂ ਨੇ ਉਦਾਸੀਆਂ ਅਤੇ ਪ੍ਰਚਾਰ ਦੌਰਿਆਂ ਦੌਰਾਨ ਪ੍ਰਾਪਤ ਹੋਈ ਭਗਤਾਂ ਤੇ ਪੀਰਾਂ-ਫਕੀਰਾਂ ਦੀ ਬਾਣੀ ਨੂੰ ਮੂਲ ਰੂਪ ਵਿੱਚ ਸੰਭਾਲਿਆ। ਇਸ ਤਰ੍ਹਾਂ ਇਕੱਤਰ ਕਰ ਸੰਭਾਲੀ ਹੋਈ ਬਾਣੀ ਉਨ੍ਹਾਂ ਨੇ ਜੋਤੀ ਜੋਤਿ ਸਮਾਉਣ ਸਮੇਂ ਗੁਰਗੱਦੀ ਦੀ ਬਖਸ਼ਿਸ਼ ਕਰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਰਚਿਤ ਬਾਣੀ ਦੇ ਨਾਲ ਇਸ ਬਾਣੀ ਦੀ ਸੌਂਪਣਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਦੇ ਨਾਲ ਹੀ ਇਹ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪੀ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਨਾਲ ਤੇ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਸੌਂਪੀ ਸਮੁੱਚੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਆਪਣੇ ਤੱਕ ਪੁੱਜੀ ਬਾਣੀ ਦੇ ਨਾਲ ਹੀ ਆਪਣੇ ਵੱਲੋਂ ਰਚਿਤ ਬਾਣੀ ਨੂੰ ਤਰਤੀਬ ਦੇ ਕੇ ਸੰਪਾਦਤ ਕੀਤਾ ਤੇ ਇਸ ਨੂੰ ਕਲਮਬੱਧ ਕਰਨ ਦੀ ਜ਼ਿੰਮੇਦਾਰੀ ਭਾਈ ਗੁਰਦਾਸ ਜੀ ਨੂੰ ਸੌਂਪ ਦਿੱਤੀ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੌਂਪੀ ਗਈ ਜ਼ਿੰਮੇਦਾਰੀ ਨੂੰ ਪੂਰੀ ਸ਼ਰਧਾ ਅਤੇ ਨਿਸ਼ਠਾ ਨਾਲ ਨਿਬਾਹਿਆ। ਜਿਸ ਸਮੇਂ ਇਸ ਕਾਰਜ ਦੀ ਸੰਪੂਰਨਤਾ ਹੋਈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ 'ਆਦਿ ਗ੍ਰੰਥ' ਦਾ ਨਾਂ ਦੇ ਕੇ ਇਸ ਦੀ ਮਹੱਤਤਾ ਨੂੰ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤਾ :

ਮੁੰਦਾਵਣੀ ਮਹਲਾ ੫ ॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥ ੧ ॥

ਅਰਥਾਤ ਇਸ ਮਹਾਨ ਰਚਨਾ, ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿੱਚ ਤਿੰਨ ਵਸਤਾਂ ਸਚਾਈ, ਸੰਤੋਖ ਅਤੇ ਅੰਮ੍ਰਿਤ ਰੂਪੀ ਨਾਮ, ਜੋ ਸਾਰੇ ਸੰਸਾਰ ਦਾ ਆਧਾਰ ਹਨ, ਰੱਖੀਆਂ ਗਈਆਂ ਹਨ। ਜੋ ਕੋਈ ਇਨ੍ਹਾਂ ਪੁਰ ਵਿਚਾਰ ਕਰ ਆਪਣੇ ਜੀਵਨ ਵਿੱਚ ਵਸਾਇਗਾ ਉਸ ਦਾ ਕਲਿਆਣ ਹੋਵੇਗਾ। ਇਸ ਵਿੱਚ ਜੋ ਵਸਤੂ-ਵਿਚਾਰ ਹੈ, ਉਸ ਦਾ ਤਿਆਗ ਕਰ ਜੀਵਨ ਬਿਤਾਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ। ਇਸ ਨੂੰ ਸਦਾ ਹਿਰਦੇ ਵਿੱਚ ਸੰਭਾਲ ਕੇ ਰੱਖਣ ਦੀ ਲੋੜ ਹੈ। ਇਸ ਮਹਾਨ ਗ੍ਰੰਥ ਦੀ ਬਾਣੀ ਦਾ ਸਹਾਰਾ, ਆਸਰਾ ਲੈ ਕੇ ਹਨੇਰੇ ਵਿੱਚ ਭਟਕ ਰਿਹਾ ਮਨੁੱਖ ਰੋਸ਼ਨੀ ਵਿੱਚ ਆ ਸਕੇਗਾ। ਇਸ ਸਾਰੇ ਸੰਸਾਰ ਦਾ ਪਸਾਰਾ ਪਾਰਬ੍ਰਹਮ ਅਕਾਲ ਪੁਰਖ ਵੱਲੋਂ ਕੀਤਾ ਗਿਆ ਹੋਇਆ ਹੈ।

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨੌਂਵੇ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰ ਆਦਿ ਗ੍ਰੰਥ ਨੂੰ ਸੰਪੂਰਣ ਕੀਤਾ ਤੇ ਜੋਤੀ ਜੋਤਿ ਸਮਾਉਣ ਸਮੇਂ ਗੁਰਗੱਦੀ ਦੀ ਸੌਂਪਣਾ ਕਰ ਸਦੀਵੀ ਰੂਪ ਵਿੱਚ ਦਸਾਂ ਗੁਰੂ ਸਾਹਿਬਾਨ ਦੇ ਜੋਤਿ ਸਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਜੋਂ ਸਥਾਪਿਤ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇੱਕੋ-ਇੱਕ ਅਜਿਹਾ ਧਰਮ ਗ੍ਰੰਥ ਹੈ, ਜੋ ਕਿਸੇ ਇੱਕ ਵਰਗ, ਫਿਰਕੇ ਜਾਂ ਜਾਤੀ ਦਾ ਹੀ ਮਾਰਗ ਦਰਸ਼ਨ ਨਹੀਂ ਕਰਦਾ, ਸਗੋਂ ਸਮੁੱਚੀ ਮਨੁੱਖਤਾ ਨੂੰ ਸੁਚੱਜਾ ਤੇ ਆਦਰਸ਼ਕ ਜੀਵਨ ਜੀਣ ਦਾ ਸੰਦੇਸ਼ ਦਿੰਦਾ ਹੈ। ਇਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੀ ਪੰਦਰਾਂ ਭਗਤਾਂ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈ ਦੇਵ ਜੀ, ਤ੍ਰਿਲੋਚਨ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੇਣੀ ਜੀ ਤੇ ਸ਼ੇਖ ਫਰੀਦ ਜੀ ਦੇ ਨਾਲ ਗਿਆਰਾਂ ਭੱਟਾਂ ਕਲਸਹਾਰ ਜੀ, ਜਾਲਪ ਜੀ, ਕੀਰਤਿ ਜੀ, ਭਿਖਾ ਜੀ, ਸਲ੍ਯ ਜੀ, ਭਲ ਜੀ, ਨਲ ਜੀ, ਗਯੰਦ ਜੀ, ਮਥਰਾ ਬਲ ਜੀ ਤੇ ਹਰਿਬੰਸ ਜੀ, ਬਾਬਾ ਸੁੰਦਰ ਜੀ ਅਤੇ ਸੱਤਾ ਬਲਵੰਡ ਜੀ ਦੀ ਬਾਣੀ ਬਿਨ੍ਹਾਂ ਕਿਸੇ ਭੇਦ ਭਾਵ ਦੇ ਦਰਜ਼ ਕੀਤੀ ਗਈ ਹੈ। ਜੋ ਇਸ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਪੁਰ ਮੋਹਰ ਲਾਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਪਸ਼ਟ ਕਰਦਾ ਹੈ ਕਿ ਇਹ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਸੰਸਾਰ ਦਾ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਪਦ ਪ੍ਰਾਪਤ ਹੈ ਅਤੇ ਜਿਸ ਵਿੱਚ ਕਿਸੇ ਧਰਮ ਵਿਸ਼ੇਸ਼, ਜਾਤ ਵਿਸ਼ੇਸ਼ ਜਾਂ ਵਰਗ ਵਿਸ਼ੇਸ਼ ਨਾਲ ਸਬੰਧਿਤ ਮਹਾਂਪੁਰਖਾਂ ਦੀ ਬਾਣੀ ਨਾ ਹੋ ਕੇ ਵੱਖ-ਵੱਖ ਧਰਮਾਂ, ਜਾਤੀਆਂ ਅਤੇ ਫਿਰਕਿਆਂ ਨਾਲ ਸਬੰਧਿਤ ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਜੋ ਸੱਚਾ-ਸੁੱਚਾ ਤੇ ਉੱਚਾ ਜੀਵਨ ਜੀਣ ਲਈ ਪੂਰਨ ਮਾਨਵਜਾਤੀ ਅਤੇ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀ ਹੈ।

– ਕੁਲਮੋਹਨ ਸਿੰਘ

ਚੇਅਰਮੈਨ, ਧਰਮ ਪ੍ਰਚਾਰ ਕਮੇਟੀ

# ਅਗਸਤ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

1 ਅਗਸਤ : * 1863 ਮਹਾਰਾਣੀ ਜਿੰਦਾਂ ਦਾ ਅਕਾਲ ਚਲਾਣਾ ਹੋਇਆ।

3 ਅਗਸਤ : * 1930 ਈਸਵੀ - ਸ੍ਰ. ਖੜਗ ਸਿੰਘ ਨੂੰ ਮੀਟਿੰਗ ਵਿੱਚ ਸਟ੍ਰੇਚਰ 'ਤੇ ਪਾ ਕੇ ਲਿਆਂਦਾ ਗਿਆ, ਜਦੋਂ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਅਤੇ ਬਿਮਾਰ ਸਨ ਤਾਂ ਉਨ੍ਹਾਂ ਧਮਕੀ ਦਿੱਤੀ ਕਿ ਜੇਕਰ ਕਾਂਗਰਸ ਦੇ ਝੰਡੇ ਹੇਠ ਲੜਨ ਤੋਂ ਇਨਕਾਰ ਨਾ ਕੀਤਾ ਤਾਂ ਮੈਂ ਅਸਤੀਫਾ ਦੇ ਦਿਆਂਗ।

* 1984 ਈਸਵੀ - ਵਿਰੋਧੀ ਪਾਰਟੀਆਂ ਨੇ ਲੋਕ ਸਭਾ ਵਿੱਚ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਫ਼ੌਜ ਵਾਪਸ ਸੱਦੀ ਜਾਵੇ।

4 ਅਗਸਤ : * 1914 ਈਸਵੀ - ਗਦਰੀ ਆਗੂਆਂ ਵਲੋਂ ਵਿਦੇਸ਼ਾਂ ਵਿੱਚੋਂ ਪੰਜਾਬ ਨੂੰ ਚਾਲੇ ਪਾਏ ਗਏ। ਪਾਰਟੀ ਦੀ ਪਹਿਲੀ ਟੋਲੀ ਵਿੱਚ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਹੋਰ ਜੁਆਨ ਪੰਜਾਬ ਵਾਸਤੇ ਚੱਲ ਪਏ।

* 1916 ਈਸਵੀ - ਸਿੱਖਾਂ ਨੂੰ ਵਾਇਸਰਾਏ ਕੌਂਸਲ ਵਿੱਚ ਥਾਂ ਦੇਣ ਦੀ ਮੰਗ। ਇਹ ਮੈਂਬਰੀ ਵਜ਼ਾਰਤ ਦਾ ਦਰਜਾ ਰੱਖਦੀ ਸੀ।

* 1977 ਈਸਵੀ - ਗਿਆਨੀ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦਾ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਣ ਉਪਰੰਤ ਅਕਾਲ ਚਲਾਣਾ ਹੋਇਆ। ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਆਪਰੇਸ਼ਨ ਦੌਰਾਨ ਕੇਸਾਂ ਦਾ ਕੁੱਝ ਹਿੱਸਾ ਕੱਟਣ ਦੀ ਸਲਾਹ ਦਿੱਤੀ ਗਈ, ਜੋ ਉਨ੍ਹਾਂ ਨੇ ਠੁਕਰਾ ਦਿੱਤੀ। ਫਲਸਰੂਪ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ।

5 ਅਗਸਤ : * 1871 ਈਸਵੀ - ਬੁੱਚੜਾਂ ਦੇ ਕਾਤਲ ਤਿੰਨ ਕੂਕਿਆਂ ਨੂੰ ਰਾਏ ਕੋਟ ਵਿੱਚ ਫਾਂਸੀ ਦਿੱਤੀ ਗਈ।

* 1944 ਈਸਵੀ - ਜਿਨਹਾ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹਨ। ਪਾਕਿਸਤਾਨ ਬਣਨ ਉਪਰੰਤ ਮੁਸਲਿਮ ਲੀਗ ਸਿੱਖਾਂ ਨਾਲ ਆਦਲਾਨਾ ਸਲੂਕ ਕਰੇਗੀ।

6 ਅਗਸਤ : * 1947 ਈਸਵੀ - ਲੰਡਨ ਵਿੱਚ ਸਿੱਖਾਂ ਨੇ ਸ੍ਰੀ ਨਨਕਾਣਾ ਸਾਹਿਬ ਨੂੰ ਵੈਟੀਕਨ ਸਟੇਟਸ ਦੇਣ ਵਾਸਤੇ ਮੈਮੋਰੰਡਮ ਦਿੱਤਾ।

7 ਅਗਸਤ : * 1925 ਈਸਵੀ - ਜੈਤੋ ਵਿੱਚ (ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਉਪਰੰਤ) ਸਿੱਖਾਂ ਵੱਲੋਂ ਲਗਾਏ ਗਏ ਮੋਰਚੇ ਵਿੱਚ ਹੋਈ ਸਫਲਤਾ ਤੋਂ ਬਾਅਦ ਉਥੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਸ਼ੁਰੂ ਕਰਵਾਈ ਗਈ। ਇਸ ਲੜੀ ਵਿੱਚ 101 ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਹੋਏ।

8 ਅਗਸਤ : * 1881 ਈਸਵੀ - ਲਾਰਡ ਰਿਪਨ ਨੇ ਵਾਇਸਰਾਏ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਚਿੱਠੀ ਲਿੱਖੀ। ਸਰਕਾਰ ਨੇ ਸਰਬਰਾਹ ਨਿਯੁਕਤ ਕਰ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਿਆ ਸੀ। ਸਰਬਰਾਹ ਸਿੱਧਾ ਅੰਗਰੇਜ਼ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ।

* 1922 ਈਸਵੀ - ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋਇਆ।

10 ਅਗਸਤ : * 1966 ਈਸਵੀ - ਲੋਕ ਸਭਾ ਵਿੱਚ ਸਰਕਾਰ ਨੇ ਪੰਜਾਬੀ ਸੂਬਾ ਕਾਇਮ ਕਰਨ ਦਾ ਬਿੱਲ ਪੇਸ਼ ਕੀਤਾ।

11 ਅਗਸਤ : * 1635 ਈਸਵੀ - ਸਾਈਂ ਮੀਆਂ ਮੀਰ ਜੀ ਦਾ ਅਕਾਲ ਚਲਾਣਾ ਹੋਇਆ। ਛੇਵੇਂ ਪਾਤਿਸ਼ਾਹ ਮਾਝੇ ਦੇ ਦੌਰੇ 'ਤੇ ਸਨ ਕਿ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਸਾਈਂ ਮੀਆਂ ਮੀਰ ਜੀ ਪਰਲੋਕ ਸਿਧਾਰ ਗਏ ਹਨ ਤਾਂ ਗੁਰੂ ਸਾਹਿਬ ਉਨ੍ਹਾਂ ਦੀ ਦੇਹ ਨੂੰ ਦਫਨ ਕਰਨ ਦੇ ਮੌਕੇ ਉੱਤੇ ਆਪ ਲਾਹੌਰ ਪੁੱਜੇ।

* 1664 ਈਸਵੀ - ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰਗੱਦੀ ਸੰਭਾਲੀ।

* 1740 ਈਸਵੀ - ਸਿੱਖਾਂ ਨੇ ਮਸੇ ਰੰਗੜ ਦਾ ਸਿਰ ਵੱਢਿਆ।

12 ਅਗਸਤ : * 1917 ਈਸਵੀ - ਗਦਰੀ ਆਗੂ ਬੰਤਾ ਸਿੰਘ ਨੂੰ ਫਾਂਸੀ ਦਿੱਤੀ ਗਈ।

13 ਅਗਸਤ : * 1986 ਈਸਵੀ - ਸਿੱਖ ਕੌਮ ਦੇ ਮਹਾਨ ਵਿਦਵਾਨ ਸਿਰਦਾਰ ਕਪੂਰ ਸਿੰਘ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ ਦਾ ਅਕਾਲ ਚਲਾਣਾ ਹੋਇਆ।

15 ਅਗਸਤ : * 1951 ਈਸਵੀ - ਟਾਈਮਜ਼ ਆਫ ਇੰਡੀਆ ਨੇ ਪੰਜਾਬੀ ਸੂਬੇ ਦੀ ਹਮਾਇਤ ਕੀਤੀ।

18 ਅਗਸਤ : * 1947 ਈਸਵੀ - ਭਗਤ ਪੂਰਨ ਸਿੰਘ ਨੇ ਅੰਮ੍ਰਿਤਸਰ ਵਿਖੇ ਪਿੰਗਲਵਾੜੇ ਦੀ ਸ਼ੁਰੂਆਤ ਕੀਤੀ।

19 ਅਗਸਤ : * 1590 ਈਸਵੀ - ਤਰਨਤਾਰਨ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਦੀ ਖੁਦਾਈ ਸ਼ੁਰੂ ਹੋਈ।
* 1665 ਈਸਵੀ - ਰੁਸਤਮ ਖਾਂ ਦਾ ਸ੍ਰੀ ਅਨੰਦਪੁਰ ਸਾਹਿਬ ਉੱਤੇ ਹਮਲਾ ਨਾਕਾਮ ਹੋਇਆ।

20 ਅਗਸਤ : * 1507 ਈਸਵੀ - ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਤੋਂ ਪਹਿਲੀ ਉਦਾਸੀ ਆਰੰਭ ਕੀਤੀ।
* 1940 ਈਸਵੀ - ਆਲ ਪਾਰਟੀ ਸਿੱਖ ਕਾਨਫਰੰਸ ਵੱਲੋਂ ਸਿੱਖ ਸਟੇਟ ਦੀ ਮੰਗ।

21 ਅਗਸਤ : * 1664 ਈਸਵੀ - ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਪੁੱਜੇ।
* 1920 ਈਸਵੀ - ਚਮਾਲਾ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆਇਆ।

22 ਅਗਸਤ : * 1960 ਈਸਵੀ - ਪੰਜਾਬੀ ਸੂਬੇ ਮੋਰਚੇ ਦੇ ਦੌਰਾਨ ਸਿੱਖ ਰਿਟਾਇਰਡ ਕਰਨਲ ਜੋਰਾਵਰ ਸਿੰਘ ਦੀ ਮੌਤ ਹੋਈ।

23 ਅਗਸਤ : * 1921 ਈਸਵੀ - ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਬਜ਼ੇ ਵਿੱਚ ਲਿਆ।

24 ਅਗਸਤ : * 1809 ਈਸਵੀ - ਮਹਾਰਾਜਾ ਰਣਜੀਤ ਸਿੰਘ ਦਾ ਕਾਂਗੜਾ ਦੇ ਕਿਲ੍ਹੇ 'ਤੇ ਕਬਜ਼ਾ।
* 1933 ਈਸਵੀ - ਸ੍ਰ. ਸੇਵਾ ਸਿੰਘ ਠੀਕਰੀਵਾਲ ਗ੍ਰਿਫਤਾਰ।

25 ਅਗਸਤ : * 1636 ਈਸਵੀ - ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦਾ ਅਕਾਲ ਚਲਾਣਾ ਹੋਇਆ।
* 1922 ਈਸਵੀ - ਗੁਰੂ ਕਾ ਬਾਗ ਮੋਰਚਾ ਵਿੱਚ ਗ੍ਰਿਫਤਾਰੀਆਂ ਦੀ ਥਾਂ ਬੀ.ਟੀ. ਦੇ ਹੁਕਮ ਨਾਲ ਸਿੰਘਾਂ ਦੀ ਮਾਰ ਕੁਟਾਈ ਹੋਈ।

26 ਅਗਸਤ : * 1661 ਈਸਵੀ - ਭਾਈ ਦਇਆ ਸਿੰਘ ਜੀ (ਪੰਜ ਪਿਆਰੇ ਵਿੱਚੋਂ) ਦਾ ਜਨਮ।
* 1931 ਈਸਵੀ - ਸ਼੍ਰੋਮਣੀ ਅਕਾਲੀ ਦਲ ਵੱਲੋਂ ਡਸਕਾ ਮੋਰਚਾ ਲਾਉਣ ਦਾ ਫੈਸਲਾ।

27 ਅਗਸਤ : * 1921 ਈਸਵੀ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਕਾਇਦਾ ਦਫਤਰੀ ਕੰਮ-ਕਾਜ ਸ਼ੁਰੂ ਕੀਤਾ।
* 1923 ਈਸਵੀ - ਮਹਾਰਾਜਾ ਨਾਭਾ ਨੂੰ ਗੱਦੀਉਂ ਲਾਹੁਣ ਉਪਰੰਤ ਜੈਤੋ ਵਿੱਚ ਦੀਵਾਨ ਤੇ ਗ੍ਰਿਫਤਾਰੀਆਂ।

28 ਅਗਸਤ : * 1670 ਈਸਵੀ - ਗੁਰੂ ਗੋਬਿੰਦ ਸਿੰਘ ਜੀ ਲਖਨੌਰ ਪੁੱਜੇ।
* 1922 ਈਸਵੀ - ਵਰਲਡ ਪ੍ਰੈਸ ਦੇ ਪ੍ਰਤੀਨਿਧ ਗੁਰੂ ਕਾ ਬਾਗ ਪੁੱਜੇ।

29 ਅਗਸਤ : * 1700 ਈਸਵੀ - ਤਾਰਾ ਗੜ੍ਹ 'ਤੇ ਬਿਲਾਸ ਪੁਰ ਦੀਆਂ ਪਹਾੜੀ ਫੌਜਾਂ ਦਾ ਹਮਲਾ।
* 1958 ਈਸਵੀ - ਬਾਬਾ ਬਕਾਲਾ ਵਿਖੇ ਹੋਈ ਅਕਾਲੀ ਕਾਨਫਰੰਸ ਵੱਲੋਂ ਪੰਜਾਬੀ ਸੂਬੇ ਦੀ ਮੰਗ।

30 ਅਗਸਤ : * 1700 ਈਸਵੀ - ਫਤਹਿ ਗੜ੍ਹ ਕਿਲ੍ਹੇ ਉੱਤੇ ਬਿਲਾਸ ਪੁਰੀ ਪਹਾੜੀ ਫੌਜਾਂ ਦਾ ਹਮਲਾ।

31 ਅਗਸਤ : * 1700 ਈਸਵੀ - ਅਗੰਮ ਗੜ੍ਹ ਕਿਲ੍ਹੇ 'ਤੇ ਪਹਾੜੀ ਫੌਜਾਂ ਦਾ ਹਮਲਾ



# ਵਿਸ਼ਵ ਭਾਈਚਾਰੇ ਦਾ ਸਾਂਝਾ ਗ੍ਰੰਥ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਬਾਣੀ ਗੁਰੂ ਗੁਰੂ ਹੈ ਬਾਣੀ**
**ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ ॥ ੫ ॥**

**(ਅੰਕ ੯੮੨)**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦਾ ਅਧਿਆਤਮਕ ਗ੍ਰੰਥ ਹੈ। ਇਸ ਵਿਚ ਦਰਜ ਗੁਰੂ ਸਾਹਿਬਾਨ, ਸੂਫੀ ਸੰਤਾਂ ਅਤੇ ਭਗਤਾਂ ਦੀ ਬਾਣੀ ਕਿਸੇ ਇਕ ਜਾਤੀ ਜਾਂ ਫਿਰਕੇ ਲਈ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕੇਵਲ 'ਪਰਮ ਸਤਿ' ਅਤੇ ਅਕਾਲ ਪੁਰਖ ਦੀ ਗੱਲ ਕਰਦੀ ਹੈ ਜੋ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਹੈ। ਇਹ ਗ੍ਰੰਥ ਸਮੁੱਚੀ ਮਾਨਵ ਜਾਤੀ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਸਮਝ ਕੇ, ਸਾਰੇ ਸੰਸਾਰ ਨੂੰ ਬਰਾਬਰੀ ਅਤੇ ਮਨੁੱਖੀ-ਭਾਈਚਾਰੇ ਦਾ ਸੁਨੇਹਾ ਦਿੰਦਾ ਹੈ। ਗੁਰਬਾਣੀ ਦੁਆਰਾ ਦਰਸਾਏ ਗਏ ਮਾਰਗ 'ਤੇ ਤੁਰਨ ਨਾਲ ਇਨਸਾਨ ਲਈ ਜਾਤਿ, ਜਨਮ, ਰੰਗ-ਭੇਦ, 'ਧਰਮ' ਅਤੇ ਧਰਤੀ ਦੀਆਂ ਸੀਮਾਵਾਂ ਅਰਥਹੀਣ ਹੋ ਜਾਂਦੀਆਂ ਹਨ। ਇਸ ਮਾਰਗ ਦਾ ਪਾਂਧੀ ਬਣਨਾ ਅਤੇ ਉਸ 'ਪਰਮ ਸਤਿ' ਤੱਕ ਪਹੁੰਚਣਾ ਹੀ ਗੁਰਬਾਣੀ ਦਾ ਮੁੱਖ ਉਦੇਸ਼ ਹੈ। ਗੁਰਬਾਣੀ ਸਾਡੇ 'ਸ਼ਬਦ-ਸਭਿਆਚਾਰ' ਦੀ ਇਕ ਗੌਰਵਮਈ ਵਿਰਾਸਤ ਹੈ।

ਗੁਰੂ ਗ੍ਰੰਥ ਸਾਹਿਬ ਦੇ ਕੁੱਲ 1430 ਅੰਕ ਹਨ। ਇਸ ਵਿਚ 6 ਗੁਰੂ ਸਾਹਿਬਾਨ, 15 ਭਗਤਾਂ ਅਤੇ ਸੂਫੀ ਸੰਤਾਂ, 4 ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਅਤੇ 11 ਭੱਟਾਂ ਦੀ ਬਾਣੀ ਦਰਜ ਹੈ। ਇਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਸੰਕਲਿਤ ਕਰਨ ਅਤੇ ਤਰਤੀਬ ਦੇਣ ਦਾ ਮਹਾਨ ਕਾਰਜ ਗੁਰੂ ਅਰਜਨ ਦੇਵ ਜੀ (1563-1606 ਈ.) ਨੇ ਰਾਮਸਰ (ਅੰਮ੍ਰਿਤਸਰ) ਦੇ ਸਥਾਨ ਤੇ ਬੈਠ ਕੇ ਪੂਰਾ ਕੀਤਾ ਸੀ। ਆਦਿ ਗ੍ਰੰਥ ਦੇ ਲਿਖਾਰੀ ਭਾਈ ਗੁਰਦਾਸ ਜੀ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਜਾਣ ਮਗਰੋਂ ਇਸਨੂੰ ਨਗਰ-ਕੀਰਤਨ ਦੁਆਰਾ ਹਰਿਮੰਦਰ ਸਾਹਿਬ (ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਵਿਖੇ ਲਿਆਂਦਾ ਗਿਆ ਸੀ। ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਹਰ ਪਾਸੇ ਵਿਆਹ ਵਰਗੀਆਂ ਰੌਣਕਾਂ ਅਤੇ ਖੁਸ਼ੀ ਦਾ ਮਾਹੌਲ ਸੀ। ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਆਪਣੇ ਸਿਰ 'ਤੇ ਰੱਖਿਆ ਹੋਇਆ ਸੀ। ਸੰਗਤਾਂ ਢੋਲਕੀ ਛੈਣਿਆਂ ਨਾਲ ਸ਼ਬਦ

ਪੜ੍ਹਦੀਆਂ ਜਾ ਰਹੀਆਂ ਸਨ ਅਤੇ ਗੁਰੂ ਅਰਜਨ ਦੇਵ ਜੀ ਚੌਰ ਕਰਦੇ ਨੰਗੇ ਪੈਰੀ ਨਾਲ ਚੱਲ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 16 ਅਗਸਤ 1604 ਈਸਵੀ (ਭਾਦੋਂ ਸੁਦੀ 1, 1661 ਬਿਕਰਮੀ) ਨੂੰ ਕੀਤਾ ਗਿਆ। 'ਪੰਥ' ਦੀ ਬਜ਼ੁਰਗ ਅਤੇ ਮਹਾਨ ਹਸਤੀ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਨਾਂਦੇੜ (ਸੱਚਖੰਡ, ਸ੍ਰੀ ਹਜ਼ੂਰ ਸਾਹਿਬ) ਵਿਖੇ 6 ਅਕਤੂਬਰ 1708 ਨੂੰ ਪ੍ਰਦਾਨ ਕੀਤੀ ਗਈ, ਜਦੋਂ ਜੋਤੀ ਜੋਤਿ ਸਮਾਉਣ ਤੋਂ ਕੇਵਲ ਇਕ ਦਿਨ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਸਮਾਪਤ ਕਰ ਕੇ ਇਹ ਹੁਕਮ ਜਾਰੀ ਕੀਤਾ :-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇ।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਨਾਲ ਹੀ ਆਪ ਜੀ ਨੇ ਇਹ ਵੀ ਫੁਰਮਾਇਆ : 'ਅਬ ਮੇਰਾ ਜ਼ਾਹਰਾ ਰੂਪ, ਗੁਰੂ ਗ੍ਰੰਥ ਸਾਹਿਬ ਕੋ ਜਾਣਨਾ। ਜਿਸ ਨੇ ਮੇਰੇ ਸੇ ਬਾਤਾਂ ਕਰਨੀ ਹੋਇ, ਤੋ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ। ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਆਪ ਦਾ ਫੁਰਮਾਨ ਸੀ ਕਿ :

ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨਹੀਂ ਕਛੁ ਮਾਨ।

ਪ੍ਰੋ. ਹਰਬੰਸ ਸਿੰਘ ਪਟਿਆਲਾ ਲਿਖਦੇ ਹਨ ਕਿ ਪ੍ਰਚਲਤ ਪਰੰਪਰਾ ਅਨੁਸਾਰ ਜਿਸ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਗੁਰਿਆਈ ਪ੍ਰਦਾਨ ਕੀਤੀ ਗਈ, ਉਸ ਬੀੜ ਨੂੰ ਭਾਈ ਮਨੀ ਸਿੰਘ (ਲਿਖਾਰੀ) ਰਾਹੀਂ ਦਮਦਮਾ ਸਾਹਿਬ (ਤਲਵੰਡੀ ਸਾਬੋ ਕੀ) ਵਿਖੇ ਤਿਆਰ ਕੀਤਾ ਗਿਆ ਸੀ। ਸਿੱਖ ਜਗਤ ਵਿਚ ਇਸ ਨੂੰ ਦਮਦਮੀ ਬੀੜ ਕਰ ਕੇ ਜਾਣਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ-ਖਾਲਸਾ ਵਿਚ ਲਿਖਦੇ ਹਨ ਕਿ ਦਸਵੇਂ ਪਾਤਸ਼ਾਹ ਵੱਲੋਂ ਸ੍ਰੀ ਦਮਦਮਾ ਸਾਹਿਬ ਵਿਖੇ ਰਚੀ ਗਈ ਬੀੜ ਤੋਂ ਬਾਬਾ ਦੀਪ ਸਿੰਘ ਜੀ (ਸ਼ਹੀਦ) ਨੇ ਚਾਰ ਉਤਾਰੇ ਕੀਤੇ ਸਨ, ਜਿਨ੍ਹਾਂ ਨੂੰ ਚੌਹਾਂ ਤਖ਼ਤਾਂ 'ਤੇ ਭੇਜ ਦਿੱਤਾ ਗਿਆ ਸੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ 31 ਰਾਗਾਂ ਵਿਚ ਹੈ, ਜੋ ਇਸ ਪ੍ਰਕਾਰ ਹਨ :

| | |
|---|---|
| ਸਿਰੀ ਰਾਗੁ | ਅੰਕ 14-93 |
| ਰਾਗੁ ਮਾਝ | ਅੰਕ 94-150 |
| ਰਾਗੁ ਗਉੜੀ | ਅੰਕ 151-346 |
| ਰਾਗੁ ਆਸਾ | ਅੰਕ 347-488 |
| ਰਾਗੁ ਗੂਜਰੀ | ਅੰਕ 489-526 |
| ਰਾਗੁ ਦੇਵਗੰਧਾਰੀ | ਅੰਕ 527-536 |
| ਰਾਗੁ ਬਿਹਾਗੜਾ | ਅੰਕ 537-556 |
| ਰਾਗੁ ਵਡਹੰਸੁ | ਅੰਕ 557-594 |
| ਰਾਗੁ ਸੋਰਠਿ | ਅੰਕ 595-659 |
| ਰਾਗੁ ਧਨਾਸਰੀ | ਅੰਕ 660-695 |
| ਰਾਗੁ ਜੈਤਸਰੀ | ਅੰਕ 696-710 |
| ਰਾਗੁ ਟੋਡੀ | ਅੰਕ 711-718 |
| ਰਾਗੁ ਬੈਰਾੜੀ | ਅੰਕ 719-720 |
| ਰਾਗੁ ਤਿਲੰਗ | ਅੰਕ 721-727 |
| ਰਾਗੁ ਸੂਹੀ | ਅੰਕ 728-794 |
| ਰਾਗੁ ਬਿਲਾਵਲੁ | ਅੰਕ 795-858 |
| ਰਾਗੁ ਗੋਂਡ | ਅੰਕ 859-875 |
| ਰਾਗੁ ਰਾਮਕਲੀ | ਅੰਕ 876-974 |
| ਰਾਗੁ ਨਟ ਨਾਰਾਇਨ | ਅੰਕ 975-983 |
| ਰਾਗੁ ਮਾਲੀ ਗਉੜਾ | ਅੰਕ 984-988 |
| ਰਾਗੁ ਮਾਰੂ | ਅੰਕ 989-1106 |
| ਰਾਗੁ ਤੁਖਾਰੀ | ਅੰਕ 1107-1117 |
| ਰਾਗੁ ਕੇਦਾਰਾ | ਅੰਕ 1118-1124 |
| ਰਾਗੁ ਭੈਰਉ | ਅੰਕ 1125-1167 |
| ਰਾਗੁ ਬਸੰਤੁ | ਅੰਕ 1168-1196 |
| ਰਾਗੁ ਸਾਰੰਗ | ਅੰਕ 1197-1253 |
| ਰਾਗੁ ਮਲਾਰ | ਅੰਕ 1254-1293 |
| ਰਾਗੁ ਕਾਨੜਾ | ਅੰਕ 1294-1318 |
| ਰਾਗੁ ਕਲਿਆਨ | ਅੰਕ 1319-1326 |
| ਰਾਗੁ ਪ੍ਰਭਾਤੀ | ਅੰਕ 1327-1351 |
| ਰਾਗੁ ਜੈਜਾਵੰਤੀ | ਅੰਕ 1352-1353 |

ਗੁਰੂ ਗ੍ਰੰਥ ਜੀ ਦੇ ਇਨ੍ਹਾਂ 31 ਰਾਗਾਂ ਦੇ ਨਾਲ ਨਾਲ ਕਈ ਥਾਂ 'ਤੇ ਦੋ ਦੋ ਰਾਗਾਂ ਨੂੰ ਮਿਲਾ ਕੇ ਵਰਤਿਆ ਗਿਆ ਹੈ ਜਿਵੇਂ (1) ਗਉੜੀ ਮਾਝ, (2) ਆਸਾ ਕਾਫ਼ੀ, (3) ਤਿਲੰਗ ਕਾਫ਼ੀ (4) ਸੂਹੀ ਕਾਫ਼ੀ (5) ਸੂਹੀ ਲਲਿਤ (6) ਬਿਲਾਵਲ-ਗੌਂਡ (7) ਮਾਰੂ ਕਾਫ਼ੀ (8) ਬਸੰਤ ਹਿੰਡੋਲ (9) ਕਲਿਆਨ-ਭੋਪਾਲੀ (10) ਪ੍ਰਭਾਤੀ ਬਿਭਾਸ ਅਤੇ ਰਾਗ ਆਸਾ ਵਿਚ 'ਆਸਾਵਰੀ'। 31 ਰਾਗਾਂ ਤੋਂ ਇਲਾਵਾ ਇਹ ਛੇ ਰਾਗ ਹੋਰ ਵੀ ਵਰਤੇ ਗਏ ਹਨ : ਲਲਿਤ, ਆਸਾਵਰੀ, ਹਿੰਡੋਲ, ਭੋਪਾਲੀ, ਬਿਭਾਸ ਅਤੇ ਕਾਫ਼ੀ। ਇਸ ਤਰ੍ਹਾਂ ਰਾਗਾਂ ਦੀ ਕੁੱਲ ਸੰਖਿਆ 48 ਹੋ ਜਾਂਦੀ ਹੈ। ਆਦਿ ਬੀੜ ਵਿਚ ਰਾਗਾਂ ਨੂੰ ਗਾਇਨ ਕਰਨ ਲਈ 17 ਘਰ ਹਨ। ਘਰਾਂ ਦਾ ਸਬੰਧ 'ਤਾਲ' ਨਾਲ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਕਿਸੇ ਸ਼ਬਦ ਨੂੰ ਉਸੇ ਰਾਗ ਵਿਚ ਗਾਇਨ ਕਰਨਾ ਹੈ, ਜਿਸ ਵਿਚ



ਉਸਦਾ ਵਿਧਾਨ ਕੀਤਾ ਗਿਆ ਹੈ।

ਸੰਗੀਤ ਸ਼ਾਸਤਰ ਅਨੁਸਾਰ ਰਾਗਾਂ ਦੇ ਤਿੰਨ ਭੇਦ ਦੱਸੇ ਗਏ ਹਨ – ਸ਼ੁੱਧ, ਛਾਇਆ ਲਿੰਗਤ ਅਤੇ ਸੰਕੀਰਣ। ਇਨ੍ਹਾਂ ਤਿੰਨਾਂ ਦਾ ਪ੍ਰਯੋਗ ਆਦਿ ਗ੍ਰੰਥ ਵਿਚ ਵਿਦਮਾਨ ਹੈ। ਆਦਿ ਗ੍ਰੰਥ ਵਿਚ ਅੰਕਿਤ 31 ਰਾਗਾਂ ਦਾ ਸੰਗੀਤ-ਢੰਗ ਭਾਰਤੀ ਸਨਾਤਨੀ ਰਾਗ ਮਰਯਾਦਾ ਨਾਲੋਂ ਭਿੰਨ ਹੈ। ਗੁਰੂ ਗ੍ਰੰਥ ਸਾਹਿਬ ਦੇ ਕੁੱਝ ਰਾਗਾਂ ਦਾ ਸੁਰ ਬਿਲਕੁਲ ਨਵਾਂ ਤੇ ਨਿਖਰਵਾਂ ਹੈ ਜੋ ਭਾਰਤੀ ਸੰਗੀਤ-ਸ਼ਾਸਤਰ ਨੂੰ ਇੱਕ ਵੱਡੀ ਦੇਣ ਹੈ। ਇਸ ਵਿਚਲੇ ਰਾਗ ਪ੍ਰਬੰਧ ਨੇ ਭਾਰਤੀ ਰਾਗ ਵਿਦਿਆ ਦੀ ਸੰਸਕ੍ਰਿਤੀ ਨੂੰ ਨਾ ਕੇਵਲ ਸੰਭਾਲਿਆ ਹੈ, ਸਗੋਂ ਇਸ ਨੂੰ ਵਿਕਸਿਤ ਕਰਕੇ ਮਹਾਨ ਯੋਗਦਾਨ ਪਾਇਆ ਹੈ।

ਗੁਰੂ ਗ੍ਰੰਥ ਜੀ ਵਿਚ ਸ਼ਬਦ ਤੇ ਸੰਗੀਤ ਦਾ ਸੰਜੋਗ ਹੈ। ਦੈਵੀ ਸੰਦੇਸ਼ ਨੂੰ ਵਿਸ਼ੇਸ਼ ਰਾਗ ਤਾਲ ਵਿੱਚ ਸੰਜੋਇਆ ਗਿਆ ਹੈ। ਅਧਿਆਤਮਕ ਆਤਮਿਕ ਉਪਦੇਸ਼ ਨੂੰ ਸੰਗੀਤ ਦੇ ਸੁਰਾਂ ਨਾਲ ਰਸ-ਭਿੰਨਾ, ਮਧੁਰ ਅਤੇ ਸਾਰਗ੍ਰਾਹੀ ਬਣਾਇਆ ਹੈ। ਗੁਰਬਾਣੀ ਦੇ ਰਾਗ ਵਿਚ ਪ੍ਰਮਾਤਮਾ ਦੀ ਸੱਦ ਹੈ। ਇਹ ਸਿਰਜਨਹਾਰ ਦੀ ਇਲਾਹੀ ਧੁਨ ਹੈ, ਜਿਸ ਵਿੱਚ ਉਸਦੀ ਹੋਂਦ ਵਿਆਪਕ ਹੈ। ਇਸ ਦੇ ਰਾਗਮਈ ਬੋਲ ਮਾਨਵ ਨੂੰ ਸ਼ਾਂਤ ਅਤੇ ਡ੍ਰਾਵਤ ਭਾਵ ਨਾਲ ਜੀਵਨ ਦਾਨ ਦਿੰਦੇ ਹਨ ਅਤੇ ਸੁੱਕੇ ਮੰਡਲ ਵਿੱਚ ਬਹਾਰ ਦਾ ਖੇੜਾ ਉਤਪੰਨ ਕਰਦੇ ਹਨ।

(ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਅੰਕ 5)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿੱਚ (ਅੰਕ 1 ਤੋਂ 14 ਤੱਕ) ਨਿੱਤਨੇਮ ਦੀਆਂ ਬਾਣੀਆਂ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਿਮ ਭਾਗ ਵਿੱਚ (ਅੰਕ 1353 ਤੋਂ 1430 ਤੱਕ) ਰਾਗ ਮੁਕਤ ਬਾਣੀਆਂ ਦਰਜ ਹਨ। ਇਸ ਭਾਗ ਵਿੱਚ ਅੰਕਿਤ ਬਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਸਲੋਕ ਸਹਸਕ੍ਰਿਤੀ ਮਹਲਾ ੧ | ਅੰਕ 1353 |
| ਸਲੋਕ ਸਹਸਕ੍ਰਿਤੀ ਮਹਲਾ ੫ | ਅੰਕ 1353-1360 |
| ਗਾਥਾ ਮਹਲਾ ੫ | ਅੰਕ 1360-1361 |
| ਫੁਨਹੇ ਮਹਲਾ ੫ | ਅੰਕ 1361-1363 |
| ਚਉਬੋਲੇ ਮਹਲਾ ੫ | ਅੰਕ 1363-1364 |
| ਸਲੋਕ ਭਗਤ ਕਬੀਰ ਜੀਉ ਕੇ | ਅੰਕ 1364-1377 |
| ਸਲੋਕ ਸ਼ੇਖ ਫਰੀਦ ਕੇ | ਅੰਕ 1377-1384 |
| ਸਵਯੇ ਸ੍ਰੀ ਮੁਖ ਵਾਕ ਮਹਲਾ ੫ | ਅੰਕ 1385-1389 |
| ਸਵਈਏ ਭੱਟਾਂ ਕੇ | ਅੰਕ 1389-1409 |
| ਸਲੋਕ ਵਾਰਾਂ ਤੇ ਵਧੀਕ | ਅੰਕ 1410-1426 |
| ਸਲੋਕ ਮਹਲਾ ੯ | ਅੰਕ 1426-1429 |
| ਮੁੰਦਾਵਣੀ ਮਹਲਾ ੫ | ਅੰਕ 1429 |
| ਰਾਗ ਮਾਲਾ | ਅੰਕ 1429-1430 |

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦੀ ਭਾਸ਼ਾ ਪੰਜਾਬੀ, ਸਧੁਕੜੀ, ਪ੍ਰਾਕ੍ਰਿਤ, ਅਪਭ੍ਰੰਸ਼, ਬ੍ਰਜ, ਅਵਧੀ, ਗੁਜਰਾਤੀ, ਮਰਾਠੀ, ਬੰਗਲਾ ਅਤੇ ਫ਼ਾਰਸੀ ਆਦਿ ਦੇ ਸ਼ਬਦਾ ਦਾ ਮਿਸ਼ਰਨ ਹੈ। ਡਾ: ਟਰੰਪ ਨੇ ਇਸ ਨੂੰ ਪੁਰਾਤਨ ਹਿੰਦਵੀ ਉਪਭਾਸ਼ਾਵਾਂ ਦਾ ਖ਼ਜ਼ਾਨਾ ਕਿਹਾ ਹੈ, ਜਦ ਕਿ ਡਾ. ਈਸ਼ਵਰੀ ਪ੍ਰਸ਼ਾਦ ਇਸ ਨੂੰ ਸਭ ਤੋਂ ਮਹਾਨ (The

**Greatest Granth of Synthesis**), ਪਵਿੱਤਰ ਗ੍ਰੰਥ ਕਹਿੰਦਾ ਹੈ। ਜਿਸ ਅੱਗੇ ਸਤਿਕਾਰ ਨਾਲ ਆਪਣੇ ਆਪ ਮਸਤਕ ਝੁੱਕ ਜਾਂਦਾ ਹੈ। ਇਸ ਗ੍ਰੰਥ ਦਾ ਸਾਹਿਤਕ ਪੱਖ ਵੀ ਲਾਸਾਨੀ ਹੈ। ਡੰਕਨ ਗ੍ਰੀਨਲੀਜ਼ 'ਗੌਸਪਲ ਆਫ਼ ਦੀ ਗੁਰੂ ਗ੍ਰੰਥ ਸਾਹਿਬ' ਵਿੱਚ ਲਿਖਦਾ ਹੈ ਕਿ ਦੁਨੀਆਂ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਸਾਹਿਤਕ ਖੂਬਸੂਰਤੀ ਅਤੇ ਲਗਾਤਾਰ ਅਨੁਭਵੀ ਗਿਆਨ ਦੀ ਉਚਿਤਾ ਹੋਵੇ।

ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਵੇਰਵਿਆਂ ਦੇ ਸੰਦਰਭ ਵਿੱਚ ਇਸ ਨੂੰ ਮੱਧਕਾਲੀਨ ਭਾਰਤੀ ਸਭਿਅਤਾ ਦਾ ਮਹਾਨ ਸਰੋਤ ਅਤੇ ਕੋਸ਼ ਕਿਹਾ ਜਾ ਸਕਦਾ ਹੈ। ਗੁਰਬਾਣੀ ਨੂੰ ਸਮਝਣ ਲਈ ਪੁਰਾਤਨ ਭਾਰਤੀ ਭਾਸ਼ਾਵਾਂ ਅਤੇ ਗੁਰਬਾਣੀ ਦੇ ਵਿਆਕਰਣ ਦਾ ਜਾਣਨਾ ਬਹੁਤ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ :-

| | |
|---|---|
| ਗੁਰੂ ਨਾਨਕ ਦੇਵ ਜੀ | ਕੁਲ ਸ਼ਬਦ 974 |
| ਗੁਰੂ ਅੰਗਦ ਦੇਵ ਜੀ | ਸਲੋਕ 62 |
| ਗੁਰੂ ਅਮਰਦਾਸ ਜੀ | 907 |
| ਗੁਰੂ ਰਾਮਦਾਸ ਜੀ | 679 |
| ਗੁਰੂ ਅਰਜਨ ਦੇਵ ਜੀ | 2218 |
| ਗੁਰੂ ਤੇਗ ਬਹਾਦਰ ਜੀ | 116 ਸ਼ਬਦ ਅਤੇ ਸ਼ਲੋਕ |

ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ (ਵਿੱਚ) ਸ਼ਬਦ ਦੇ ਅਖ਼ੀਰ ਤੇ ਕਿਸੇ ਵੀ ਗੁਰੂ ਸਾਹਿਬ ਨੇ ਆਪਣਾ ਨਾਮ ਨਹੀਂ ਵਰਤਿਆ। ਸਗੋਂ ਸਾਰੀ ਬਾਣੀ 'ਨਾਨਕ' ਨਾਮ ਦੇ ਹੇਠ ਰਚੀ ਗਈ। ਇਸ ਗੱਲ ਦਾ ਨਖੇੜ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰੂ ਸਾਹਿਬ ਦੀ ਹੈ, ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਮਹਲਾ ਪਹਿਲਾ, ਗੁਰੂ ਅੰਗਦ ਦੇਵ ਜੀ ਦੀ ਬਾਣੀ ਨਾਲ ਮਹਲਾ ਦੂਜਾ, ਗੁਰੂ ਅਮਰਦਾਸ ਜੀ ਦੀ ਬਾਣੀ ਨਾਲ ਮਹਲਾ ਤੀਜਾ ਅਤੇ ਇਸੇ ਤਰ੍ਹਾਂ ਚੌਥੇ, ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬ ਦੀ ਬਾਣੀ ਨਾਲ ਮਹਲਾ ਚੌਥਾ, ਪੰਜਵਾਂ ਅਤੇ ਨੌਵਾਂ ਦਰਜ ਕਰ ਕੇ ਇਸ ਗੱਲ ਨੂੰ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਸਿੱਖ ਧਰਮ ਇਸ ਗੱਲ ਵਿੱਚ ਵਿਸ਼ਵਾਸ ਰਖਦਾ ਹੈ ਕਿ ਦਸ ਦੇ ਦਸ ਗੁਰੂ ਇਕੋ ਹੀ ਜੋਤਿ ਸਨ। ਕੇਵਲ ਉਹ ਸਰੀਰਕ ਜਾਮੇਂ ਹੀ ਬਦਲਦੇ ਰਹੇ। ਸਤੇ ਬਲਵੰਡ ਨੇ ਇਸ ਤੱਥ ਨੂੰ ਰਾਮਕਲੀ ਦੀ ਵਾਰ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ :-

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**
**(ਅੰਕ ੯੬੬)**

ਗੁਰੂ ਗ੍ਰੰਥ ਸਾਹਿਬ ਵਿੱਚ ਆਏ 31 ਰਾਗਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ, ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿੱਚ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਤੀਹ ਤੀਹ ਰਾਗਾਂ ਵਿੱਚ ਅਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਬਾਣੀ ਰਚੀ ਹੈ। ਇੱਕਤੀਵੇਂ ਰਾਗ ਜੈਜਾਵੰਤੀ ਦੀ ਵਰਤੋਂ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿੱਚ ਕੀਤੀ ਹੈ। ਗੁਰੂ ਅੰਗਦ ਦੇਵ ਜੀ ਨੇ ਰਾਗਾਂ ਵਿੱਚ ਬਾਣੀ ਨਹੀਂ ਉਚਾਰੀ, ਉਨ੍ਹਾਂ ਦੇ ਕੇਵਲ ਸ਼ਲੋਕ ਹੀ ਹਨ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਆਈਆਂ ਵਾਰਾਂ ਦੇ ਨਾਲ ਦਰਜ ਹਨ। ਹਿੰਦੂ ਅਤੇ ਮੁਸਲਮਾਨ ਭਗਤਾਂ ਵਿੱਚੋਂ ਆਕਾਰ ਦੇ ਲਿਹਾਜ਼ ਨਾਲ ਕਬੀਰ ਸਾਹਿਬ ਦੀ ਬਾਣੀ ਸਭ ਤੋਂ ਵੱਧ ਹੈ। ਕਬੀਰ ਅਤੇ ਨਾਮਦੇਵ ਜੀ ਨੇ 18 ਰਾਗਾਂ ਵਿੱਚ ਅਤੇ ਰਵਿਦਾਸ ਜੀ ਨੇ 16 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਹੈ। ਭਗਤ ਤ੍ਰਿਲੋਚਨ ਅਤੇ ਬੇਣੀ ਨੇ ਤਿੰਨ ਤਿੰਨ ਰਾਗਾਂ ਵਿੱਚ ਅਤੇ ਭਗਤ ਧੰਨਾ, ਜੈ ਦੇਵ ਅਤੇ ਫ਼ਰੀਦ ਜੀ ਨੇ ਦੋ ਦੋ ਰਾਗਾਂ ਵਿੱਚ ਬਾਣੀ ਰਚੀ ਹੈ। ਭਗਤ ਸੈਣ, ਪੀਪਾ, ਸਧਨਾ, ਰਾਮਾਨੰਦ, ਪਰਮਾਨੰਦ ਅਤੇ ਸੂਰਦਾਸ ਦੇ ਇੱਕ ਇੱਕ ਰਾਗ ਵਿੱਚ ਸ਼ਬਦ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ-ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :-

| | | |
|---|---|---|
| ਭਗਤ ਕਬੀਰ (ਜੁਲਾਹਾ) | ਉੱਤਰ ਪ੍ਰਦੇਸ਼ | 541 |
| ਭਗਤ ਫ਼ਰੀਦ (ਸੱਯਦ ਮੁਸਲਮਾਨ) | ਪੰਜਾਬ | 134 |
| ਭਗਤ ਨਾਮਦੇਵ (ਛੀਂਬਾ) | ਮਹਾਂਰਾਸ਼ਟਰ | 62 |
| ਭਗਤ ਰਵਿਦਾਸ (ਚਮਾਰ) | ਉੱਤਰ ਪ੍ਰਦੇਸ਼ | 41 |
| ਭਗਤ ਤ੍ਰਿਲੋਚਨ (ਬ੍ਰਾਹਮਣ) | ਮਹਾਰਾਸ਼ਟਰ | 4 |
| ਭਗਤ ਬੇਣੀ (ਬ੍ਰਾਹਮਣ) | ਬਿਹਾਰ | 3 |
| ਭਗਤ ਧੰਨਾ (ਜੱਟ) | ਰਾਜਸਥਾਨ | 4 |
| ਭਗਤ ਜੈਦੇਵ (ਬ੍ਰਾਹਮਣ) | ਬੰਗਾਲ | 2 |
| ਭਗਤ ਭੀਖਨ (ਮੁਸਲਮਾਨ) | ਉੱਤਰ ਪ੍ਰਦੇਸ਼ | 2 |
| ਭਗਤ ਸੈਣ (ਨਾਈ) | ਰੀਵਾ | 1 |
| ਭਗਤ ਪੀਪਾ (ਬ੍ਰਾਹਮਣ) | ਗੁਜਰਾਤ | 1 |
| ਭਗਤ ਸਧਨਾ (ਕਸਾਈ) | ਸਿੰਧ | 1 |
| ਭਗਤ ਰਾਮਾਨੰਦ (ਬ੍ਰਾਹਮਣ) | ਮਹਾਰਾਸ਼ਟਰ | 1 |
| ਭਗਤ ਪਰਮਾਨੰਦ (ਬ੍ਰਾਹਮਣ) | ਮਹਾਰਾਸ਼ਟਰ | 1 |
| ਭਗਤ ਸੂਰਦਾਸ (ਬ੍ਰਾਹਮਣ) | ਅਵਧ | 2 |

ਭਗਤਾਂ ਤੋਂ ਇਲਾਵਾ ਗੁਰੂ ਘਰ ਦੇ ਜਿਨ੍ਹਾਂ ਚਾਰ ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ, ਉਹ ਇਸ ਪ੍ਰਕਾਰ ਹੈ :

| | | |
|---|---|---|
| ਭਾਈ ਸੁੰਦਰ ਖ਼ਤਰੀ | ਪੰਜਾਬ | 6 ਪਦੇ (ਬੰਦ) |
| ਭਾਈ ਮਰਦਾਨਾ ਮਿਰਾਸੀ | ਪੰਜਾਬ | 3 ਪਦੇ |
| ਭਾਈ ਸੱਤਾ ਡੂਮ | ਪੰਜਾਬ | 3 ਪਉੜੀਆਂ |

ਭਾਈ ਬਲਵੰਡ ਰਾਅ ਭੱਟ ਪੰਜਾਬ 5 ਪਉੜੀਆਂ।

ਭਾਈ ਸੱਤਾ ਅਤੇ ਰਾਇ ਬਲਵੰਡ ਗੁਰੂਘਰ ਦੇ ਰਬਾਬੀ ਸਨ। ਰਾਗ ਰਾਮਕਲੀ ਵਿੱਚ ਦਰਜ ਇਨ੍ਹਾਂ ਦੀ ਵਾਰ ਨੂੰ 'ਟਿਕੇ ਦੀ ਵਾਰ' (ਅੰਕ 966-968) ਵੀ ਕਿਹਾ ਜਾਂਦਾ ਹੈ। ਇਸ ਵਾਰ ਵਿੱਚ ਗੁਰੂ ਪਰੰਪਰਾ ਅਤੇ ਮੁੱਢਲੇ ਸਿੱਖ ਇਤਿਹਾਸ ਬਾਰੇ ਕਈ ਠਿੱਗਰ ਸੰਕੇਤ ਮਿਲਦੇ ਹਨ। ਇਸ ਵਾਰ ਦਾ ਵਿਸ਼ਾ ਗੁਰੂ-ਜੋਤਿ ਦੀ ਏਕਤਾ ਹੈ ਜੋ ਕਾਇਆ ਪਲਟਣ ਨਾਲ ਬਦਲਦੀ ਨਹੀਂ। ਬਾਬਾ ਸੁੰਦਰ ਜੀ ਦੁਆਰਾ ਰਚਿਤ 'ਸੱਦ' (ਰਾਮਕਲੀ, ਅੰਕ 923-924) ਵੀ ਇਤਿਹਾਸਕ ਦ੍ਰਿਸ਼ਟੀ ਤੋਂ ਬੜੀ ਅਹਿਮੀਅਤ ਰੱਖਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ (ਅੰਕ 1389-1409 ਤੱਕ) ਭੱਟਾਂ ਦੇ ਸਵੱਯੇ ਅੰਕਿਤ ਹਨ। 'ਸਵੱਈਏ' ਮਹਲੇ ਤੀਜੇ ਕੇ' ਵਿੱਚ ਭਾਈ ਭਿੱਖੇ ਦੇ ਦੋ ਛੰਦ ਦਰਜ ਹਨ ਜਿਨ੍ਹਾਂ ਵਿੱਚ ਉਹ ਕਹਿੰਦਾ ਹੈ :-

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**(ਅੰਕ ੧੩੯੫)**

ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆ ਜਾਣ ਮਗਰੋਂ ਭਿੱਖੇ ਦੀ ਇਹ ਭਟਕਣ ਮੁੱਕ ਗਈ। ਉਸਦਾ ਮਨ ਸ਼ਾਂਤ ਤੇ ਨਿਰਮਲ ਹੋ ਗਿਆ। ਉਪਰਲੇ ਬੰਦ ਵਿੱਚ ਪ੍ਰਗਟ ਕੀਤੀ ਰੀਝ ਅਤੇ ਲਗਨ ਦੱਸਦੀ ਹੈ ਕਿ ਭਿੱਖਾ ਨਿਰਾਪੁਰਾ ਜੱਸ ਗਾਉਣ ਵਾਲਾ ਭੱਟ ਨਹੀਂ ਸੀ, ਸਗੋਂ ਪਰਮਾਰਥ ਦਾ ਸੱਚਾ ਪੰਧਾਊ ਸੀ। ਉਸ ਦੀ ਆਤਮ-ਛੋਹ ਨੇ ਅੱਗੇ ਉਸਦੇ ਪੁੱਤਰਾਂ ਅਤੇ ਭਤੀਜਿਆਂ ਵਿੱਚ ਇਹ ਲਗਨ ਲਗਾਈ ਤੇ ਉਹ ਸੰਤ ਕਵੀ ਹੋ ਕੇ ਗੁਰੂ ਜੋਤਿ ਦੇ ਗੀਤ ਗਾਉਣ ਲੱਗ ਪਏ। ਜਿਨ੍ਹਾਂ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਹ ਇਸ ਪ੍ਰਕਾਰ ਹਨ :-

| | |
|---|---|
| ਭੱਟ ਕਲਸਹਾਰ | 54 ਸਵੱਯੇ |
| ਭੱਟ ਜਾਲ੍ਹਪ | 5 ਸਵੱਯੇ |
| ਭੱਟ ਕੀਰਤ | 8 ਸਵੱਯੇ |
| ਭੱਟ ਭਿੱਖਾ | 2 ਸਵੱਯੇ |
| ਭੱਟ ਸੱਲ੍ਹ | 3 ਸਵੱਯੇ |
| ਭੱਟ ਭੱਲ੍ਹ | 1 ਸਵੱਯੇ |
| ਭੱਟ ਨੱਲ੍ਹ | 16 ਸਵੱਯੇ |
| ਭੱਟ ਗਯੰਦ | 13 ਸਵੱਯੇ |
| ਭੱਟ ਮਥਰਾ | 14 ਸਵੱਯੇ |
| ਭੱਟ ਬੱਲ੍ਹ | 5 ਸਵੱਯੇ |
| ਭੱਟ ਹਰਿਬੰਸ | 2 ਸਵੱਯੇ |
| ਕੁਲ ਜੋੜ | 123 ਸਵੱਯੇ |

ਇਨ੍ਹਾਂ ਭੱਟ ਕਵੀਆਂ ਅਥਵਾ ਇਨ੍ਹਾਂ ਦੀ ਸੰਤਾਨ ਵਿੱਚੋਂ ਕਈਆਂ ਨੇ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੁਗਲਾਂ ਨਾਲ ਹੋਈਆਂ ਲੜਾਈਆਂ ਵਿੱਚ ਭਾਗ ਲੈ ਕੇ ਸੂਰਮਗਤੀ ਦੇ ਜੌਹਰ ਵਿਖਾਏ ਸਨ। ਕੀਰਤ ਭੱਟ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਮੁਖ਼ਲਿਸ ਖਾਂ ਵਿਰੁੱਧ ਲੜੀ ਗਈ ਲੜਾਈ ਵਿੱਚ ਅੰਮ੍ਰਿਤਸਰ ਵਿਖੇ ਸ਼ਹੀਦ ਹੋਇਆ ਸੀ। ਇਸੇ ਤਰ੍ਹਾਂ ਕੇਸੋ ਸਿੰਘ, ਹਰੀ ਸਿੰਘ ਤੇ ਦੇਸੂ ਸਿੰਘ ਤਿੰਨੇ ਸਕੇ ਭਾਈ ਅਤੇ ਕੇਸੋ ਸਿੰਘ ਦਾ ਪੁੱਤਰ ਨਰਬਦ ਸਿੰਘ ਅਤੇ ਹਰੀ ਸਿੰਘ ਦੇ ਪੁੱਤਰ ਤਾਰਾ ਸਿੰਘ, ਸੇਵਾ ਸਿੰਘ ਤੇ ਦੇਵਾ ਸਿੰਘ, ਸੱਤੋ ਭੱਟ-ਸਿੱਖ ਹੋਣ ਦੇ ਕਰ ਕੇ ਪਰਗਣਾ ਲਾਹੌਰ ਦੇ ਅਲੋਵਾਲ ਮੁਕਾਮ 'ਤੇ ਨਾਜ਼ਮ ਅਸਲਮ ਖਾਂ ਦੇ ਹੁਕਮ ਨਾਲ ਧਰਤੀ ਵਿੱਚ ਗੱਡ ਕੇ ਸ਼ਹੀਦ ਕਰ ਦਿੱਤੇ ਗਏ ਸਨ। ਇਨ੍ਹਾਂ ਸ਼ਹੀਦ ਭੱਟਾਂ ਦਾ ਜ਼ਿਕਰ ਪਿਆਰਾ ਸਿੰਘ ਪਦਮ ਨੇ ਆਪਣੇ ਇੱਕ ਲੇਖ 'ਆਦਿ ਗੁਰੂ ਗ੍ਰੰਥ ਦੇ ਯੋਗਦਾਨੀ' ਵਿੱਚ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਲ 22 ਵਾਰਾਂ ਹਨ। ਇਨ੍ਹਾਂ ਵਿੱਚੋਂ ਤਿੰਨ ਵਾਰਾਂ ਗੁਰੂ ਨਾਨਕ ਦੇਵ ਜੀ, ਚਾਰ ਵਾਰਾਂ ਗੁਰੂ ਅਮਰਦਾਸ ਜੀ, ਅੱਠ ਵਾਰਾਂ ਗੁਰੂ ਰਾਮਦਾਸ ਜੀ, ਛੇ ਵਾਰਾਂ ਗੁਰੂ ਅਰਜਨ ਦੇਵ ਜੀ ਅਤੇ ਰਾਗ ਰਾਮਕਲੀ ਵਿੱਚ ਦਰਜ ਇੱਕ ਵਾਰ ਸੱਤੇ ਬਲਵੰਡ ਦੀ ਰਚਨਾ ਹੈ। ਬਾਈ ਵਾਰਾਂ ਵਿੱਚੋਂ ਨੌਂ ਵਾਰਾਂ ਦੇ ਮੁੱਢ ਵਿੱਚ, ਜੋਧਿਆਂ ਦੀਆਂ ਵਾਰਾਂ ਦੇ ਨਾਉਂ ਦੇ ਕੇ ਸੰਕੇਤ ਦਿੱਤਾ ਗਿਆ ਹੈ। ਵਾਰਾਂ ਨੂੰ ਵਿਸ਼ੇਸ਼ ਧੁੰਨਾਂ ਤੇ ਗਾਉਣ ਦੀ ਚੋਣ ਵੀ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਕੀਤੀ ਸੀ। ਜਿਨ੍ਹਾਂ ਨੌਂ ਵਾਰਾਂ ਨੂੰ ਵਿਸ਼ੇਸ਼ ਧੁੰਨਾਂ ਤੇ ਗਾਉਣ ਦਾ ਆਦੇਸ਼ ਹੈ, ਉਹ ਹਨ :-

1. ਮਾਝ ਕੀ ਵਾਰ, ਮਹਲਾ ੧ (ਅੰਕ 137)
   ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ
2. ਗਉੜੀ ਕੀ ਵਾਰ, ਮਹਲਾ ੧ (ਅੰਕ 318)
   ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨੀ ਉਪਰਿ ਗਾਵਣੀ।
3. ਆਸਾ ਦੀ ਵਾਰ, ਮਹਲਾ ੧ (ਅੰਕ 462)
   ਟੁੰਡੇ ਅਸਰਾਜੈ ਕੀ ਧੁਨੀ।
4. ਗੂਜਰੀ ਕੀ ਵਾਰ, ਮਹਲਾ ੩ (ਅੰਕ 508)
   ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਵਣੀ।
5. ਵਡਹੰਸ ਕੀ ਵਾਰ, ਮਹਲਾ ੧ (ਅੰਕ 585)
   ਲਲਾ ਬਹਿਲੀਮਾ ਕੀ ਧੁਨੀ ਗਾਵਣੀ।
6. ਰਾਮਕਲੀ ਕੀ ਵਾਰ, ਮਹਲਾ ੩ (ਅੰਕ 947)
   ਜੋਧੈ ਵੀਰੈ ਪੂਰਬਾਣੀ ਕੀ ਧੁਨੀ।

7. ਸਾਰੰਗ ਕੀ ਵਾਰ, ਮਹਲਾ ੪ (ਅੰਕ 1237)
ਰਾਇ ਮਹਿਮੇ ਹਸਨੇ ਕੀ ਧੁਨਿ।

8. ਮਲ੍ਹਾਰ ਕੀ ਵਾਰ, ਮਹਲਾ ੧ (ਅੰਕ 1278)
ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨਿ।

9. ਕਾਨੜੇ ਦੀ ਵਾਰ, ਮਹਲਾ ੪ (ਅੰਕ 1312)
ਮੂਸੇ ਕੀ ਵਾਰ ਕੀ ਧੁਨੀ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੀ ਬਾਣੀ ਦੀ ਤਰਤੀਬ ਇਸ ਪ੍ਰਕਾਰ ਰਖੀ ਗਈ ਹੈ। ਨਿੱਤਨੇਮ ਦੀਆਂ ਬਾਣੀਆਂ (ਜਪੁ, ਸੋਦਰ, ਕੀਰਤਨ ਸੋਹਿਲਾ) ਪਦੇ (ਇਸਦੇ ਅੰਤਰਗਤ 31 ਰਾਗਾਂ ਹੇਠ ਅੰਕਿਤ ਸਾਰੇ ਬਾਣੀਕਾਰਾਂ ਦੇ ਵਿਭਿੰਨ ਪਦੇ ਆ ਜਾਂਦੇ ਹਨ ਜਿਹਾ ਕਿ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਅਤੇ ਸਤਪਦੇ ਆਦਿ), ਅਸ਼ਟਪਦੀਆਂ, ਛੰਤ, ਅਸਫੋਟਕ ਰਚਨਾਵਾਂ, ਲੰਮੀਆਂ ਰਚਨਾਵਾਂ, ਵਾਰਾਂ, ਸ਼ਲੋਕ ਅਤੇ ਰਾਗ ਬੰਦਿਸ਼ ਰਹਿਤ ਬਾਣੀਆਂ। ਆਦਿ ਗੁਰੂ ਗ੍ਰੰਥ ਸਾਹਿਬ ਦੇ 1429-1430 ਪੰਨੇ 'ਤੇ ਰਾਗ ਮਾਲਾ ਅੰਕਿਤ ਹੈ। ਰਾਗ ਮਾਲਾ ਦਾ ਆਦਿ ਗੁਰੂ ਗ੍ਰੰਥ ਸਾਹਿਬ ਦੇ ਵਸਤੂ-ਵਿਚਾਰ ਨਾਲ ਕੋਈ ਸੰਬੰਧ ਨਹੀਂ ਅਤੇ ਨਾ ਹੀ ਇਹ ਰਚਨਾ ਕਿਸੇ ਰਾਗ ਵਿੱਚ ਲਿਖੀ ਗਈ ਹੈ। ਰਾਗ ਮਾਲਾ ਵਿੱਚ ਰਾਗ ਪ੍ਰਵਾਰ ਦਾ ਤਤਕਰਾ ਹੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਬਾਣੀਆਂ ਜਿਨ੍ਹਾਂ ਨੂੰ ਨਿੱਤਨੇਮ ਅਥਵਾ ਖੁਸ਼ੀ ਜਾਂ ਗਮੀਂ ਦੇ ਮੌਕੇ ਤੇ ਪੜ੍ਹਿਆ ਅਤੇ ਗਾਇਆ ਜਾਂਦਾ ਹੈ, ਉਹ ਹਨ :-

| | |
|---|---|
| ਜਪੁ (ਜਪੁਜੀ ਸਾਹਿਬ) | ਅੰਕ 1-8 |
| ਬਾਰਹਮਾਹ ਮਾਝ ਮਹਲਾ ੫ | ਅੰਕ 133-136 |
| ਗਉੜੀ ਸੁਖਮਨੀ ਮਹਲਾ ੫ | ਅੰਕ 262-296 |
| ਆਸਾ ਦੀ ਵਾਰ ਮਹਲਾ ੧ | ਅੰਕ 462-475 |
| ਲਾਵਾਂ (ਸੂਹੀ ਮਹਲਾ ਚੌਥਾ) | ਅੰਕ 773-774 |
| ਅਨੰਦੁ ਸਾਹਿਬ | ਅੰਕ 917-922 |
| ਸਦੁ (ਰਾਮਕਲੀ) ਸੁੰਦਰ | ਅੰਕ 923-924 |
| ਸਲੋਕ ਮਹਲਾ ੯ | ਅੰਕ 1426-1429 |

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਤਰਤੀਬ ਦੇਣ ਮਗਰੋਂ, ਸਲੋਕ ਮਹਲਾ ਨੌਵਾਂ ਤੋਂ ਬਾਅਦ 'ਮੁੰਦਾਵਣੀ' ਦਾ ਸ਼ਬਦ ਦਰਜ ਕੀਤਾ ਗਿਆ ਹੈ। ਮਹਾਨ ਕੋਸ਼ ਅਨੁਸਾਰ ਇਹ ਮੋਹਰ ਛਾਪ ਲਾਉਣ ਦੀ ਕ੍ਰਿਆ ਹੈ। ਇਹ ਸ਼ਬਦ ਆਪਣੇ ਆਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦਾ ਐਲਾਨ ਹੈ। ਇਸ ਵਿਚ ਸਤੁ, ਸੰਤੋਖ ਅਤੇ ਨਾਮ ਰੂਪੀ 'ਭੋਜਨ' ਨੂੰ ਪਰੋਸਿਆ ਗਿਆ ਹੈ, ਜਿਸਦੇ ਨਿਤਾ ਪ੍ਰਤੀ ਸੇਵਨ ਨਾਲ ਮਨੁੱਖ ਦੁਨਿਆਵੀ ਭੁੱਖਾਂ ਤੋਂ ਉਤਾਂਹ ਉਠ ਕੇ ਰੱਬ ਨਾਲ ਇੱਕ ਮਿੱਕ ਹੋ ਸਕਦਾ ਹੈ। ਇਹ ਵਸਤਾਂ ਕੁੱਲ ਕਾਇਨਾਤ ਦਾ ਆਸਰਾ ਹਨ। ਜੋ ਕੋਈ ਇਸ ਗ੍ਰੰਥ ਵਿਚ ਦਰਜ ਬਾਣੀ ਨੂੰ ਪੜ੍ਹੇਗਾ, ਇਸ ਤੇ ਵਿਚਾਰ ਕਰੇਗਾ ਤੇ ਸਤਿ, ਸੰਤੋਖ ਅਤੇ ਨਾਮ ਰੂਪੀ ਭੋਜਨ ਨੂੰ ਪਚਾ ਕੇ ਵਰਤੇਗਾ, ਉਸ ਦੀ ਕਲਿਆਨ ਹੋਵੇਗੀ।

**ਮੁੰਦਾਵਣੀ ਮਹਲਾ ੫ ॥**
**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ**
**ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ**
**ਸਭੁ ਨਾਨਕ ਬ੍ਰਹਮ ਪਸਾਰੋ ॥ ੧ ॥**

**(ਅੰਕ ੧੪੨੯)**

ਗੁਰੂ ਗ੍ਰੰਥ ਸਾਹਿਬ ਜੀ ਕੇਵਲ ਪਰਲੋਕ ਦੀ ਅਗਵਾਈ ਲਈ ਹੀ ਨਹੀਂ ਸਗੋਂ ਇਸ ਲੋਕ ਨੂੰ ਵੀ ਸੁਧਾਰਨ ਅਤੇ ਸਮਾਜਿਕ ਤੌਰ ਤੇ ਜੀਵਨ ਨੂੰ ਉਚੇਰਾ ਕਰਨ ਲਈ ਵੀ ਉਤਨਾ ਹੀ ਪ੍ਰਯਤਨਸ਼ੀਲ ਹਨ, ਜਿਤਨਾ ਕਿ ਮੁਕਤੀ ਲਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਰਚਨਾ ਅਕਾਲ ਪੁਰਖ ਦੇ ਆਪਣੇ ਬੋਲ ਹਨ। 'ਸ਼ਬਦ' ਪ੍ਰਮਾਤਮਾ ਦਾ ਆਪਣਾ ਬਚਨ ਹੈ। ਇਹ ਆਤਮਿਕ ਅਨੁਭਵ ਹੈ ਜੋ ਨਾਮ ਜਪਣ ਵਾਲੇ ਗੁਰੂਆਂ, ਭਗਤਾਂ ਅਤੇ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋਇਆ ਹੈ। ਪ੍ਰਭੂ ਦਾ ਸ਼ਬਦ ਗਿਆਨ ਰੂਪੀ ਦੀਵੇ ਵਾਂਗ ਹੈ ਜੋ ਜੀਵ ਦੇ ਮਨ ਦਾ ਅੰਧੇਰਾ ਦੂਰ ਕਰਕੇ ਆਤਮ ਪ੍ਰਕਾਸ਼ ਕਰ ਦਿੰਦਾ ਹੈ।

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**(ਅੰਕ ੭੨੨)**

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**

**(ਅੰਕ ੬੨੮)**

ਅਥਵਾ :

**ਸਬਦੁ ਦੀਪਕੁ ਵਰਤੈ ਤਿਹੁ ਲੋਇ ॥**
**ਜੋ ਚਾਖੈ ਸੋ ਨਿਰਮਲੁ ਹੋਇ ॥**

**(ਅੰਕ ੬੬੪)**

**ਗੁਰਬਾਣੀ ਇਸੁ ਜਗ ਮਹਿ ਚਾਨਣੁ**
**ਕਰਮਿ ਵਸੈ ਮਨਿ ਆਏ ॥ ੧ ॥**

**(ਅੰਕ ੬੭)**

**ਸਤਿਗੁਰ ਸਬਦਿ ਉਜਾਰੋ ਦੀਪਾ ॥**
**ਬਿਨਸਿਓ ਅੰਧਕਾਰ ਤਿਹ ਮੰਦਰਿ**
**ਰਤਨ ਕੋਠੜੀ ਖੁਲ੍ਹੀ ਅਨੂਪਾ ॥ ੧ ॥ ਰਹਾਉ ॥**

**(ਅੰਕ ੮੨੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਅਤੇ ਵਿਸ਼ਵ ਏਕਤਾ

ਦਾ ਗ੍ਰੰਥ ਹੈ। ਇਹ ਗ੍ਰੰਥ ਧਾਰਮਿਕ ਰਵਾਦਾਰੀ ਅਤੇ ਸਹਿਨਸ਼ੀਲਤਾ ਦੀ ਅਨੂਪਮ ਮਿਸਾਲ ਹੈ। ਇਸ ਦਾ ਪ੍ਰਤੱਖ ਸਬੂਤ ਇਸ ਦੀ ਬਾਣੀ ਅਤੇ ਬਣਤਰ ਹੈ ਜਿਸ ਵਿਚ ਸਾਰੇ ਸੰਸਾਰ ਦੀ ਆਤਮਾ ਧੜਕਦੀ ਅਤੇ ਖੁਸ਼ਬੂ ਵੰਡਦੀ ਦਿਖਾਈ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਇਸਦੇ ਅੰਦਰ ਦੀ ਵਿਚਾਰਧਾਰਾ -ਮਨੁੱਖ, ਰੱਬ, ਕੁਦਰਤ, ਸੰਸਾਰ ਅਤੇ ਸਮਾਜ ਦੇ ਆਪਸੀ ਸਬੰਧਾਂ ਨੂੰ ਬਿਆਨ ਕਰਦੀ ਹੋਈ ਸਮੁੱਚੇ ਸੰਸਾਰ ਨੂੰ ਇਕ ਲੜੀ ਵਿਚ ਪਰੋਣ ਦਾ ਸਫਲ ਯਤਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸਿਧਾਂਤ ਗੈਰ ਸੰਪਰਦਾਇਕ ਹਨ। ਭੇਖਾਂ, ਰਸਮਾਂ, ਚਿੰਨ੍ਹਾਂ, ਮੰਤਰਾਂ ਅਤੇ ਤੀਰਥਾਂ ਨੂੰ ਇਨ੍ਹਾਂ ਵਿਚ ਕੋਈ ਥਾਂ ਨਹੀਂ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

**ਕਰਮ ਧਰਮ ਨੇਮ ਬ੍ਰਤ ਪੂਜਾ ॥**
**ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥ ੨ ॥**

**(ਅੰਕ ੧੯੯)**

ਵਿਸਮਾਦੁ ਨਾਦ ਵਿਚ ਡਾ. ਜੋਧ ਸਿੰਘ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਨੇ ਜਿਥੇ ਇਕ ਪਾਸੇ ਪੱਤ-ਵਿਹੀਨ ਜੀਵਨ ਨੂੰ ਮਾੜਾ ਕਿਹਾ, ਉਥੇ ਨਾਲ ਹੀ ਕਰਮਕਾਂਡਾਂ ਅਤੇ ਵਰਣ ਵਿਵਸਥਾ ਦੇ ਬੰਧਨਾਂ ਤੋਂ ਭਾਰਤ ਵਾਸੀਆਂ ਨੂੰ ਨਿਜਾਤ ਵੀ ਦਿਲਾਈ। ਗੁਰੂ ਗ੍ਰੰਥ ਵਿਚਲੀ ਬਾਣੀ ਨੇ ਗੁਲਾਮ ਬਿਰਤੀ ਵਾਲੇ ਰਾਸ਼ਟਰ ਨੂੰ ਝੰਜੋੜਿਆ ਵੀ ਤੇ ਲੋਕਾਂ ਨੂੰ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਵੀ ਪ੍ਰਦਾਨ ਕੀਤੀ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਬ੍ਰਹਮ ਗਿਆਨ ਤੋਂ ਉਪਜੀ ਸ਼ਕਤੀ ਨੂੰ ਆਮ ਲੋਕਾਂ ਦੀ ਭਲਾਈ ਹਿਤ ਵਰਤਣ ਲਈ ਸਦਾ ਤਿਆਰ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਇਹ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਹੀ ਸਨ, ਜਿਨ੍ਹਾਂ ਦੇ ਆਧਾਰ ਤੇ ਮੀਰੀ ਪੀਰੀ ਅਤੇ ਭਗਤੀ ਸ਼ਕਤੀ ਦਾ ਇਕੋ ਸ਼ਖ਼ਸੀਅਤ ਵਿਚ ਹੋਣ ਦਾ ਸੰਕਲਪ ਉਭਾਰਿਆ ਗਿਆ ਅਤੇ ਸੰਤ ਸਿਪਾਹੀ ਦੇ ਰੂਪ ਵਿਚ ਪੰਜਾਬ-ਵਾਸੀਆਂ ਨੇ ਭਾਰਤ ਦੇ ਲੋਕਾਂ ਨੂੰ ਇਕ ਨਵੀਂ ਸੇਧ ਦਿੱਤੀ। ਇਹ ਦੇਸ਼ ਦੇ ਕੌਮੀ ਜੀਵਨ ਵਿਚ ਇਕ ਇਨਕਲਾਬੀ ਪ੍ਰੀਵਰਤਨ ਸੀ, ਜਿਸਦਾ ਸਿੱਟਾ 1699 ਈ. ਵਿਚ ਖਾਲਸਾ ਪੰਥ ਦੀ ਸਿਰਜਨਾ ਦੇ ਰੂਪ ਵਿਚ ਪ੍ਰਗਟ ਹੋਇਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਸ਼ਬਦ ਗੁਰੂ ਸਿਧਾਂਤ ਸੀ, ਜਿਸ ਨੇ ਦੇਹਧਾਰੀ ਗੁਰੂਆਂ ਦੀ ਪਰੰਪਰਾ ਅਤੇ ਉਸ ਤੋਂ ਉਤਪੰਨ ਹੋ ਸਕਣ ਵਾਲੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਿਆ ਅਤੇ ਸ਼ਬਦ (ਬਾਣੀ) ਨੂੰ ਹੀ ਗੁਰੂ ਮੰਨਣ ਦੀ ਲੀਹ ਤੋਰ ਕੇ ਸਵਿਧਾਨਤਾ ਨੂੰ ਵਿਅਕਤੀਵਾਦ ਤੋਂ ਉੱਚਾ ਰੱਖਣ ਦੀ ਪਰੰਪਰਾ ਚਲਾਈ।

ਗੁਰੂ ਗ੍ਰੰਥ ਸਾਹਿਬ ਰਤਨਾਂ ਦਾ ਖ਼ਜ਼ਾਨਾ ਹੈ। ਜਿਤਨਾਂ ਕੋਈ ਗਹਿਰਾਈ ਵਿਚ ਜਾਣ ਦੀ ਕੋਸ਼ਿਸ਼ ਕਰੇਗਾ, ਉਤਨੇ ਹੀ ਅਮੋਲਕ ਰਤਨ (ਨਾਮ ਰੂਪੀ ਪਦਾਰਥ) ਉਸਨੂੰ ਪ੍ਰਾਪਤ ਹੋਣਗੇ।

ਨੋਬਲ ਪੁਰਸਕਾਰ ਵਿਜੇਤਾ ਪਰਲ ਬੱਕ ਦੇ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਕ ਅਚੰਭੇ ਦੀ ਨਵੀਨਤਾ ਹੈ। ਇਹ ਬਾਣੀ ਸਾਰੇ ਸੰਸਾਰ ਲਈ ਸਾਂਝੀ ਹੈ। ਗੁਰੂ ਗ੍ਰੰਥ ਸਾਹਿਬ ਇਕ ਮਹਾਨ ਗ੍ਰੰਥ ਹੈ ਜੋ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਾਰ ਸਮੁੱਚੀ ਮਨੁੱਖਤਾ ਨੂੰ ਉਪਦੇਸ਼ ਦਿੰਦਾ ਹੈ ਅਤੇ ਆਪਣੇ ਅਸਲ ਸੋਮੇ ਨਾਲ ਅਭੇਦ ਹੋਣ ਦਾ ਰਾਹ ਦਰਸਾਂਦਾ ਹੈ। ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਗ੍ਰੀਨਲੀਜ਼ ਲਿਖਦੇ ਹਨ ਕਿ ਸਿੱਖ ਇਕ 'ਰਹਣੀ' ਧਰਮ ਹੈ, ਜਿਹੜਾ ਮਨੁੱਖ ਨੂੰ ਆਪਣੇ ਨਿਸ਼ਾਨੇ ਤੇ ਲੈ ਜਾਣ ਲਈ ਸਿੱਧਾ ਰਸਤਾ ਦੱਸਦਾ ਹੈ। ਸਿੱਖ ਧਰਮ ਫ਼ੋਕੇ ਤਰਕ, ਵਿਵਾਦ ਅਤੇ ਫ਼ਜ਼ੂਲ ਦੇ ਬਖੇੜੇ ਵਿਚ ਨਹੀਂ ਪੈਂਦਾ। ਉਸ ਨੇ ਅੱਗੇ ਚੱਲ ਕੇ ਲਿਖਿਆ ਹੈ ਕਿ ਜਿਤਨਾ ਹੀ ਮੈਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਿਚ ਅਗਾਂਹ ਵਧਦਾ ਗਿਆ, ਉਤਨਾ ਹੀ ਮੇਰਾ ਪਿਆਰ ਅਤੇ ਸਤਿਕਾਰ ਇਸ ਬਾਣੀ ਲਈ ਵਧਦਾ ਗਿਆ। ਸੰਸਾਰ ਦੇ ਧਰਮ ਗ੍ਰੰਥਾਂ ਵਿਚੋਂ ਸ਼ਾਇਦ ਹੀ ਹੋਰ ਕੋਈ ਅਜਿਹਾ ਗ੍ਰੰਥ ਹੋਵੇ ਜੋ ਬਾਣੀ ਦੀ ਉਚਾਈ ਵਿਚ ਜਾਂ ਲਗਾਤਾਰ ਪ੍ਰੇਰਨਾ ਦੇਣ ਦੀ ਖੁਸ਼ੀ ਵਿਚ ਇਸ ਹੱਦ ਤੱਕ ਪੁਜਿਆ ਹੋਵੇ। ਪ੍ਰੋ. ਪੂਰਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਵਗਦੀ ਨੈਂ ਕਿਹਾ ਹੈ ਜਿਸ ਵਿਚ ਸੱਚ, ਸੰਤੋਖ ਤੇ ਅੰਮ੍ਰਿਤਮਈ ਨਾਮ ਦਾ ਪ੍ਰਵਾਹ ਚੱਲ ਰਿਹਾ ਹੈ। ਇਸ ਨੈਂ ਦਾ ਜਲ ਸਵੱਛ, ਸੀਤਲ ਅਤੇ ਨਿਰਮਲ ਹੈ, ਜਿਸਦਾ ਵਹਾ ਆਪਣੇ ਸੋਮੇਂ ਤੋਂ ਸਾਗਰ ਵਿਚ ਸਮਾਉਣ ਤਕ ਇਕ ਰਸ ਤੇ ਇਕੋ ਚਾਲ ਵਹਿ ਰਿਹਾ ਹੈ। ਡਾ. ਟਾਇਨਬੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੀ ਮਨੁੱਖਤਾ ਦਾ ਸਾਂਝਾ ਆਤਮਿਕ ਭੰਡਾਰ ਕਹਿ ਕੇ ਇਸ ਦੀ ਉੱਚਤਾ ਅਤੇ ਵਡਿਆਈ ਨੂੰ ਬਿਆਨ ਕੀਤਾ ਹੈ।

ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ : ਆਉਣ ਵਾਲੇ ਸਮੇਂ ਵਿੱਚ ਇਹ ਗ੍ਰੰਥ ਵਿਸ਼ਵ ਨੂੰ ਬਹੁਤ ਕੁੱਝ ਦੇਣ ਦੀ ਸਮਰਥਾ ਰੱਖਦਾ ਹੈ।

ਡਾ. ਟਾਇਨਬੀ ਲਿਖਦੇ ਹਨ : ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਤਮਿਕ ਅਤੇ ਸਦਾਚਾਰਕ ਰਹਿਨੁਮਾਈ ਦਾ ਅਨਮੋਲ ਖ਼ਜ਼ਾਨਾ ਹੈ। ਸੰਸਾਰ ਦੀ ਰਹੱਸਵਾਦੀ ਅਤੇ ਅਧਿਆਤਮਿਕ ਰਚਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਨ ਵਿਲੱਖਣ ਅਤੇ ਵਿਸ਼ੇਸ਼ ਹੈ। ਬਾਣੀ ਦੀ ਰੌਸ਼ਨੀ ਵਿਚ ਤੁਰ ਕੇ ਹੀ ਅਸੀਂ ਸਾਰੇ ਵਿਸ਼ਵ ਵਿਚ ਸੁੱਖ ਸ਼ਾਂਤੀ ਅਤੇ ਅਮਨ ਦੀਆਂ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ :

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥**

**(ਅੰਕ ੧੨੯੯)**

– ਡਾ. ਹਰਬੰਸ ਸਿੰਘ ਚਾਵਲਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਾਡਾ ਪਿਆਰਾ ਦੇਸ਼ ਭਾਰਤ ਰੂਹਾਨੀਅਤ ਦੀ ਧਰਤੀ ਹੈ। ਇਸ ਪਾਕ ਧਰਤੀ ਤੇ ਵੱਖ-ਵੱਖ ਧਰਮਾਂ ਦਾ ਜਨਮ ਵੱਖ-ਵੱਖ ਸਮੇਂ 'ਤੇ ਹੋਇਆ। ਧਰਮ ਸੱਚਾ ਮਾਰਗ ਹੈ। ਧਰਮ ਦੀ ਸਥਾਪਤੀ ਲਈ ਦੋ ਚੀਜ਼ਾਂ ਦੀ ਮੁੱਖ ਲੋੜ ਹੁੰਦੀ ਹੈ- ਇਕ ਕੇਂਦਰੀ ਧਰਮ ਅਸਥਾਨ ਤੇ ਦੂਜਾ ਉਸ ਦਾ ਧਰਮ ਗ੍ਰੰਥ। ਧਰਮਾਂ ਦੇ ਅਧਿਐਨ ਤੋਂ ਅਸੀਂ ਇਕ ਨੁਕਤੇ ਤੇ ਕੇਂਦਰਿਤ ਹੁੰਦੇ ਹਾਂ ਜਿਵੇਂ ਹਿੰਦੂਆਂ ਦਾ ਧਰਮ ਅਸਥਾਨ ਬਨਾਰਸ ਹੈ ਅਤੇ ਧਰਮ ਗ੍ਰੰਥ ਹੈ ਗੀਤਾ। ਇਸਾਈਆਂ ਦਾ ਯੋਰੂਸ਼ਲਮ ਧਾਰਮਿਕ ਕੇਂਦਰ ਹੈ ਅਤੇ ਬਾਈਬਲ ਉਨ੍ਹਾਂ ਦਾ ਧਰਮ ਗ੍ਰੰਥ। ਮੁਸਲਮਾਨਾਂ ਦਾ ਧਾਰਮਿਕ ਕੇਂਦਰ ਮੱਕਾ (ਕਾਬਾ) ਅਤੇ ਕੁਰਾਨ-ਏ-ਮਸੀਦ ਧਾਰਮਿਕ ਗ੍ਰੰਥ। ਇਸ ਦ੍ਰਿਸ਼ਟੀ ਤੋਂ ਸਿੱਖ ਧਰਮ ਦਾ ਕੇਂਦਰੀ ਅਸਥਾਨ ਹਰਿਮੰਦਰ ਸਾਹਿਬ ਤੇ ਧਰਮ ਗ੍ਰੰਥ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਸਾਰੇ ਧਰਮ ਗ੍ਰੰਥਾਂ ਦੇ ਮੁਕਾਬਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਤੇ ਸਰੂਪ ਕਾਲ ਬਹੁਤ ਘੱਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਦਰਜ ਹੈ। ਇਹ 1430 ਪਾਵਨ ਅੰਕਾਂ ਦਾ ਵੱਡੇ ਆਕਾਰ ਦਾ ਗ੍ਰੰਥ ਹੈ। ਇਹ ਸਾਰੀ ਬਾਣੀ 31 ਰਾਗਾਂ ਵਿਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੂਲ ਰੂਪ ਵਿਚ ਪੰਜਵੀਂ ਪਾਤਿਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਵਿਚ ਸੰਪਾਦਿਤ ਕੀਤਾ। ਇਸ ਦੇ ਪਹਿਲੇ ਸਰੂਪ ਨੂੰ 'ਪੋਥੀ ਸਾਹਿਬ' ਤਥਾ 'ਸ੍ਰੀ ਆਦਿ ਗ੍ਰੰਥ ਸਾਹਿਬ' ਕਿਹਾ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛਡਿਆ ਅਤੇ ਮੁਗਲ ਫੌਜਾਂ ਨਾਲ ਭੀਸ਼ਣ ਸੰਘਰਸ਼ ਦੇ ਕਾਰਨ ਧਾਰਮਿਕ ਅਤੇ ਅਧਿਆਤਮਿਕ ਸਾਹਿਤ ਸਰਸਾ ਵਿਚ ਰੁੜ ਗਿਆ। ਆਪ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਬਠਿੰਡਾ ਦੇ ਅਸਥਾਨ 'ਤੇ ਮੁੜ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਚਾਰੀ ਅਤੇ ਉਸੇ ਤਰਤੀਬ ਵਿਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ, ਜਿਸ ਤਰਤੀਬ ਵਿਚ ਗੁਰੂ ਅਰਜਨ ਸਾਹਿਬ ਨੇ ਲਿਖਵਾਈ ਸੀ। ਉਸ ਮਹਾਨ ਗ੍ਰੰਥ ਦੇ ਮੂਲ-ਪ੍ਰਬੰਧ ਤੇ ਬਾਣੀ ਉਸ ਤਰ੍ਹਾਂ ਲਿਖਵਾਈ। ਉਨ੍ਹਾਂ ਨੇ ਸਿਰਫ ਇਸ ਵਿਚ ਵਾਧਾ ਹੀ ਕੀਤਾ। ਆਪਣੇ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ 59 ਸ਼ਬਦ ਅਤੇ 57 ਸਲੋਕ ਅੰਕਿਤ ਕੀਤੇ। ਗੁਰੂ ਜੀ ਨੇ ਇਸ ਪਵਿੱਤਰ ਗ੍ਰੰਥ ਨੂੰ ਸੰਪੂਰਨ ਕੀਤਾ। ਇਸ ਸਰੂਪ ਨੂੰ ਦਮਦਮੀ ਬੀੜ ਸਾਹਿਬ ਕਿਹਾ ਜਾਂਦਾ ਹੈ। ਇਸ ਸਰੂਪ ਨੂੰ ਹੀ 1708 ਈਸਵੀ ਵਿਚ ਗੁਰਗੱਦੀ ਸੌਂਪੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਣੀ ਸਰੂਪ ਕਾਵਿ-ਰੂਪ ਹੈ। ਇਹ ਬਾਣੀ 31 ਰਾਗਾਂ ਵਿਚ ਉਚਾਰੀ ਗਈ ਹੈ, ਜਿਸ ਦਾ ਪਹਿਲਾ ਰਾਗ ਸਿਰੀ ਰਾਗੁ ਅਤੇ ਅੰਤਲਾ ਰਾਗ ਜੈਜਾਵੰਤੀ ਹੈ। ਗੁਰੂ ਗ੍ਰੰਥ ਸਾਹਿਬ ਸ਼ਬਦ-ਗੁਰੂ ਹੈ। ਸ਼ਬਦ-ਗੁਰੂ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦੇ ਦਿੱਤਾ ਸੀ :-

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

**(ਅੰਕ ੯੪੩)**

ਸ਼ਬਦ ਜਿਹੜਾ ਸਿਰਜਨਹਾਰ ਨੂੰ ਸੰਬੋਧਿਤ ਹੈ, ਗੁਰਬਾਣੀ ਅਖਵਾਂਦਾ ਹੈ :-

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ ॥**

**(ਅੰਕ ੩੦੮)**

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਣੀ ਵੇਰਵਾ ਇਸ ਪ੍ਰਕਾਰ ਹੈ :-

**ਛੇ ਗੁਰੂ ਸਾਹਿਬਾਨ :-**

**ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ :-**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਰਾਗਾਂ ਵਿਚ ਬਾਣੀ ਉਚਾਰਨ ਕੀਤੀ :- ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ ਅਤੇ ਪ੍ਰਭਾਤੀ ਦੀ ਵਰਤੋਂ ਕਰ ਕੇ 974 ਸ਼ਬਦ ਉਚਾਰਨ ਕੀਤੇ, ਜਿਨ੍ਹਾਂ ਵਿਚ ਤਿੰਨ ਵਾਰਾਂ (ਮਾਝ ਦੀ ਵਾਰ, ਆਸਾ ਦੀ ਵਾਰ ਤੇ ਮਲਾਰ ਦੀ ਵਾਰ) ਵੀ ਸ਼ਾਮਿਲ ਹਨ।

ਮਾਝ ਦੀ ਵਾਰ ਦੀਆਂ 27 ਪਉੜੀਆਂ
ਆਸਾ ਦੀ ਵਾਰ ਦੀਆਂ 24 ਪਉੜੀਆਂ
ਮਲਾਰ ਦੀ ਵਾਰ ਦੀਆਂ 27 ਪਉੜੀਆਂ
ਕੁਲ 78 ਪਉੜੀਆਂ ਹਨ।

ਜਪੁਜੀ ਸਾਹਿਬ, ਪੱਟੀ, ਆਸਾ ਦੀ ਵਾਰ, ਓਅੰਕਾਰ, ਸਿਧ ਗੋਸਟਿ, ਬਾਰਹਮਾਹ ਤੁਖਾਰੀ ਆਪ ਜੀ ਦੀਆਂ ਪ੍ਰਸਿੱਧ ਬਾਣੀਆਂ

ਹਨ।

### ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ :-

ਆਪ ਜੀ ਵੱਲੋਂ ਬਾਣੀ ਦੇ ਕੇਵਲ 62 ਸਲੋਕ ਹੀ ਹਨ, ਜੋ ਵਾਰਾਂ ਵਿਚ ਦਰਜ ਹਨ। ਆਪ ਜੀ ਦੀ ਪਾਵਨ ਬਾਣੀ ਵਿਚ ਰਾਗਾਂ ਦੀ ਵਰਤੋਂ ਕੀਤੀ ਗਈ ਹੈ : ਸਿਰੀ ਰਾਗ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ ਅਤੇ ਮਲਾਰ।

### ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ :-

ਆਪ ਜੀ ਨੇ 17 ਰਾਗਾਂ ਵਿਚ ਬਾਣੀ ਉਚਾਰਨ ਕੀਤੀ। ਇਹ ਰਾਗ ਕਰੀਬਨ ਉਹੀ ਹੀ ਹਨ, ਜਿਨ੍ਹਾਂ ਰਾਗਾਂ ਦੀ ਵਰਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਇਹ ਰਾਗ ਹਨ :- ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ। ਇਨ੍ਹਾਂ ਰਾਗਾਂ ਵਿਚ 869 ਸ਼ਬਦ ਉਚਾਰਨ ਕੀਤੇ ਜਿਨ੍ਹਾਂ ਵਿਚ ਚਾਰ ਵਾਰਾਂ-ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗਾਂ ਵਿਚ ਹੀ ਸ਼ਾਮਿਲ ਹਨ। ਆਸਾ, ਪਟੀ, ਅਨੰਦ ਸਾਹਿਬ ਆਪ ਜੀ ਦੀਆਂ ਪ੍ਰਸਿੱਧ ਬਾਣੀਆਂ ਹਨ :-

ਗੂਜਰੀ ਕੀ ਵਾਰ ਮਹਲਾ ਤੀਜਾ ਵਿਚ 22 ਪਉੜੀਆਂ, ਸੂਹੀ ਕੀ ਵਾਰ ਮਹਲਾ ਤੀਜਾ ਵਿਚ 20 ਪਉੜੀਆਂ, ਰਾਮਕਲੀ ਦੀ ਵਾਰ ਮਹਲਾ ਤੀਜਾ ਵਿਚ 21 ਪਉੜੀਆਂ, ਮਾਰੂ ਕੀ ਵਾਰ ਮਹਲਾ ਤੀਜਾ ਵਿਚ 22 ਪਉੜੀਆਂ।

### ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ :-

ਆਪ ਜੀ ਨੇ 30 ਰਾਗਾਂ ਵਿਚ ਬਾਣੀ ਉਚਾਰਨ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 638 ਸ਼ਬਦ ਦਰਜ ਹਨ। ਆਪ ਜੀ ਨੇ ਅੱਠ ਵਾਰਾਂ ਵੀ ਉਚਾਰੀਆਂ ਹਨ :-

ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲੁ, ਸਾਰੰਗ ਅਤੇ ਕਾਨੜਾ।

ਸਿਰੀ ਰਾਗ ਕੀ ਵਾਰ ਮਹਲਾ ਚੌਥਾ ਵਿਚ 21 ਪਉੜੀਆਂ, ਗਉੜੀ ਕੀ ਵਾਰ ਮਹਲਾ ਚੌਥਾ ਵਿਚ 28 ਪਉੜੀਆਂ, ਬਿਹਾਗੜੇ ਕੀ ਵਾਰ ਮਹਲਾ ਚੌਥਾ ਵਿਚ 21 ਪਉੜੀਆਂ, ਵਡਹੰਸ ਕੀ ਵਾਰ ਮਹਲਾ ਚੌਥਾ ਵਿਚ 21 ਪਉੜੀਆਂ, ਸੋਰਠਿ ਕੀ ਵਾਰ ਮਹਲਾ ਚੌਥਾ ਵਿਚ 29 ਪਉੜੀਆਂ, ਬਿਲਾਵਲ ਕੀ ਵਾਰ ਮਹਲਾ ਚੌਥਾ ਵਿਚ 13 ਪਉੜੀਆਂ, ਸਾਰੰਗ ਕੀ ਵਾਰ ਮਹਲਾ ਚੌਥਾ ਵਿਚ 35 ਪਉੜੀਆਂ, ਕਾਨੜਾ ਕੀ ਵਾਰ ਮਹਲਾ ਚੌਥਾ ਵਿਚ 15 ਪਉੜੀਆਂ ਹਨ।

### ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ :-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਉਸ ਤੋਂ ਬਾਅਦ ਆਪਣੀ ਬਾਣੀ 2312 ਸ਼ਬਦਾਂ ਦੇ ਰੂਪ ਵਿਚ ਸ਼ਾਮਿਲ ਕੀਤੀ, ਜਿਨ੍ਹਾਂ ਵਿਚ 9 ਵਾਰਾਂ ਵੀ ਸ਼ਾਮਿਲ ਹਨ : ਗਉੜੀ ਕੀ (ਦੂਜੀ) ਵਾਰ, ਗੂਜਰੀ ਕੀ (ਦੂਜੀ) ਵਾਰ, ਜੈਤਸਰੀ ਕੀ ਵਾਰ, ਰਾਮਕਲੀ ਕੀ (ਦੂਜੀ) ਵਾਰ, ਮਾਰੂ ਕੀ (ਦੂਜੀ) ਵਾਰ ਅਤੇ ਬਸੰਤ ਦੀ ਵਾਰ ਜਿਵੇਂ :-

ਗਉੜੀ ਕੀ ਵਾਰ ਮਹਲਾ ਪੰਜਵਾ ਵਿਚ 21 ਪਉੜੀਆਂ, ਗੂਜਰੀ ਕੀ ਵਾਰ ਮਹਲਾ ਪੰਜਵਾ ਵਿਚ 21 ਪਉੜੀਆਂ, ਜੈਤਸਰੀ ਕੀ ਵਾਰ ਮਹਲਾ ਪੰਜਵਾ ਵਿਚ 20 ਪਉੜੀਆਂ, ਰਾਮਕਲੀ ਕੀ ਵਾਰ ਮਹਲਾ ਪੰਜਵਾ ਵਿਚ 22 ਪਉੜੀਆਂ, ਮਾਰੂ ਕੀ ਵਾਰ ਮਹਲਾ ਪੰਜਵਾ ਵਿਚ 23 ਪਉੜੀਆਂ, ਬਸੰਤ ਕੀ ਵਾਰ ਮਹਲਾ ਪੰਜਵਾ ਵਿਚ 3 ਪਉੜੀਆਂ।

ਕੁੱਝ ਦੂਜੇ ਗੁਰੂ ਸਾਹਿਬਾਨ ਵੱਲੋਂ ਉਚਾਰਨ ਕੀਤੀਆਂ ਵਾਰਾਂ ਵਿਚ ਆਪ ਜੀ ਨੇ ਜਿੱਥੇ ਕਿਤੇ ਲੋੜ ਸਮਝੀ, ਉਥੇ ਆਪਣੇ ਵੱਲੋਂ ਪਉੜੀ ਰਚ ਕੇ ਦਰਜ ਕਰ ਦਿੱਤੀ, ਜਿਵੇਂ : ਗਉੜੀ ਕੀ ਵਾਰ ਵਿਚ 5 ਪਉੜੀਆਂ ਦਰਜ ਕੀਤੀਆਂ ਹਨ।

ਕੁੱਝ ਵਾਰਾਂ ਵਿਚ ਆਪ ਜੀ ਨੇ ਸਲੋਕ ਵੀ ਦਰਜ ਕੀਤੇ, ਜਿਵੇਂ :

ਸਿਰੀ ਰਾਗ ਕੀ ਵਾਰ ਮਹਲਾ ਚੌਥਾ ਵਿਚ 1 ਸਲੋਕ, ਗਉੜੀ ਕੀ ਵਾਰ ਮਹਲਾ ਚੌਥਾ ਵਿਚ 8 ਸਲੋਕ, ਮਾਰੂ ਕੀ ਵਾਰ ਮਹਲਾ ਚੌਥਾ ਵਿਚ 2 ਸਲੋਕ, ਸਾਰੰਗ ਕੀ ਵਾਰ ਮਹਲਾ ਚੌਥਾ ਵਿਚ 3 ਸਲੋਕ, ਮਲਾਰ ਕੀ ਵਾਰ ਮਹਲਾ ਚੌਥਾ ਵਿਚ 2 ਸਲੋਕ, ਜਿਨ੍ਹਾਂ ਦੀ ਕੁਲ ਗਿਣਤੀ 16 ਬਣਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌਂ ਅਜਿਹੀਆਂ ਵਾਰਾਂ ਦੀ ਚੋਣ ਕੀਤੀ ਜਿਨ੍ਹਾਂ ਦੇ ਗਾਉਣ ਦੀ ਧਾਰਨਾ (ਲਯ) ਪੁਰਾਣੇ ਸੂਰਬੀਰਾਂ ਦੀਆਂ ਵਾਰਾਂ ਦੀ ਤਰਜ਼'ਤੇ ਗਾਉਣ ਲਈ ਰਬਾਬੀਆਂ ਨੂੰ ਹਦਾਇਤ ਕੀਤੀ। ਉਨ੍ਹਾਂ ਧੁਨਾਂ ਦਾ ਉਲੇਖ ਵਾਰਾਂ ਦੇ ਆਰੰਭ ਵਿਚ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ 15 ਭਗਤਾਂ ਦੀ ਬਾਣੀ ਸ਼ਾਮਿਲ ਕੀਤੀ, ਉਹ ਭਗਤ ਹਨ :-

| | |
|---|---|
| ਭਗਤ ਕਬੀਰ ਜੀ | 541 |
| ਭਗਤ ਨਾਮਦੇਵ ਜੀ | 62 |
| ਭਗਤ ਤ੍ਰਿਲੋਚਨ ਜੀ | 4 |
| ਭਗਤ ਸੈਣ ਜੀ | 1 |
| ਭਗਤ ਪਰਮਾਨੰਦ ਜੀ | 1 |
| ਭਗਤ ਬੈਣੀ ਜੀ | 3 |
| ਭਗਤ ਰਾਮਾਨੰਦ ਜੀ | 1 |
| ਭਗਤ ਸੂਰਦਾਸ ਜੀ | 2 |
| ਸ਼ੇਖ ਫਰੀਦ ਜੀ | 134 |
| ਭਗਤ ਰਵਿਦਾਸ ਜੀ | 41 |
| ਭਗਤ ਧੰਨਾ ਜੀ | 4 |

| | |
|---|---|
| ਭਗਤ ਜੈਦੇਵ ਜੀ | 2 |
| ਭਗਤ ਭੀਖਣ ਜੀ | 2 |
| ਭਗਤ ਸਧਨਾ ਜੀ | 1 |
| ਭਗਤ ਪੀਪਾ ਜੀ | 1 |

### ਪ੍ਰਮੁੱਖ ਸਿੱਖਾਂ ਦੀ ਬਾਣੀ :-

ਭਾਈ ਮਰਦਾਨਾ ਜੀ :- ਭਾਈ ਮਰਦਾਨਾ ਜੀ ਦੀ ਵਾਰ ਬਿਹਾਗੜਾ ਵਿਚ – 3 ਸਲੋਕ (ਅੰਕ 553), ਭਾਈ ਸੁੰਦਰ ਜੀ – 6 ਪਦੇ, ਭਾਈ ਸੱਤਾ ਤੇ ਬਲਵੰਡ ਜੀ ਦੀਆਂ ਰਾਮਕਲੀ ਰਾਗ ਦੀ ਤੀਜੀ ਵਾਰ ਵਿਚ – 8 ਪਉੜੀਆਂ।

### ਭੱਟ ਸਾਹਿਬਾਨ ਦੀ ਬਾਣੀ :-

ਸ੍ਰੀ ਕਲ (ਕਲਸਹਾਰ) ਜੀ – 54, ਸ੍ਰੀ ਜਲ (ਜਾਲਪ) ਜੀ – 5, ਸ੍ਰੀ ਕੀਰਤ ਜੀ – 8, ਸ੍ਰੀ ਭਿਖਾ ਜੀ – 2, ਸ੍ਰੀ ਨਲ੍ਹ ਜੀ – 16, ਸ੍ਰੀ ਗਯੰਦ ਜੀ – 13, ਸ੍ਰੀ ਮਥਰਾ ਜੀ – 14, ਸ੍ਰੀ ਬਲ ਜੀ – 5, ਸ੍ਰੀ ਸਲ ਜੀ – 3, ਸ੍ਰੀ ਭੱਲ੍ਹ ਜੀ – 1, ਸ੍ਰੀ ਹਰਬੰਸ ਜੀ – 2

### ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ :-

ਨੌਵੇਂ ਗੁਰੂ ਜੀ ਨੇ 15 ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕ ਉਚਾਰਨ ਕੀਤੇ। ਜੋ ਸਲੋਕ ਹਨ, ਉਹ ਰਾਗ-ਮੁਕਤ ਹਨ। 59 ਸ਼ਬਦਾਂ ਵਿਚ ਪ੍ਰਯੋਗ ਕੀਤੇ ਪੰਦਰਾਂ ਰਾਗ ਇਹ ਹਨ :-

ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲੁ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ।

ਨੰਦੇੜ (ਮਹਾਰਾਸ਼ਟਰ) ਦੀ ਪਵਿੱਤਰ ਧਰਤੀ 'ਤੇ ਅਕਤੂਬਰ 1708 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਲੱਗਿਆਂ ਇਸੇ ਬੀੜ ਨੂੰ ਗੁਰਤਾਗੱਦੀ ਦੇ, ਸਿਰ ਝੁਕਾ, ਦੋ ਹੱਥ ਜੋੜ ਕੇ, ਮੱਥਾ ਟੇਕ ਕੇ ਕਿਹਾ : ਖਾਲਸਾ ਅੱਜ ਤੋਂ ਤੁਹਾਡੇ ਸਭ ਦਾ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹੋਵੇਗਾ। ਜਿਸ ਨੇ ਵੀ ਗੁਰੂ ਦਾ ਦਰਸ਼ਨ ਕਰਨਾ ਹੋਵੇ, ਗੁਰੂ ਦਾ ਉਪਦੇਸ਼ ਸੁਣਨਾ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ, ਪਾਠ ਕਰੇ ਤੇ ਸੁਣੇ। ਉਸ ਨੂੰ ਗੁਰੂ ਦੇ ਪ੍ਰਤੱਖ ਦੀਦਾਰ ਹੋਣਗੇ। ਇਹ ਸੀ 'ਗੁਰੂ ਮਾਨਿਓ ਗ੍ਰੰਥ' ਦਾ ਆਦੇਸ਼।

ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਗ੍ਰੰਥ ਹੈ, ਜਿਸ ਦਾ ਪ੍ਰਤੱਖ ਸਬੂਤ ਇਸ ਦੀ ਸਮੁੱਚੀ ਬਣਤਰ ਹੈ। ਮਧਕਾਲੀਨ ਮਾਨਵ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨਾ ਇਨਸਾਨੀਅਤ ਨੂੰ ਤਵਾਰੀਖੀ ਦੇਣ ਹੈ। ਇਹ ਸਰਬਸਾਂਝ ਦਾ ਗ੍ਰੰਥ ਧਾਰਮਿਕ ਰਵਾਦਾਰੀ ਤੇ ਸਹਿਣਸ਼ੀਲਤਾ ਦੀ ਅਨੋਖੀ ਮਿਸਾਲ ਪੇਸ਼ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਇਹੋ ਜਿਹਾ 'ਮਾਡਲ ਗਾਇਡ' ਹੈ ਜੋ ਵਿਸ਼ਵੀਕਰਨ ਦੇ ਇਸ ਦੌਰ ਵਿਚ ਸਾਰੀਆਂ ਚੁਣੌਤੀਆਂ ਦਾ ਰਾਹ ਦਸੇਰਾ ਹੈ। ਭਾਰਤ ਦੇ ਮਹਾਨ ਵਿਰਸੇ ਦਾ ਬਿੰਬ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਮੁੱਚੇ ਸੰਸਾਰ ਨੂੰ 21ਵੀਂ ਸਦੀ ਵਿਚ ਰਾਹ ਦਿਖਾ ਸਕਦੀ ਹੈ। ਇਹ ਸਰਬੱਤ ਦੇ ਭਲੇ ਦੀ ਸੰਸਾਰ ਦ੍ਰਿਸ਼ਟੀ ਦੇ ਆਧਾਰ ਤੇ ਭਾਈਚਾਰਾ ਉਸਾਰ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਪੂਰਨ ਪੱਖ ਇਹ ਹੈ ਕਿ ਇਸ ਵਿਚ ਅਜਿਹਾ ਵਿਲੱਖਣ ਸਮਾਜ ਸਿਰਜਣ ਲਈ ਇਨਸਾਨ ਨੂੰ ਯਤਨਸ਼ੀਲ ਕੀਤਾ ਗਿਆ ਹੈ, ਜਿਸ ਵਿਚ ਮਨੁੱਖੀ ਸਮਾਨਤਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ :-

**ਸਭੇ ਸਾਝੀਵਾਲ ਸਦਾਇਨਿ**
**ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ੩ ॥**

(ਅੰਕ ੯੭)

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥**

(ਅੰਕ ੧੩੪੯)

ਡਾ. ਸਰਬੱਪਲੀ ਰਾਧਾ ਕ੍ਰਿਸ਼ਨਨ ਸਾਬਕਾ ਰਾਸ਼ਟਰਪਤੀ ਭਾਰਤ ਅਤੇ ਸੰਸਾਰ-ਪ੍ਰਸਿੱਧ ਫਿਲਾਸਫਰ ਦਾ ਕਥਨ ਸਾਮਿਅਕ ਤੇ ਵਜ਼ਨਦਾਰ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਟੱਲ ਸਚਾਈਆਂ ਅਤੇ ਅਤੁੱਟ ਭਗਤੀ ਦੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ ਦੇ ਸਾਰੇ ਹੱਦ-ਬੰਨੇ, ਜੋ ਇਕ ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ।"

– ਡਾ. ਕੀਰਤ ਸਿੰਘ ਇਨਕਲਾਬੀ

### ਲੇਖਕਾਂ ਪ੍ਰਤੀ ਬੇਨਤੀ

**ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੀਸ ਗੰਜ ਪੱਤ੍ਰਿਕਾ ਲਈ ਆਪ ਲੇਖ ਸਮੱਗਰੀ ਕਮੇਟੀ ਵੱਲੋਂ ਜਾਰੀ ਕੀਤੀ ਈਮੇਲ editorsisganj@dsgmc.in ਰਾਹੀਂ ਭੇਜ ਸਕਦੇ ਹੋ। ਜਿਸ Type Font ਵਿੱਚ ਲੇਖ ਟਾਈਪ ਕੀਤਾ ਜਾਵੇ, ਉਹ Type Font ਵੀ ਨਾਲ ਭੇਜਣ ਦੀ ਖੇਚਲ ਕਰਨੀ। ਹਰ ਮਹੀਨੇ ਵਿੱਚ ਆਉਣ ਵਾਲੇ ਸਿੱਖ ਇਤਿਹਾਸ ਨਾਲ ਸਬੰਧਿਤ ਦਿਹਾੜਿਆਂ ਦੇ ਲੇਖ ਘੱਟ ਤੋਂ ਘੱਟ ਡੇਢ ਦੋ ਮਹੀਨੇ ਪਹਿਲਾਂ ਭੇਜਣ ਦੀ ਖੇਚਲ ਕਰਨੀ ਤਾਂ ਜੋ ਸਮੇਂ ਸਿਰ ਵਰਤੋਂ ਵਿੱਚ ਲਿਆਂਦੇ ਜਾ ਸਕਣ। ਪਾਠਕ ਸੱਜਣ ਵੀ ਆਪਣੇ ਵੱਡਮੁੱਲੇ ਸੁਝਾਅ ਇਸੇ ਈਮੇਲ ਰਾਹੀਂ ਭੇਜ ਸਕਦੇ ਹਨ।**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਬਾਣੀ ਦੀ ਵਿਸ਼ੇਸ਼ਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਬਾਣੀ ਦੀ ਵਿਸ਼ੇਸ਼ਤਾ ਉਲੇਖਨੀਯ ਹੈ। ਗੁਰਬਾਣੀ ਦੇ ਸੰਦਰਭ ਵਿਚ ਭੱਟਾਂ ਦੀ ਪਰੰਪਰਾ ਬਾਰੇ ਬਹੁਤੀ ਇਤਿਹਾਸਿਕ ਸਮੱਗਰੀ ਪ੍ਰਾਪਤ ਨਹੀਂ ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਬਾਣੀ ਤੋਂ ਇਸ ਪਰੰਪਰਾ ਦੀ ਨਿਵੇਕਲੀ ਸੁਰ ਦਾ ਪਤਾ ਜ਼ਰੂਰ ਲੱਗਦਾ ਹੈ। ਭੱਟ ਬਾਣੀ ਦੀ ਵਿਸ਼ੇਸ਼ਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ਸਿਧਾਂਤਾਂ ਅਤੇ ਕਈ ਇਤਿਹਾਸਿਕ ਪ੍ਰਸੰਗਾਂ ਦਾ ਇਸ ਬਾਣੀ ਦੁਆਰਾ ਸਰਲੀਕਰਨ ਤੇ ਸਪੱਸ਼ਟੀਕਰਨ ਹੁੰਦਾ ਹੈ। ਵੈਸੇ ਤਾਂ ਭੱਟ ਭਾਰਤੀ ਸਾਹਿਤ ਦੀ ਪਰੰਪਰਾ ਵਿਚ ਦਸਵੀਂ ਸਦੀ ਤੋਂ ਹੀ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਰਾਜਸਥਾਨ ਅਤੇ ਉੱਤਰੀ ਭਾਰਤ ਦੇ ਸਾਹਿਤ ਵਿਚ ਭੱਟਾਂ ਦੀ ਲੰਬੀ ਪਰੰਪਰਾ ਮਿਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਿਆਰਾਂ ਭੱਟਾਂ ਦੀ ਬਾਣੀ ਸੰਕਲਿਤ ਹੈ, ਜਿਸ ਦਾ ਵੇਰਵਾ ਇਵੇਂ ਹੈ। (1) ਭੱਟ ਕਲਸਹਾਰ ਮਹਲਾ ੧ ਦੇ 10, ਮ: ੨ ਦੇ 10, ਮ: ੩ ਦੇ 9, ਮ: ੪ ਦੇ 13, ਮ: ੫ ਦੇ 12 ਸਵੱਈਏ, (2) ਭੱਟ ਜਾਲਪ ਦੇ ਮ: ੩ ਦੇ 5 ਸਵੱਈਏ, (3) ਭੱਟ ਕੀਰਤ ਮ: ੩ ਦੇ 4 ਅਤੇ ਮ: ੪ ਦੇ 4 ਸਵੱਈਏ (4) ਭੱਟ ਭਿਖਾ ਦੇ ਮ: ੩ ਦੇ 2 ਸਵੱਈਏ, (5) ਭੱਟ ਸਲ੍ਯ ਦੇ ਮ: ੩ ਦਾ 1 ਤੇ ਮਹਲਾ ੪ ਦੇ 2 ਸਵੱਈਏ, (6) ਭੱਟ ਭਲ੍ਯ ਦਾ ਮ: ੩ ਦਾ 1 ਸਵੱਈਆ, (7) ਭੱਟ ਨਲ੍ਯ ਦੇ ਮ: ੪ ਦੇ 16 ਸਵੱਈਏ, (8) ਭੱਟ ਗਯੰਦ ਦੇ ਮ: ੪ ਦੇ 13 ਸਵੱਈਏ, (9) ਭੱਟ ਮਥੁਰਾ ਦੇ ਮ: ੪ ਦੇ 7 ਅਤੇ ਮ: ੫ ਦੇ 7 ਸਵੱਈਏ, (10) ਭੱਟ ਬਲ੍ਯ ਦੇ ਮ: ੪ ਦੇ 5 ਸਵੱਈਏ, (11) ਭੱਟ ਹਰਿਬੰਸ ਦੇ ਮ: ੫ ਦੇ 2 ਸਵੱਈਏ, ਜੋ ਬਾਣੀ ਬਿਉਰਾ ਅਨੁਸਾਰ ਦਿੱਤਾ ਹੈ ਪਰ ਕਵੀ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਯ' ਵਿਚ ਭੱਟਾਂ ਦੀ ਗਿਣਤੀ ਸਤਾਰਾਂ ਦੱਸੀ ਹੈ ਅਤੇ ਭੱਟਾ ਨੂੰ ਵੇਦਾਂ ਦਾ ਧੁਰੰਤਰ ਗਿਆਤਾ ਅਤੇ ਵਿਆਖਿਆਤਾ ਕਿਹਾ ਹੈ ਜਿਵੇਂ :-

ਇਕ ਇਕ ਬੇਦ ਚਤੁਰ ਰੂਪ ਧਾਰੇ
ਪ੍ਰਗਟ ਨਾਮ ਤਿਨ ਕਹੋਂ ਅਸੰਸ।
ਪੂਰਨ ਸਯਾਮ ਬੇਦ ਕੇ ਇਹ ਭੇ
ਮਥਰਾ ਜਾਲਪ ਬਲ ਹਰਬੰਸ।
ਪੁਨ ਰਿਗਬੇਦ ਕਲਯ,
ਜੱਲ ਨੱਲ ਤ੍ਰੈ ਕਲਸਹਾਰ ਚੌਥੇ ਗਿਨਿਅੰਸ।
ਭਏ ਜੁਜਰ ਕੇ: ਟਲਯ ਸਲਯ
ਪੁਨ ਜਲਯ ਉਪਜੇ ਦਿਸ ਬੰਸ।
ਬਹੁਰ ਅਥਰਬਣ ਦਾਸੁਰ ਕੀਰਤਿ
ਗਿਨਿ ਗਦ ਸਦਰੰਗ ਸੁਚਾਰ।
ਕਮਲਾਸਨ ਕੋ ਭੱਖਾ ਨਾਮ ਸੁ ਇਨਿ
ਸਕਿ ਤੇ ਭਾ ਅਧਿਕ ਉਦਾਰ।

(ਰਾਸ 3, ਅਧਿਆਇ 48)

ਸਿੱਖ ਪਰੰਪਰਾ ਅਨੁਸਾਰ ਭੱਟ, ਕਲਸਹਾਰ ਦੀ ਅਗਵਾਈ ਹੇਠ ਗੋਇੰਦਵਾਲ ਸਾਹਿਬ ਆਏ ਅਤੇ ਗੁਰੂ ਦਰਬਾਰ ਵਿਚ ਉਜੀਵਕਾ ਤੇ ਸੇਵਾ ਲਈ ਬਾਹਰ ਪਾਈ, ਜਿਸ ਦਾ ਉਲੇਖ ਇਵੇਂ ਕੀਤਾ ਗਿਆ ਪ੍ਰਾਪਤ ਹੁੰਦਾ ਹੈ :-

**ਗੋਬਿੰਦ ਵਾਲੁ ਗੋਬਿੰਦ ਪੁਰੀ**
**ਸਮ ਜਲੵਨ ਤੀਰਿ ਬਿਪਾਸ ਬਨਾਯਉ ॥**
**ਗਯਉ ਦੁਖੁ ਦੂਰਿ ਬਰਖਨ ਕੋ**
**ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥ ੬ ॥ ੧੦ ॥**

**(ਅੰਕ ੧੪੦੦)**

ਭੱਟਾਂ ਦਾ ਮੁੱਖ ਕੰਮ ਭਾਵੇਂ ਆਸਰਾ ਦੇਣ ਵਾਲੇ ਦੀ ਸਿਫਤ ਸਲਾਹ ਕਰ ਕੇ ਜੀਵਨ-ਨਿਰਬਾਹ ਕਰਨਾ ਹੁੰਦਾ ਹੈ, ਪਰ ਗੁਰੂਘਰ ਦੀ ਸ਼ਰਨ ਵਿਚ ਆਉਣ ਵਾਲੇ ਭੱਟ ਇਸ ਮਨੋਰਥ ਤੋਂ ਇਲਾਵਾ ਜਗਿਆਸੂ ਬਣ ਕੇ ਗੁਰੂ ਕਿਰਪਾ ਪ੍ਰਾਪਤ ਕਰਨ ਦੀ ਅਭਿਲਾਖਾ ਲੈ ਕੇ ਵੀ ਆਏ ਸਨ। ਭੱਟ ਭਿੱਖਾ ਜੀ ਆਪਣੀ ਇਸ ਅਵਸਥਾ ਦਾ ਵਰਣਨ ਇਉਂ ਕਰਦੇ ਹਨ :-

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥**
**ਗੁਰੁ ਦਯਿ ਮਿਲਾਯਉ ਭਿਖਿਆ**
**ਜਿਵ ਤੂ ਰਖਹਿ ਤਿਵ ਰਹਉ ॥ ੨ ॥ ੨੦ ॥**

**(ਅੰਕ ੧੩੯੫)**

ਇਥੋਂ ਜ਼ਾਹਰ ਹੈ ਕਿ ਇਹ ਸਾਰੇ ਭੱਟ ਸਤਿ-ਮਾਰਗ ਦੇ ਪਾਂਧੀ ਬਣਨ ਦੀ ਜਗਿਆਸਾ ਲੈ ਕੇ ਗੁਰੂ ਦਰਬਾਰ ਵਿਚ ਸ਼ਰਨ ਲੈਣ ਲਈ ਹਾਜ਼ਰ ਹੋਏ ਸਨ ਅਤੇ ਸਤਿਗੁਰਾਂ ਦੀ ਕਥਨੀ-ਕਰਨੀ, ਰਹਿਣੀ ਬਹਿਣੀ ਤੋਂ ਪ੍ਰਭਾਵਿਤ ਹੋ ਕੇ ਸਤਿਗੁਰਾਂ ਦੇ ਚਰਨਾਂ ਦੇ ਭੌਰੇ ਬਣ ਗਏ।

ਇਹ ਵੇਖਣ ਵਾਲੀ ਗੱਲ ਹੈ ਕਿ ਗੁਰੂ-ਦਰਬਾਰ ਵਿਚ ਆਉਣ ਤੇ ਇਨ੍ਹਾਂ ਭੱਟਾਂ ਨੇ ਕੇਵਲ ਜਸ-ਗਾਇਨ ਦੀ ਪ੍ਰਵਿਰਤੀ ਦੇ ਨਾਲ ਅਧਿਆਤਮਿਕ ਪ੍ਰਾਪਤੀਆਂ ਲਈ ਜੋ ਨਵਾਂ ਜੀਵਨ ਮੋੜ ਕੱਟਿਆ, ਇਸ ਨਾਲ ਉਨ੍ਹਾਂ ਨੂੰ ਸਮਾਜ ਵਿਚ ਇਕ ਆਦਰਯੋਗ ਸਥਾਨ ਮਿਲਿਆ ਅਤੇ ਗੁਰ-ਸੇਵਕਾਂ ਵਿਚ ਆਦਰ ਦਾ ਦਰਜਾ ਪ੍ਰਾਪਤ ਹੋਇਆ। ਭੱਟ ਗੁਰੂ-ਘਰ ਦੇ ਅਨਿੰਨ ਸੇਵਕ ਬਣ ਕੇ ਰਹੇ।

ਭੱਟ ਬਾਣੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਭੱਟਾਂ ਨੇ ਸਤਿਗੁਰਾਂ ਤੋਂ ਬੇਹਦ ਪ੍ਰਭਾਵਿਤ ਹੋ ਕੇ ਜੋ ਬਾਣੀ ਉਚਾਰਨ ਕੀਤੀ ਹੈ, ਇਸ ਦੁਆਰਾ ਸਿੱਖ ਸੰਗਤਾਂ ਨੂੰ ਗੁਰੂ-ਉਸਤਤ ਸੰਬੋਧਨ ਲਈ ਕੁੱਝ ਅਜਿਹੇ ਬਚਨ ਤੇ ਸ਼ਬਦ ਪ੍ਰਾਪਤ ਹੋਏ ਹਨ, ਜੋ ਗੁਰੂ ਸਾਹਿਬਾਨ ਦੀ ਸ਼ਖਸੀਅਤ ਨੂੰ ਸਿੱਖ-ਸੰਗਤਾਂ ਦੇ ਰੂ-ਬ-ਰੂ ਉਸੇ ਤਰ੍ਹਾਂ ਪ੍ਰਸਤੁਤ ਕਰਨ ਵਿਚ ਸਮਰੱਥ ਬਣੇ, ਜਿਸ ਤਰ੍ਹਾਂ ਦਾ ਸੁਹਜ-ਮੁਹਾਂਦਰਾ ਗੁਰੂ-ਕਿਰਪਾ ਨਾਲ ਸਿੱਖ-ਸੰਗਤਾਂ ਦੇ ਮਨ ਉਪਰ ਪਿਆ ਹੋਇਆ ਸੀ। ਭੱਟ ਬਾਣੀ ਵਿਚ ਗੁਰੂ ਸਾਹਿਬਾਨ ਲਈ ਅਥਾਹ ਸ਼ਰਧਾ ਤੇ ਸਤਿਕਾਰ ਭਰੇ ਸ਼ਬਦ ਜਿਵੇਂ ਕਲਜੁਗ ਦਾ ਜਹਾਜ, ਜਗਤ ਵਪਾਰਕ, ਪਾਪ-ਬਖਸ਼ੰਦ, ਲਾਜ ਰੱਖਣ ਵਾਲੇ, ਨਾਮ ਬਾਣੀ ਦੇ ਬੋਹਿਥ, ਕ੍ਰਮ ਬਿਨਾਸਕ ਆਦਿ ਜੋ ਗੁਰੂ-ਸਾਹਿਬਾਨ ਦੇ ਜਨ-ਕਲਿਆਨ ਅਤੇ ਜਨ-ਹਿਤੈਸ਼ੀ ਹੋਣ ਦੇ ਨਾਲ ਪ੍ਰਭੂ-ਜੋਤਿ ਸਰੂਪ ਨੂੰ ਸਾਖਿਆਤ ਕਰਨ ਵਾਲੇ ਹਨ। ਗੁਰੂਆਂ ਦੇ ਆਦਰਸ਼ਾਂ ਨੂੰ ਇਹ ਬਾਣੀ ਦਰਸਾਉਂਦੀ ਹੋਈ ਗੁਰੂਆਂ ਪ੍ਰਤੀ ਕੇਵਲ ਸ਼ਰਧਾ ਹੀ ਨਹੀਂ ਜਗਾਉਂਦੀ ਬਲਕਿ ਉਨ੍ਹਾਂ ਦੀਆਂ ਮਹਾਨ ਦੇਣਾਂ ਨੂੰ ਵੀ ਉਜਾਗਰ ਕਰ ਕੇ ਸਿੱਖ-ਸੰਗਤਾਂ ਨੂੰ ਲਾਮਬੰਦ ਕਰਨ ਵਿਚ ਵੀ ਸਹਾਈ ਹੁੰਦੀ ਹੈ। ਭੱਟ ਬਾਣੀ ਦੀ ਇਸ ਭੂਮਿਕਾ ਦੇ ਨਾਲ ਭਾਈ ਮਰਦਾਨੇ ਤੇ ਭਾਈ ਗੁਰਦਾਸ ਜੀ ਦੇ ਰਚਨਾਤਮਕ ਸੰਦਰਭ ਵੀ ਜੁੜੇ ਹੋਏ ਹਨ।

ਭੱਟ ਬਾਣੀ ਦਾ ਦੂਜਾ ਮੁੱਖ ਆਸ਼ਾ ਗੁਰਮਤਿ ਦੀਆਂ ਅਨੇਕ ਦ੍ਰਿਸ਼ਟੀਆਂ ਨੂੰ ਖੋਲਣਾ ਵੀ ਹੈ। ਗੁਰਬਾਣੀ ਦਾ ਕੇਂਦਰ ਅਕਾਲ ਪੁਰਖ ਹੈ ਅਤੇ ਭੱਟ ਅਕਾਲ ਪੁਰਖ ਦੀ ਆਰਾਧਨਾ ਨੂੰ ਧੁਰਾ ਬਣਾ ਕੇ ਜਦ ਉਪਾਸਨਾ ਦੇ ਸਿਖਰ 'ਤੇ ਪਹੁੰਚਦੇ ਹਨ ਤਾਂ ਇਹ ਨਿਰਗੁਣ ਸਰੂਪ ਅਕਾਲ ਪੁਰਖ ਜੋ ਅਦਿੱਖ ਹੈ, ਸਾਖਿਅਤ ਹੋ ਜਾਂਦਾ ਹੈ, ਜੈਸਾ ਕਿ :-

**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥**
**ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ**
**ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥**
**ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ**
**ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥**
**ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ**
**ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥**
**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥ ੬ ॥**

**(ਅੰਕ ੧੪੦੨)**

ਭੱਟ ਬਾਣੀ ਗੁਰਮਤਿ ਦੇ ਆਦਰਸ਼ਾਂ ਵਿਚ ਪ੍ਰਭੂ-ਪ੍ਰੇਮ ਦੇ ਨਾਲ ਸਰਬੱਤ ਦਾ ਭਲਾ, ਸੇਵਾ, ਤਿਆਗ, ਸੱਚ ਪ੍ਰਤੀ ਦ੍ਰਿੜ੍ਹਤਾ, ਲੋਕ ਮੰਗਲ ਦੀ ਟੀਸ, ਮਨੁੱਖੀ ਭਾਈਚਾਰੇ ਪ੍ਰਤੀ ਪਿਆਰ ਭਾਵਨਾ ਵਰਗੇ ਜੀਵਨ ਆਦਰਸ਼ਾਂ ਨੂੰ ਵਿਆਖਿਆਕੇ ਦ੍ਰਿੜ ਕਰਾਉਣ ਵਾਲੀ ਹੈ। ਇਹ ਸਾਰੇ ਆਦਰਸ਼ ਪ੍ਰਭੂ ਉਸਤਤੀ ਦੇ ਬਿੰਦੂ ਤੋਂ ਡੂੰਘੀ ਭਾਵਨਾ ਨਾਲ ਉਭਾਰੇ ਗਏ ਹਨ :-

**ਕੀਆ ਖੇਲੁ ਬਡ ਮੇਲੁ ਤਮਾਸਾ**
**ਵਾਹਿਗੁਰੂ ਤੇਰੀ ਸਭ ਰਚਨਾ ॥**
**ਤੂ ਜਲਿ ਥਲਿ ਗਗਨਿ ਪਯਾਲਿ**
**ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥**
**ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ**
**ਕਾਲ ਕਾ ਕਾਲੁ ਨਿਰੰਜਨ ਜਚਨਾ ॥**
**ਗੁਰ ਪ੍ਰਸਾਦਿ ਪਾਈਐ ਪਰਮਾਰਥੁ**
**ਸਤਸੰਗਤਿ ਸੇਤੀ ਮਨੁ ਖਚਨਾ ॥**
**ਕੀਆ ਖੇਲੁ ਬਡ ਮੇਲੁ ਤਮਾਸਾ**
**ਵਾਹਗੁਰੂ ਤੇਰੀ ਸਭ ਰਚਨਾ ॥**

**(ਅੰਕ ੧੪੦੩)**

ਭੱਟ ਬਾਣੀ ਦੀ ਹੋਰ ਖਾਸੀਅਤ ਹੈ ਕਿ ਭੱਟ, ਗੁਰੂ ਦੀ ਸ਼ਖਸੀਅਤ ਨੂੰ ਗੁਰਬਾਣੀ ਦੇ ਕੇਂਦਰ ਤੋਂ ਹੀ ਉਭਾਰਦੇ ਹਨ, ਜਿਸ ਕਰ ਕੇ ਗੁਰਬਾਣੀ ਦੀ ਮੂਲ-ਸੰਵੇਦਨਾ ਅਰਥ-ਭਰਪੂਰ ਹੋ ਕੇ ਦ੍ਰਿੜ੍ਹ ਹੋ ਜਾਂਦੀ ਹੈ। ਇਸ ਬਾਣੀ ਦਾ ਆਸ਼ਾ ਅਕਾਲ ਪੁਰਖ ਦੀ ਉਸਤਤ ਅਤੇ ਉਸ ਉਸਤਤ ਰਾਹੀਂ ਪ੍ਰਾਪਤ ਕੀਤੀ ਨਦਰ ਨੂੰ ਮਨੁੱਖੀ ਆਤਮਾ ਨਾਲ ਜੋੜਨਾ ਹੈ ਅਤੇ ਇਸ ਨੂੰ ਗੁਰੂ ਦੇ ਆਦਰਸ਼ ਰੂਪ ਦੀ ਪ੍ਰਤੀਤੀ ਕਰਾਉਣਾ ਹੈ। ਭੱਟ ਜਾਲਪ ਜੀ ਸਵੱਈਏ ਮ: ੩ ਕੇ ਵਿਚ ਇਸ ਅਵਸਥਾ ਦਾ ਵਰਣਨ ਕਿਵੇਂ ਭਾਵਪੂਰਣ ਢੰਗ ਨਾਲ ਕਰਦੇ ਹਨ :-

**ਤੈ ਪਢਿਅਉ ਇਕੁ ਮਨਿ ਧਰਿਅਉ**
**ਇਕੁ ਕਰਿ ਇਕੁ ਪਛਾਣਿਓ ॥**
**ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥**
**ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥**
**ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥**
**ਇਕਹੁ ਜਿ ਲਾਖੁ ਲਖਹੁ ਅਲਖੁ ਹੈ**
**ਇਕੁ ਇਕੁ ਕਰਿ ਵਰਨਿਅਉ ॥**
**ਗੁਰ ਅਮਰਦਾਸ ਜਾਲਪੁ ਭਣੈ**
**ਤੂ ਇਕੁ ਲੋੜਹਿ ਇਕੁ ਮੰਨਿਅਉ ॥ ੩ ॥ ੧੨ ॥**

**(ਅੰਕ ੧੩੯੪)**

ਭੱਟ ਬਾਣੀ ਦਾ ਇਤਿਹਾਸਕ ਸੰਦਰਭ ਵੀ ਮਹੱਤਵਪੂਰਨ ਹੈ

ਕਿਉਂਕਿ ਗੁਰੂ-ਘਰ ਨਾਲ ਜੁੜੇ ਕੁਝ ਪ੍ਰਸੰਗ ਪ੍ਰਤੱਖ-ਅਪ੍ਰਤੱਖ ਰੂਪ ਵਿਚ ਇਸ ਬਾਣੀ ਦਾ ਹਿੱਸਾ ਬਣੇ ਹਨ। ਗੁਰੂ-ਘਰ ਦੇ ਇਤਿਹਾਸ ਤੋਂ ਸਾਨੂੰ ਇਹ ਬਾਣੀ ਭਲੀ ਪ੍ਰਕਾਰ ਜਾਣੂੰ ਕਰਵਾਉਂਦੀ ਹੈ ਪਰ ਨਾਲ ਹੀ ਗੁਰੂ ਸਾਹਿਬਾਨ ਦੀ ਦੇਣ ਨੂੰ ਵੀ ਚਿਤਾਰਦੀ ਹੈ। ਮਥੁਰਾ ਭੱਟ ਪੰਜ ਗੁਰ-ਜੋਤਾਂ ਬਾਰੇ ਭਾਵ-ਕਿੰਨੇ ਰੂਪ ਵਿਚ ਉਚਾਰਦਾ ਹੈ :-

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**
**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥੧॥**
**ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥**
**ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥**
**ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥**
**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥**
**ਭਨਿ ਮਥੁਰਾ ਮੂਰਤਿ ਸਦਾ**
**ਥਿਰੁ ਲਾਇ ਚਿਤੁ ਸਨਮੁਖ ਰਹਹੁ ॥**
**ਕਲਜੁਗਿ ਜਹਾਜੁ ਅਰਜੁਨੁ ਗੁਰੂ**
**ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥ ੨ ॥**
**ਤਿਹ ਜਨ ਜਾਚਹੁ ਜਗਤ੍ਰ ਪਰ**
**ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥**
**ਪਰਮ ਅਤੀਤੁ ਪਰਮੇਸੁਰ ਕੈ ਰੰਗਿ**
**ਰੰਗ੍ਯ੍ਯੌ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥**
**ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯ੍ਯੌ ਬਿਨੁ ਭਗਵੰਤ**
**ਰਸੁ ਨਾਹੀ ਅਉਰੈ ਕਾਮ ਸਿਉ ॥**
**ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ**
**ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ॥੩॥**
**(ਅੰਕ ੧੪੦੮)**

ਇਹ ਠੀਕ ਹੈ ਕਿ ਭੱਟਾਂ ਨੇ ਮੁੱਖ ਰੂਪ ਵਿਚ ਗੁਰ-ਮਹਿਮਾ ਕੀਤੀ ਪਰ ਸਿੱਖ ਲਹਿਰ ਦੇ ਵਿਕਾਸ, ਸਿੱਖ ਸੰਗਮ ਦੇ ਸਮਾਜ ਦੇ ਬਦਲਦੇ ਸਰੂਪ ਬਾਰੇ ਵੀ ਇਸ ਰਚਨਾ ਤੋਂ ਗਿਆਨ ਪ੍ਰਾਪਤ ਹੁੰਦਾ ਹੈ। ਭੱਟਾਂ ਨੇ ਗੁਰੂ-ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਦੇ ਰੰਗ ਵਿਚ ਰੰਗੀਜ ਕੇ ਉਨ੍ਹਾਂ ਦੀ ਚੁੰਬਕੀ ਸ਼ਖਸੀਅਤ ਨੂੰ ਇਤਿਹਾਸਕ-ਮਿਥਿਹਾਸਿਕ ਸੰਕੇਤਾਂ ਦੁਆਰਾ ਪੂਰਵ-ਵਰਤੀ ਅਨੁਸਾਰ ਪਰੰਪਰਾ ਨਾਲ ਇਨ੍ਹਾਂ ਦੇ ਸਰੂਪ ਨੂੰ ਵੀ ਚਿਤਰਿਆ ਹੈ। ਭੱਟਾਂ ਸਾਹਮਣੇ ਰੂਹਾਨੀ ਸਿਖਰ ਅਵਤਾਰ ਹੀ ਸਨ ਅਤੇ ਇਹ ਵੀ ਦੱਸਿਆ ਹੈ ਕਿ ਉਹ ਅਵਤਾਰ ਹੁਣ ਕਲਿਜੁਗ ਵਿਚ ਲੋਕ ਕਲਿਆਣ ਹਿਤ ਅਵਤਾਰਿਤ ਹੋਏ ਹਨ। ਇਸ ਤਰ੍ਹਾਂ ਦੱਸਣ ਦਾ ਮੰਤਵ ਹੈ ਕਿ ਸਤਿਗੁਰੂ ਦੁਨਿਆਵੀ ਤੇ ਆਤਮਿਕ ਦਾਤਾਂ ਬਖਸ਼ਣਹਾਰ ਹੈ। ਸਤਿਗੁਰੂ ਯੁਗਾਂ-ਯੁਗਾਤਰਾਂ ਤੋਂ ਆਪਣੇ ਸੇਵਕਾਂ ਦੀ ਲਾਜ ਰੱਖਦਾ ਤੇ ਬਿਰਦ ਪਾਲਦਾ ਆਇਆ ਹੈ। ਸੁਦਾਮਾ, ਦਰੋਪਤੀ, ਧਰੂਹ, ਪ੍ਰਹਿਲਾਦ ਆਦਿ ਦੀ ਜਿਵੇਂ ਪਰਮਾਤਮਾ ਨੇ ਪਹਿਲੇ ਲਾਜ ਰੱਖੀ ਸੀ, ਹੁਣ ਸਤਿਗੁਰੂ ਜੋ ਪਰਮਾਤਮਾ ਦਾ ਸਰੂਪ ਹੈ, ਲਾਜ ਰੱਖਣ ਵਾਲਾ ਹੈ। ਭੱਟਾਂ ਦੀ ਸ਼ਰਧਾ ਭਰੀ ਪ੍ਰੇਰਨਾ ਭਾਵਨਾ ਨੂੰ ਜੇ ਸੂਖਮ ਨਾਲ ਵੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਭੱਟਾਂ ਦੀ ਗੁਰ-ਉਪਮਾ ਦੀ ਸ਼ਿੱਦਤ ਵਿਚ ਗੁਰੂ-ਸਾਹਿਬਾਨ ਦਾ ਲੋਕ-ਕਲਿਆਣ ਦੇ ਆਦਰਸ਼ਾਂ ਨੂੰ ਆਪਣੇ ਟੀਚਿਆਂ ਵਿਚ ਪ੍ਰਮੁੱਖਤਾ ਦੇਣਾ ਹੈ। ਗੁਰੂ ਸਾਹਿਬਾਨ ਆਤਮਿਕ ਪੱਖੋਂ ਹੀ ਮਹਾਨ ਨਹੀਂ, ਸਗੋਂ ਸਮਾਜਿਕ ਪੱਖੋਂ ਵੀ, ਰਾਜਨੀਤਿਕ ਪੱਖੋਂ ਲੋਕ-ਹਿਤੂ ਤੇ ਕ੍ਰਾਂਤੀਕਾਰੀ ਸਨ। ਭੱਟਾਂ ਦੇ ਇਤਿਹਾਸਿਕ ਤੇ ਮਿਥਿਹਾਸਿਕ ਹਵਾਲਿਆਂ ਦਾ ਮਨੋਰਥ ਗੁਰੂ ਸਾਹਿਬਾਨ ਦੇ ਸ਼ਕਤੀਸ਼ਾਲੀ ਬਿੰਬ ਨੂੰ ਲੋਕ-ਮਾਨਸ ਵਿਚ ਸਥਾਪਿਤ ਕਰਨਾ ਹੈ। ਗੁਰੂ ਸਾਹਿਬਾਨ ਦੇ ਜੋ ਚਿੱਤਰ ਭੱਟਾਂ ਨੇ ਆਪਣੀ ਬਾਣੀ ਵਿਚ ਸਿਰਜੇ ਹਨ, ਲੋਕ-ਮਾਨਸ ਵਿਚ ਹੁਣ ਵੀ ਇਨ੍ਹਾਂ ਨੂੰ ਮਾਨਤਾ ਪ੍ਰਵਾਨ ਹੈ ਅਤੇ ਅੱਜ ਵੀ ਉਨ੍ਹਾਂ ਦੇ ਹਿਰਦਿਆਂ ਵਿਚ ਨਿਵਾਸ ਕਰ ਰਹੇ ਹਨ।

ਭੱਟ ਬਾਣੀ ਦੀ ਪ੍ਰਾਸੰਗਿਕਤਾ ਗੁਰਬਾਣੀ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਨਾਲ ਵੀ ਜੁੜਦੀ ਹੈ। ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਪੀਪਾ, ਭਗਤ ਸੈਨ ਆਦਿ ਦੀ ਬਾਣੀ ਵਿਚ ਨਿਰਗੁਣ ਬ੍ਰਹਮ ਲਈ ਵਰਤੇ ਬਿੰਬ ਜਿਸ ਤਰ੍ਹਾਂ ਸਰਗੁਣ ਦੀ ਭੂਮਿਕਾ ਨੂੰ ਨਕਾਰਦੇ ਹਨ, ਉਸੇ ਤਰ੍ਹਾਂ ਭੱਟ ਬਾਣੀ ਵਿਚ ਵੀ ਸਰਗੁਣ ਦੀ ਇਸ ਭੂਮਿਕਾ ਨੂੰ ਅਰਥ-ਭਰਪੂਰ ਨਹੀਂ ਬਣਾਇਆ ਗਿਆ। ਭੱਟ ਬਾਣੀ ਦਾ ਇਹ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਅਨੁਕੂਲ ਹੈ। ਭੱਟ ਬਾਣੀ ਨੂੰ ਅਸੀਂ ਗੁਰਬਾਣੀ ਦੀ ਮੂਲ-ਸੰਵੇਦਨਾ ਤੋਂ ਵੱਖ ਕਰ ਕੇ ਨਹੀਂ ਵੇਖ ਸਕਦੇ। ਗੁਰਬਾਣੀ ਦੀਆਂ ਸੰਚਾਰ ਜੁਗਤਾਂ ਭੱਟ ਬਾਣੀ ਰਾਹੀਂ ਵਧੇਰੇ ਅਰਥ-ਭਰਪੂਰ ਬਣੀਆਂ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭੱਟ ਬਾਣੀ ਦਾ ਪ੍ਰਮੁੱਖ ਸੁਰ ਭਾਵੇਂ ਗੁਰੂ-ਸੁਤੋਤਰ ਹੈ, ਫਿਰ ਵੀ ਇਸ ਵਿਚ ਅਤਿਸ਼ੋਕਤੀ ਪੂਰਵ ਵਰਣਨ ਨਹੀਂ ਹੋਇਆ, ਕਿਉਂਕਿ ਗੁਰੂ ਸਾਹਿਬਾਨ ਦੇ ਜੀਵਨ ਦੇ ਆਦਰਸ਼ ਤੇ ਇਸ ਬਾਣੀ ਦੀ ਮਰਿਯਾਦਾ ਦਾ ਪੂਰਣ ਸੰਵੇਦਨਾ ਦਾ ਹਿੱਸਾ ਰਹੇ ਹਨ। ਇਸ ਤੋਂ ਇਲਾਵਾ ਭੱਟ ਬਾਣੀ ਪਰਵਰਤੀ ਸਿੱਖ ਰਚਨਾਕਾਰਾਂ ਦੀ ਪ੍ਰੇਰਨਾ-ਸ੍ਰੋਤ ਬਾਣੀ ਹੈ। ਇਸੇ ਨੂੰ ਆਧਾਰ ਬਣਾ ਕੇ ਜਨਮ ਸਾਖੀਆਂ ਗੁਰ ਜੀਵਨ ਤੇ ਗੁਰੂ ਮਹਿਮਾ ਸੰਬੰਧੀ ਰਚੇ ਗਏ ਗ੍ਰੰਥਾਂ ਜਿਵੇਂ ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਯ' ਗ੍ਰੰਥ, ਬਾਵਾ ਸਰੂਪ ਦਾਸ ਭਲਾ ਕ੍ਰਿਤ 'ਮਹਿਮਾ ਪ੍ਰਕਾਸ਼' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੀ

ਰਚਨਾ ਨਿਰੰਤਰ ਹੁੰਦੀ ਰਹੀ ਹੈ।

ਭੱਟ ਬਾਣੀ ਦੀ ਤਰ੍ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ ਰਾਮਕਲੀ ਕੀ ਵਾਰ – ਰਾਇ ਬਲਵੰਡ ਤਥਾ ਸਤੇ ਆਖੀ ਵਿਚ ਵੀ ਸਿੱਖ ਦਰਸ਼ਨ ਤੇ ਇਤਿਹਾਸ ਦੇ ਮੁਢਲੇ ਪੜਾਵਾਂ ਦੀ ਪ੍ਰਸਤੁਤੀ ਹੋਈ ਹੈ। ਇਸ ਤੋਂ ਵੀ ਸਿੱਖ ਫਲਸਫੇ ਦੀ ਸਥੂਲ ਰੂਪ ਰੇਖਾ ਅਤੇ ਸਿੱਖ ਫਲਸਫੇ ਦਾ ਬਾਹਰੀ ਰੂਪ ਜਿਨ੍ਹਾਂ ਸ਼ਕਤੀਆਂ ਨਾਲ ਜੁੜ ਕੇ ਉਭਰ ਰਿਹਾ ਸੀ, ਦੀ ਸੋਝੀ ਪੈਂਦੀ ਹੈ। ਸਿੱਖ ਸਭਿਆਚਾਰ ਦੀਆਂ ਆਰੰਭਿਕ ਇਕਾਈਆਂ ਕਿਸ ਤਰ੍ਹਾਂ ਵਿਕਸਿਤ ਹੋ ਰਹੀਆਂ ਸਨ, ਬਾਰੇ ਵੀ ਇਸ ਤੋਂ ਭਲੀ ਭਾਂਤ ਜਾਣਕਾਰੀ ਮਿਲਦੀ ਹੈ ਜਿਵੇਂ :–

**ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥**
**ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥**
**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥**
**ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥**
**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥**
**ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥**
**ਸਹਿ ਟਿਕਾ ਦਿਤੋਸੁ ਜੀਵਦੈ ॥ ੧ ॥**
**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**
**ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥**
**ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥**
**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥**
**ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥**
**ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥**
**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥**
**ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥**
**ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥**
**ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥**
**ਕਉਣੁ ਹਾਰੇ ਕਿਨਿ ਉਵਟੀਐ ॥ ੨ ॥**

**(ਅੰਕ ੯੬੬)**

ਸੋ ਭੱਟਾਂ ਦੀ ਬਾਣੀ ਰਚਨਾ ਦੇ ਸਾਹਮਣੇ ਇਕ ਨਿਸ਼ਚਿਤ ਮਨੋਰਥ ਸੀ, ਆਤਮਿਕ ਸ਼ਾਂਤੀ ਦੀ ਪ੍ਰਾਪਤੀ। ਉਨ੍ਹਾਂ ਦੀ ਬਾਣੀ ਰਚਨਾ ਸ਼ਾਂਤੀ ਪ੍ਰਾਪਤੀ ਕਰ ਕੇ ਸਹਿਜ–ਅਵਸਥਾ ਵਿਚੋਂ ਉਗਮਿਆ ਹੋਇਆ ਬੋਲ ਸੀ। ਇਸ ਦਾ ਪਾਠ ਕਰਨ ਵਾਲੇ ਸ਼ਰਧਾਲੂਆਂ ਨੇ ਇਸ ਬਾਣੀ ਦੀ ਮੂਲ ਭਾਵਨਾ ਨੂੰ ਮਨ ਵਿਚ ਵਸਾ ਕੇ ਅੱਗੋਂ ਬਹੁਤ ਸਾਰੀ ਹੋਰ ਰਚਨਾ ਕੀਤੀ ਅਤੇ ਗੁਰ ਮੂਰਤ ਨੂੰ ਅਵਤਾਰ ਰੂਪ ਵਿਚ ਸਿਰਜਿਆ ਅਤੇ ਜਿਸ ਦਾ ਪ੍ਰਭਾਵ ਅਗਲੇਰੀਆਂ ਰਚਨਾਵਾਂ 'ਤੇ ਵੀ ਪੈਂਦਾ ਗਿਆ। ਜਨਮ ਸਾਖੀਆਂ ਵਿਚ ਤਾਂ ਇਹ ਪਰੰਪਰਾ ਭਰਪੂਰ ਰੂਪ ਵਿਚ ਅਪਣਾਈ ਗਈ।

ਭੱਟ ਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਹ ਕਿਸੇ ਨਿਸ਼ਚਿਤ ਰਾਗ ਵਿਚ ਨਹੀਂ ਲਿਖੀ ਗਈ ਪਰ ਇਸ ਦਾ ਆਂਤਰਿਕ ਅਨੁਸ਼ਾਸਨ ਇਤਨਾ ਸਹਿਜ, ਸਰਲ ਹੈ ਕਿ ਇਸ ਨੂੰ ਲੈ–ਬਧਾ ਢੰਗ ਨਾਲ ਵਿਚਾਰਿਆ ਤੇ ਗਾਇਆ ਜਾ ਸਕਦਾ ਹੈ। ਭੱਟ ਬਾਣੀਕਾਰਾਂ ਵਿਚ ਖੁਦ ਵੀ ਗੁਰਬਾਣੀ ਦੇ ਪ੍ਰਚਾਰ ਕਰਨ ਹਿਤ ਇਸ ਬਾਣੀ ਦਾ ਸੁੰਦਰ ਗਾਇਨ ਕਰਨ ਦੀ ਪਰੰਪਰਾ ਰਹੀ ਹੈ। ਭੱਟ ਬਾਣੀ ਦਾ ਪ੍ਰਮੁੱਖ ਛੰਦ ਸਵੱਈਆ ਹੈ। ਇਸੇ ਲਈ ਇਸ ਬਾਣੀ ਦਾ ਸਿਰਲੇਖ ਹੈ, ਸਵੱਈਏ ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ ਆਦਿ। ਇਥੇ ਸਵੱਈਆ ਉਸਤਤ ਦਾ ਹੀ ਪ੍ਰਯਾਯਵਾਦੀ ਬਣ ਗਿਆ ਹੈ। ਸਵੱਈਏ ਤੋਂ ਇਲਾਵਾ ਚੌਪਈ, ਕਬਿਤ, ਦੋਹਰਾ, ਸਲੋਕ ਆਦਿ ਨਾਲ ਹੀ ਪ੍ਰਾਯੁਕਤ ਹੋਏ ਮਿਲਦੇ ਹਨ। ਸੰਗੀਤਾਤਮਿਕਤਾ ਇਸ ਬਾਣੀ ਦਾ ਮੀਰੀ ਗੁਣ ਹੈ। ਸ਼ਬਦ–ਚੋਣ ਤੇ ਸ਼ਬਦ–ਬੀੜਨ ਦੀ ਯੁਕਤੀ ਇਸ ਤਰ੍ਹਾਂ ਹੈ ਕਿ ਇਸ ਬਾਣੀ ਦਾ ਪਾਠ ਕਰਦਿਆਂ ਤੇ ਗਾਉਂਦਿਆਂ ਸੰਗੀਤਮਈ ਵਾਤਾਵਰਣ ਸਿਰਜਿਆ ਜਾਂਦਾ ਹੈ ਅਤੇ ਪਾਠਕ ਤੇ ਸਰੋਤੇ ਦੋਵੇਂ ਸੰਗੀਤ ਦੇ ਰੂਹਾਨੀ ਮੰਡਲਾਂ ਵਿਚ ਪੁੱਜ ਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਅੰਮ੍ਰਿਤ ਵੇਲੇ ਜਦ ਭੱਟ ਬਾਣੀ ਦਾ ਗਾਇਨ ਪ੍ਰੇਮ ਭਾਵਨਾ ਸਹਿਤ ਸ਼ਰਧਾਲੂ ਉਚੇ ਸੁਰ ਵਿਚ ਗਾਉਂਦੇ ਹਨ ਤਾਂ ਰੂਹਾਨੀ ਵਾਯੂਮੰਡਲ ਵਿਚ ਸੁਰ–ਤਰੰਗਾਂ ਸੰਗਤ ਨੂੰ ਮੰਤਰ–ਮੁਗਧ ਕਰ ਦਿੰਦੀਆਂ ਹਨ।

ਭੱਟ ਬਾਣੀ ਦੀ ਦੇਣ ਹੈ ਕਿ ਇਸ ਦਾ ਰਚਨਾਤਮਕ ਸੰਸਾਰ ਹਿੰਦੂ ਧਰਮ ਦਰਸ਼ਨ ਨੂੰ ਗੁਰਮਤਿ ਦਰਸ਼ਨ ਦੇ ਸੰਦਰਭ ਵਿਚ ਨਵੇਂ ਅਰਥਾਂ ਵਿਚ ਪੇਸ਼ ਕਰਨ ਦੇ ਸਮਰੱਥ ਹੋਇਆ ਹੈ। ਇਹ ਜੁਗਤਿ ਦੇ ਫਲਸਫਿਆਂ ਦੇ ਆਦਾਨ–ਪ੍ਰਦਾਨ ਵਿਚ ਸਹਾਈ ਹੋਈ ਹੈ।

ਭੱਟਾਂ ਦੀ ਸਿਫਤ ਰਹੀ ਹੈ ਕਿ ਜਿਥੇ ਉਨ੍ਹਾਂ ਨੇ ਇਸ ਬਾਣੀ ਦੀ ਰਚਨਾ ਕੀਤੀ, ਉਥੇ ਗੁਰੂਆਂ ਦੀ ਬਖਸ਼ਿਸ਼ ਸਦਕਾ ਕਥਨੀ ਤੇ ਕਰਨੀ ਦੇ ਵੀ ਪੂਰੇ ਸਾਬਿਤ ਹੋਏ। ਗੁਰੂ–ਪਿਆਰ ਅਤੇ ਗੁਰੂ ਆਦਰਸ਼ਾਂ ਮੁਤਾਬਿਕ ਉਨ੍ਹਾਂ ਆਪਣਾ ਜੀਵਨ ਢਾਲਿਆ ਅਤੇ ਮੌਕਾ ਆਉਣ 'ਤੇ ਹੋਰ ਜੁਝਾਰੂ ਸਿੱਖ ਸੂਰਮਿਆਂ ਵਾਂਗੂ ਆਪਣਾ ਬਲੀਦਾਨ ਰਣ–ਭੂਮੀ ਵਿਚ ਦੇ ਦਿੱਤਾ। ਭੱਟ ਕੀਰਤ ਮਹਾਨ ਯੋਧੇ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਖਲਿਸ ਖਾਂ ਨਾਲ ਹੋਏ ਯੁੱਧ ਵਿਚ ਜੂਝਦਿਆਂ ਸ਼ਹੀਦੀ ਪਾਈ ਸੀ। ਸਮੁੱਚੇ ਤੌਰ 'ਤੇ ਇਹ ਮੰਨਣਾ ਪੈਂਦਾ ਹੈ ਕਿ ਭੱਟ ਬਾਣੀ ਗੁਰੂ ਸਾਹਿਬਾਨ ਪ੍ਰਤੀ ਸਿੱਖ ਜਨ–ਸਾਧਾਰਨ ਦੇ ਮਨ ਵਿਚ ਸ਼ਰਧਾ, ਸਤਿਕਾਰ, ਵਿਸ਼ਵਾਸ ਪੈਦਾ ਕਰਨ ਵਿਚ ਵਾਧਾ ਕਰਨ ਦੇ ਨਾਲ ਸਿੱਖ ਸਿਧਾਂਤਾਂ, ਸਿੱਖ ਇਤਿਹਾਸ ਦੇ ਮੁਢਲੇ ਪੜਾਵਾਂ ਬਾਰੇ ਭਰੋਸੇ ਯੋਗ ਜਾਣਕਾਰੀ ਦੇਣ ਵਾਲੀ ਹੈ।

– ਡਾ. ਗੁਰਚਰਨ ਸਿੰਘ ਮਹਿਤਾ

# ਸ੍ਰੀ ਗੁਰੂ ਰਾਮਦਾਸ ਜੀ

ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਮਾਲਕ ਚੌਥੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਚੂਨਾ ਮੰਡੀ ਲਾਹੌਰ, ਕੱਤਕ ਵਦੀ 2 ਸੰਮਤ 1591 ਨੂੰ ਹੋਇਆ। ਛੋਟੀ ਉਮਰ ਵਿਚ ਹੀ ਮਾਤਾ ਜੀ ਗੁਜਰ ਗਏ, ਸੱਤ ਕੁ ਸਾਲ ਦੀ ਉਮਰ ਵਿਚ ਪਿਤਾ ਜੀ ਦਾ ਸਾਇਆ ਸਿਰ ਤੋਂ ਉੱਠ ਗਿਆ, ਨਾਨੀ ਆਪਣੇ ਪਿੰਡ ਬਾਸਰਕੇ ਲੈ ਗਈ। ਸਾਧਾਰਨ ਪਰਿਵਾਰ ਵਿਚ ਬਚਪਨ ਦਾ ਪਾਲਣ-ਪੋਸਣ ਹੋਇਆ। ਆਪ ਜੀ ਦਾ ਬਚਪਨ ਵਿਚ ਨਾਮ ਜੇਠਾ (ਘਰ ਵਿਚ ਪਹਿਲਾ ਪੁੱਤਰ ਹੋਣ ਕਰ ਕੇ) ਕਿਹਾ ਜਾਂਦਾ ਸੀ। ਨਾਨੀ ਆਪ ਨੂੰ ਘੁੰਘਣੀਆਂ (ਉਬਾਲੇ ਹੋਏ ਛੋਲੇ) ਬਣਾ ਕੇ ਦੇ ਦਿੰਦੀ, ਆਪ ਜੀ ਵੇਚ ਆਉਂਦੇ ਤੇ ਇਸ ਨਾਲ ਘਰ ਦਾ ਗੁਜ਼ਾਰਾ ਚਲਦਾ। ਜੇਠਾ ਜੀ ਨਾਨੀ ਪਾਸ ਪੰਜ ਕੁ ਸਾਲ ਰਹੇ। ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਤੀਸਰੀ ਜੋਤ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਨਾਮ ਬਾਣੀ ਦੇ ਪਰਵਾਹ ਦੁਆਰਾ ਸੰਗਤਾਂ ਨੂੰ ਤਾਰ ਰਹੇ ਸਨ। ਭਾਈ ਜੇਠਾ ਜੀ ਕਦੇ ਕਦਾਈਂ ਗੋਇੰਦਵਾਲ ਚਲੇ ਜਾਂਦੇ।



ਇਤਿਹਾਸਕਾਰਾਂ ਇਹ ਸਮਾਂ 1546 ਈ. ਦਾ ਲਿਖਿਆ ਹੈ। ਗੋਇੰਦਵਾਲ ਸਾਹਿਬ ਸਿੱਖੀ ਦਾ ਧੁਰਾ ਸੀ, ਇਥੇ ਬਉਲੀ ਸਾਹਿਬ ਦੀ ਸੇਵਾ ਚਲਦੀ ਸੀ। ਇਤਿਹਾਸਕਾਰਾਂ ਦੇ ਕਥਨ ਅਨੁਸਾਰ, ਭਾਈ ਜੇਠਾ ਜੀ ਭਾਈ ਪਾਰੋ (ਜੋ ਉਸ ਸਮੇਂ ਦੇ ਇਕ ਕਰਨੀ ਵਾਲੇ ਸਿੱਖ ਹੋਏ ਹਨ) ਨਾਲ ਮਿਲ ਕੇ ਬਉਲੀ ਦੀ ਸੇਵਾ ਕਰਦੇ। ਇਹ ਬਉਲੀ ਸਾਹਿਬ 84 ਪਉੜੀਆਂ ਵਾਲਾ ਕਲਯੁਗ ਅੰਦਰ ਇਕ ਐਸਾ ਮੁਕਤੀ ਕੇਂਦਰ ਬਣਾਇਆ ਕਿ ਬਾਕੀ ਸਭ ਪ੍ਰਕਾਰ ਦੇ ਕਰਮ-ਕਾਂਡਾਂ ਤੋਂ ਛੁਟਕਾਰਾ ਪਾ ਕੇ ਮਨੁੱਖ ਇਥੇ ਅਕਾਲ ਪੁਰਖ ਦਾ ਅਖੰਡ ਜਾਪ ਕਰ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ। ਗੁਰੂ ਜੀ ਨੇ ਵਰ ਦਿੱਤਾ ਕਿ ਜਿਹੜਾ ਸਿੱਖ ਸੇਵਕ ਇਥੇ 84 ਪਾਠ - ਜਪੁਜੀ ਸਾਹਿਬ ਦੇ ਕਰੇਗਾ, ਉਸ ਦਾ 84 ਦਾ ਜਨਮ ਮਰਨ ਦਾ ਗੇੜ ਕੱਟਿਆ ਜਾਵੇਗਾ।

ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਨੂੰ ਬੜੀ ਗੰਭੀਰਤਾ ਨਾਲ ਇਸ ਸੇਵਾ ਭਾਵ ਦੇ ਕੰਮ ਵਿਚ ਦੇਖ ਰਹੇ ਸਨ, ਇਹ ਦੇਖਣਾ ਕੋਈ ਆਮ ਸਾਧਾਰਨ ਨਹੀਂ ਸੀ ਸਗੋਂ ਪਾਰਦਰਸ਼ਤਾ ਸੀ। ਇਸ ਦੇਖਣੀ ਵਿਚ ਆਉਣ ਵਾਲੇ ਸਮੇਂ ਗੁਰਗੱਦੀ ਦੀ ਜ਼ਿੰਮੇਵਾਰੀ ਦਾ ਭਾਰ ਸੰਭਾਲਣ ਦਾ ਸੀ। ਇਤਿਹਾਸ ਦੀ ਸਾਖੀ ਅਨੁਸਾਰ, ਗੁਰੂ ਅਮਰਦਾਸ ਜੀ ਦੀ ਛੋਟੀ ਲੜਕੀ ਬੀਬੀ ਭਾਨੀ ਦੇ ਰਿਸ਼ਤੇ ਬਾਰੇ ਗੱਲ ਚੱਲਣ 'ਤੇ ਭਾਈ ਜੇਠਾ ਜੀ 'ਤੇ ਨਿਗਾਹ ਗਈ ਤਾਂ ਇਹੀ ਰਿਸ਼ਤਾ ਪੱਕਾ ਕਰ ਦਿੱਤਾ। 1553 ਈ. ਨੂੰ ਸ਼ਾਦੀ ਹੋਈ।

ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲ ਪੁਰਖ ਦੇ ਪੰਥ ਨੂੰ ਅੱਗੇ ਤੋਰਨ ਲਈ ਗੁਰਗੱਦੀ ਦਾ ਭਾਰ ਭਾਈ ਜੇਠਾ ਜੀ ਨੂੰ ਭਾਦਰੋਂ ਸੁਦੀ 13 ਸੰਮਤ 1631 ਨੂੰ ਗੋਇੰਦਵਾਲ ਵਿਖੇ ਸਉਪਿਆ। ਗੁਰ ਮਰਿਆਦਾ ਅਨੁਸਾਰ ਇਹ ਗੁਰਗੱਦੀ ਦੀ ਜਿੰਮੇਵਾਰੀ ਯੋਗ ਵਿਅਕਤੀ ਨੂੰ ਹੀ ਸੌਂਪੀ ਜਾਂਦੀ ਸੀ। ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਮੋਹਰੀ ਤੇ ਮੋਹਣ ਸਨ। ਇਸ ਗੁਰਗੱਦੀ ਵਾਸਤੇ ਨਾ ਤਾਂ ਜ਼ਰੂਰੀ ਸੀ ਕਿ ਬਿੰਦੀ ਸੰਤਾਨ ਦਾ ਵੱਡਾ ਸਪੁੱਤਰ ਹੋਵੇ, ਨਾ ਹੀ ਉਮਰ ਦੀ ਕਸਵੱਟੀ ਹੁੰਦੀ ਸੀ। ਇਹ ਤਾਂ ਜੋਤ ਦਾ ਪ੍ਰਕਾਸ਼ ਹੈ, ਕਿਸੇ ਵੀ ਵਿਅਕਤੀ ਅੰਦਰ ਹੋ ਸਕਦਾ ਹੈ ਤੇ ਕਿਸੇ ਉਮਰੇ ਵੀ ਹੋ ਸਕਦਾ ਹੈ। ਭਾਈ ਗੁਰਦਾਸ ਨੇ ਇਸ ਬਾਰੇ ਵਰਣਨ ਕੀਤਾ ਹੈ :

**ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ**
**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।**

**ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।**
**ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।**

ਗੁਰੂ ਰਾਮਦਾਸ ਜੀ ਨੇ ਵੀ ਗੁਰਗੱਦੀ ਦੀ ਬਖ਼ਸ਼ਿਸ਼ ਬਾਰੇ ਜ਼ਿਕਰ ਕੀਤਾ ਹੈ :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥**

ਗੁਰਗੱਦੀ ਸੌਂਪਣ ਉਪਰੰਤ ਗੁਰੂ ਰਾਮਦਾਸ ਜੀ ਨੂੰ ਨਵਾਂ ਕੇਂਦਰ ਬਣਾਉਣ ਲਈ ਵੀ ਆਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਬਣਾ ਕੇ ਖਡੂਰ ਸਾਹਿਬ ਭੇਜਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਭੇਜਿਆ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਬਣਾ ਕੇ ਸ੍ਰੀ ਅੰਮ੍ਰਿਤਸਰ ਜੋ ਉਸ ਸਮੇਂ ਚੱਕ ਗੁਰੂ ਰਾਮਦਾਸ ਪੁਰਾ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਸੀ, ਵਸਾਉਣ ਲਈ ਭੇਜਿਆ।

**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥**

ਇਸ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਇਤਿਹਾਸਕਾਰਾਂ ਨੇ ਤਪੋਵਨ ਆਖਿਆ ਹੈ, ਇੱਥੇ ਜੋਗੀਆਂ ਦੇ ਮੱਠ ਵੀ ਸਨ। ਇਸ ਅਸਥਾਨ 'ਤੇ ਜੰਗਲ ਤੇ ਬੇਰੀਆਂ ਸਨ ਅਤੇ ਜੜੀਆਂ ਬੂਟੀਆਂ ਵੀ ਸਨ। ਗੁਰੂ ਨਾਨਕ ਦੇਵ ਜੀ ਦੀਪਾਲ ਪੁਰ ਜਾਂਦੇ ਹੋਏ ਇਥੇ ਠਹਿਰੇ। ਗੁਰੂ ਅੰਗਦ ਦੇਵ ਜੀ ਇਥੋਂ ਹੀ ਬੂਟੀ ਲੈ ਕੇ ਇਲਾਜ ਲਈ ਵਰਤਦੇ, ਇਸ ਨੂੰ ਦੁੱਖ ਭੰਜਨੀ ਕਿਹਾ ਗਿਆ ਹੈ, ਇਹ ਅਸਥਾਨ ਅੱਜ ਦੁੱਖ ਭੰਜਨੀ (ਬੇਰੀ) ਕਰ ਕੇ ਮੰਨਿਆ ਜਾਂਦਾ ਹੈ।

ਇਤਿਹਾਸਕਾਰਾਂ ਦੇ ਕਥਨ ਅਨੁਸਾਰ, ਗੁਰੂ ਅਮਰਦਾਸ ਜੀ ਆਪਣੀ ਆਯੂ ਦੇ 6 ਸਾਲ 11 ਮਹੀਨੇ ਤੇ 17 ਦਿਨ, ਜੇਠਾ (ਗੁਰੂ ਰਾਮਦਾਸ) ਜੀ ਨੂੰ ਦੇ ਕੇ ਸਚਖੰਡ ਸਿਧਾਰ ਗਏ। ਗੁਰੂ ਰਾਮਦਾਸ ਜੀ ਨੂੰ ਸ੍ਰੀ ਅੰਮ੍ਰਿਤਸਰ (ਸਿਫਤੀ ਦਾ ਘਰ) ਨੂੰ ਜਿਹੜੀ ਸਤਜੁਗੀ ਤਪੋ ਸਥਾਨ ਸੀ, ਨੂੰ ਪ੍ਰਗਟ ਕਰ ਕੇ ਕਲਜੁਗੀ ਜੀਵਾਂ ਦੇ ਕਲਿਆਣ ਹਿਤ ਸਥਾਪਤ ਕਰਨ ਦਾ ਹੁਕਮ ਦਿੱਤਾ।

ਗੁਰੂ ਅਮਰਦਾਸ ਜੀ ਨੇ 52 ਕਿਸਮ ਦੇ ਕਿੱਤਿਆਂ ਦੇ ਲੋਕਾਂ ਨੂੰ ਇਸ ਅਸਥਾਨ 'ਤੇ ਆ ਕੇ ਵੱਸਣ ਦਾ ਆਦੇਸ਼ ਦਿੱਤਾ ਤੇ ਬਰਕਤਾਂ ਤੇ ਰਹਿਮਤਾਂ ਦਿੱਤੀਆਂ। ਸਿੱਖ ਧਰਮ ਗ੍ਰਹਿਸਤੀਆਂ ਦਾ ਧਰਮ ਹੈ। ਗੁਰੂ ਜੀ ਨੇ ਆਪਣੇ ਸਿੱਖ ਸੇਵਕਾਂ ਨੂੰ ਕਿਰਤ, ਨਾਮ ਤੇ ਵੰਡ ਛਕਣ ਦਾ ਉਪਦੇਸ਼ ਦ੍ਰਿੜ੍ਹ ਕਰਾਇਆ, ਜਿਹੜਾ ਉਪਦੇਸ਼ ਪਹਿਲੇ ਗੁਰੂ ਹੀ ਦੇ ਗਏ ਸਨ। ਗੁਰੂ ਜੀ ਦੇ ਸਮੇਂ ਜੋਗੀਆਂ, ਸੰਨਿਆਸੀਆਂ ਅਤੇ ਉਦਾਸੀਆਂ ਦਾ ਕਾਫੀ ਬੋਲ-ਬਾਲਾ ਸੀ। ਗੁਰੂ ਜੀ ਨੇ ਅੰਮ੍ਰਿਤਸਰ ਸਿੱਖਾਂ ਲਈ ਨਵਾਂ ਕੇਂਦਰ, ਤੀਰਥ ਅਸਥਾਨ ਕਾਇਮ ਕੀਤਾ।

ਸਰ ਜਾਦੂਨਾਥ ਸਿਰਕਾਰ ਦਾ ਕਥਨ ਹੈ ਕਿ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਨਾਲ ਸਿੱਖਾਂ ਨੇ ਹਿੰਦੂ ਤੀਰਥਾਂ 'ਤੇ ਜਾਣ ਦਾ ਖ਼ਿਆਲ ਛੱਡ ਦਿੱਤਾ।

ਮੁਹੰਮਦ ਲਤੀਫ਼ ਅਨੁਸਾਰ ਸਿੱਖ ਕੌਮ ਦੀ ਨੀਂਹ ਰੱਖ ਦਿੱਤੀ ਗਈ, ਸਿੱਖਾਂ ਅੰਦਰ ਇਕ ਥਾਂ ਇਕੱਠਿਆਂ ਮਿਲ ਬੈਠਣ ਦਾ ਕੇਂਦਰ ਸਥਾਪਤ ਹੋ ਗਿਆ।

ਗੁਰੂ ਰਾਮਦਾਸ ਜੀ ਨੇ ਆਪਣੇ ਸਿੱਖ ਸੇਵਕਾਂ ਨੂੰ ਸੇਵਾ ਭਾਵ, ਦਸਾਂ ਨਹੁੰਆਂ ਦੀ ਕਿਰਤ ਕਰ ਕੇ ਯਥਾ ਸ਼ਕਤ ਦਾਨ ਹਿਤ ਦੇਣ ਨੂੰ ਉਪਦੇਸ਼ ਦਿੱਤਾ, ਗ੍ਰਹਿਸਤੀਆਂ ਨੂੰ ਪਵਿੱਤਰ ਮੰਨਿਆਂ ਜਿਨ੍ਹਾਂ ਦੇ ਹੱਥੋਂ ਅਭਿਆਗਤਾ ਨੂੰ ਸਹਾਰਾ ਮਿਲਦਾ ਹੈ। ਗੁਰੂ ਜੀ ਨੇ ਜੋਗਮਤ, ਅਭਿਆਗਤ ਤੇ ਸਿਧਾਂਤਾਂ ਨੂੰ ਆਤਮੀਕਰਨ ਕਰ ਕੇ ਇਕ ਨਵਾਂ ਵਾਤਾਵਰਣ ਸਿਰਜਿਆ।

ਇਸ ਦੇ ਨਾਲ ਹੀ ਗੁਰੂ ਜੀ ਨੇ ਸਿੱਖ ਸੇਵਕਾਂ ਲਈ ਨਿਤ ਦਾ ਜੀਵਨ ਉਲੀਕਦਿਆਂ ਆਪਣੇ ਨਿੱਜੀ ਅਨੁਭਵ ਤੇ ਜੀਵਨ ਤਜਰਬੇ ਨੂੰ ਇਸ ਵਿਚ ਸਾਂਝਾ ਕੀਤਾ ਹੈ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥**

ਗੁਰੂ ਜੀ ਨੇ ਗ੍ਰਹਿਸਤ ਤੇ ਨਿੱਜੀ ਜੀਵਨ ਆਚਾਰ ਨੂੰ ਸਿੱਖ ਸੰਗਤਾਂ ਅੰਦਰ ਕਿਰਤ ਕਰਨ, ਨਾਮ ਜਪਣ, ਵੰਡ ਛਕਣ, ਸੇਵਾ ਕਰਨ ਆਦਿ ਜੀਵਨ ਦੇ ਬੁਨਿਆਦੀ ਅਸੂਲਾਂ ਨੂੰ ਦ੍ਰਿੜ੍ਹ ਕਰਾਇਆ। ਇਸ ਉਪਦੇਸ਼ ਨੇ ਸਿੱਖਾਂ ਅੰਦਰ ਇਹ ਵਿਸ਼ਵਾਸ ਦ੍ਰਿੜ੍ਹ ਕਰਾਇਆ ਕਿ ਗ੍ਰਹਿਸਤ ਵਿਚ ਰਹਿ ਕੇ ਇਕ ਆਦਰਸ਼ ਜੀਵਨ ਜੀਵਿਆ ਜਾ ਸਕਦਾ ਹੈ।

ਗੁਰੂ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ

ਹੀ ਗੁਰੂ ਸਿਧਾਂਤ ਨੂੰ ਸਰੀਰ ਤੋਂ ਉਤਾਂਹ ਉਠਾ ਕੇ ਸ਼ਬਦ ਬਾਣੀ ਪ੍ਰਤਿ ਨਿਸ਼ਠਾ ਕਾਇਮ ਕਰਵਾਇਆ। ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਸਤਿਗੁਰੂ ਨੂੰ ਸਭ ਸਿੱਖ ਸੰਗਤਾਂ ਦੇਖਦੀਆਂ ਹਨ ਪ੍ਰੰਤੂ ਜਦੋਂ ਤਕ ਗੁਰ ਸ਼ਬਦ 'ਤੇ ਵਿਚਾਰ ਨਹੀਂ ਕਰਦੇ, ਉਦੋਂ ਤੱਕ ਮੁਕਤੀ ਪ੍ਰਾਪਤ ਨਹੀਂ ਹੁੰਦੀ।

ਗੁਰੂ ਜੀ ਨੇ ਗੁਰਬਾਣੀ ਨੂੰ ਅਕਾਲ ਪੁਰਖ ਦੇ ਬੋਲ ਕਰ ਕੇ ਮੰਨਣ ਦਾ ਉਪਦੇਸ਼ ਦਿੱਤਾ ਹੈ। ਮਹਾਂਪੁਰਖਾਂ ਦੀ ਬਾਣੀ ਦੁਆਰਾ ਸੇਵਕ ਦੇ ਮਨ ਦਾ ਨਿਜ-ਘਰ ਵਾਸਾ ਹੋ ਜਾਂਦਾ ਹੈ।

ਇਤਿਹਾਸਕ ਕਥਨ ਅਨੁਸਾਰ ਢਾਕੇ ਤੋਂ ਇਕ ਸਿੱਖ ਆਇਆ ਤਾਂ ਬੇਨਤੀ ਕੀਤੀ ਕਿ ਦੂਰ ਰਹਿਣ ਕਰ ਕੇ ਸਾਨੂੰ ਗੁਰੂ ਜੀ ਦੇ ਨਿਤ ਦਰਸ਼ਨ ਕਿਸ ਤਰ੍ਹਾਂ ਹੋਣਗੇ। ਗੁਰੂ ਜੀ ਨੇ ਉੱਤਰ ਦਿੱਤਾ :

- ਸਰੀਰਕ ਦਰਸਨ ਅਸਲ ਦਰਸਨ ਨਹੀਂ
- ਮੇਰਾ ਤਤ ਦਰਸਨ ਤੁਹਾਨੂੰ ਮੇਰੇ ਸ਼ਬਦ (ਬਾਣੀ) 'ਚੋਂ ਹੋਵੇਗਾ।
- ਬਾਣੀ ਦੇ ਆਤਮਿਕ ਤੇ ਮਾਨਸਿਕ ਮੇਲ ਵਿਚ ਮੇਰੇ ਅਸਲ ਦਰਸਨ ਹਨ।

ਬਾਣੀ ਤੇ ਗੁਰੂ ਜੋਤ ਦੇ ਇਕਸੁਰਤਾ, ਇਕਸਾਰਤਾ ਦੇ ਵਿਚਾਰ ਨੂੰ ਰਾਮਕਲੀ ਦੀ ਵਾਰ ਸੱਤਾ ਬਲਵੰਡ ਵਿਚ ਬੜਾ ਹੀ ਸਪਸ਼ਟ ਕੀਤਾ ਹੈ ਕਿ ਗੁਰੂ ਦਾ ਹਿਰਦਾ ਨਾਮ ਦਾ ਭਰਪੂਰ ਖਜ਼ਾਨਾ ਹੈ। ਗੁਰੂ ਉਪਦੇਸ਼ ਨੂੰ ਮੰਨਣ ਨਾਲ ਜੀਵਨ ਦੇ ਸਾਰੇ ਪੱਖ ਸਫਲ ਹੁੰਦੇ ਦੱਸੇ ਗਏ ਹਨ। ਜਦੋਂ ਮਨੁੱਖ ਦੀ ਵਿਕਾਰ ਵਿਰਤੀ ਦਾ ਨਾਸ਼ ਹੁੰਦਾ ਹੈ ਤਾਂ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਗੁਰੂ ਦਾ ਹਿਰਦਾ ਨਿਰਮਲ ਜਲ ਵਾਂਗ ਹੁੰਦਾ ਹੈ। ਜਿਹੜਾ ਸੇਵਕ ਇਸ ਨਿਰਮਲ ਜਲ ਰੂਪੀ ਉਪਦੇਸ਼ ਨੂੰ ਸ਼ਰਧਾ ਨਾਲ ਮੰਨਦਾ ਹੈ ਉਸ ਦਾ ਮਨ ਭਟਕਣਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਭਾਵ ਉਸ ਸੇਵਕ ਦੀਆਂ ਵਿਕਾਰ ਵਿਰਤੀਆਂ ਦਾ ਨਾਸ਼ ਹੋ ਕੇ ਉਸ ਦਾ ਹਿਰਦਾ ਵੀ ਨਿਰਮਲ ਹੋ ਜਾਂਦਾ ਹੈ।

ਗੁਰੂ ਜੀ ਨੇ ਮਸੰਦ ਸਿਸਟਮ ਦੀ ਸਥਾਪਨਾ ਕੀਤੀ। ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਤੇ 52 ਪੀਹੜੇ ਸਥਾਪਤ ਕੀਤੇ। ਇਨ੍ਹਾਂ ਕੇਂਦਰਾਂ ਨੇ ਸਿੱਖੀ ਪ੍ਰਚਾਰ ਦੇ ਨਾਲ ਸੰਗਤਾਂ ਦਾ ਗੁਰੂ ਨਾਲ ਸੰਪਰਕ ਵਧਾਇਆ। ਗੁਰੂ ਰਾਮਦਾਸ ਜੀ ਨੇ ਇਨ੍ਹਾਂ ਮੰਜੀਦਾਰਾਂ ਨੂੰ ਮਸੰਦ ਥਾਪਿਆ ਤੇ ਕੁਝ ਹੋਰ ਨਵੇਂ ਕੇਂਦਰ ਸਥਾਪਤ ਕੀਤੇ। ਇਹ ਮਸੰਦ ਗੁਰੂ ਘਰ ਪ੍ਰਤਿ ਦਿੱਤੀ ਮਾਇਆ ਇਕੱਤਰਤ ਕਰਕੇ ਸਮੇਂ ਸਿਰ ਅੰਮ੍ਰਿਤਸਰ ਪਹੁੰਚਾਉਂਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ। ਸਮੇਂ ਸਮੇਂ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਦਰਸ਼ਨਾਂ ਨੂੰ ਆਉਂਦੇ।

ਗੁਰੂ ਜੀ ਨੇ 'ਸੂਹੀ ਰਾਗ' ਵਿਚ 'ਲਾਵਾਂ' ਤੇ 'ਵਡਹੰਸੁ ਰਾਗੁ' ਵਿਚ 'ਘੋੜੀਆਂ' ਦੀ ਰਚਨਾ ਦੁਆਰਾ ਸਿੱਖ ਸਭਿਆਚਾਰ ਦੁਆਰਾ ਅਧਿਆਤਮਿਕਤਾ ਦੇ ਤੱਤਾਂ ਦਾ ਇਕ ਅਨੋਖਾ ਸੁਮੇਲ ਕੀਤਾ। ਅੱਜ ਲਾਵਾਂ ਜਿੱਥੇ ਸਾਡੇ ਦੁਨਿਆਵੀ ਵਿਆਹੁਤਾ ਜੀਵਨ ਲਈ ਇਕ ਰਸਮ ਹੈ, ਉਥੇ ਦੂਸਰੇ ਪਾਸੇ ਆਤਮਿਕ ਵਿਕਾਸ ਤੇ ਪ੍ਰਭੂ ਨਾਲ ਮੇਲ ਦਾ ਇਕ ਉਤਮ ਸਾਧਨ ਹੈ। ਇਸੇ ਤਰ੍ਹਾਂ ਹੀ ਘੋੜੀਆਂ ਦੁਨਿਆਵੀ ਤੇ ਆਤਮਿਕ ਸੁਮੇਲ ਹੈ।

ਗੁਰੂ ਜੀ ਨੇ ਆਪਣੀ ਰਚਨਾ ਅੰਦਰ ਆਪਣੇ ਜੀਵਨ ਅਨੁਭਵ ਨੂੰ ਚਿਤਰਿਆ ਹੈ ਅਤੇ ਇਸ ਅਨੁਭਵਤਾ ਦੁਆਰਾ ਇਕ ਨਵਾਂ ਸੰਦਰਭ ਸਿਰਜ ਕੇ ਪ੍ਰਭਾਵਸ਼ਾਲੀ ਉਪਦੇਸ਼ ਦਿੱਤਾ ਹੈ। ਜੀਵਨ ਨਾਲ ਸਬੰਧਿਤ ਘਟਨਾ ਨੂੰ ਆਪਣੇ ਸੇਵਕਾਂ ਨਾਲ ਸਾਂਝੀ ਕਰਨ ਨਾਲ ਸੇਵਕ ਦੇ ਮਨ 'ਤੇ ਡੂੰਘਾ ਅਸਰ ਕਰਦੀ ਹੈ ਜਦੋਂ ਗੁਰਗੱਦੀ ਦੀ ਪ੍ਰਾਪਤੀ ਹੁੰਦੀ ਹੈ ਤਾਂ ਇਹ ਇਕ ਅਨੋਖੀ ਦੈਵੀ ਮਿਹਰ ਹੁੰਦੀ ਹੈ। ਇਕ ਕੀੜੇ ਨੂੰ ਦੈਵੀ ਬਾਦਸ਼ਾਹੀ ਮਿਲਣ ਬਰਾਬਰ ਦੱਸੀ ਹੈ। ਕਿਥੇ ਇਕ ਯਤੀਮ ਘੁੰਘਣੀਆਂ ਵੇਚਣ ਵਾਲਾ ਬੱਚਾ ਅੱਜ ਸੱਚੇ ਤਖ਼ਤ ਦਾ ਪਾਤਸ਼ਾਹ ਹੈ, ਜਿਸ ਅੱਗੇ ਸੰਸਾਰ ਦੀਆਂ ਸਾਰੀਆਂ ਤਾਕਤਾਂ ਨਮਸਕਾਰ ਕਰਦੀਆਂ ਹਨ। ਇਤਨੀ ਵੱਡੀ ਰਹਿਮਤ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਹੁੰਦੀ ਹੈ। ਗੁਰੂ ਜੀ ਨੇ ਗੁਰੂਘਰ ਦੀ ਇਸ ਜ਼ਿੰਮੇਵਾਰੀ ਨੂੰ ਲੈਣ ਉਪਰੰਤ ਇਸ ਪ੍ਰਕਾਰ ਵਰਣਨ ਕੀਤਾ ਹੈ :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥**

ਗੁਰੂ ਜੀ ਦੀ ਸੰਗਤ ਨੂੰ ਭੱਟਾਂ ਨੇ ਇਕ 'ਉਤਮ ਪੰਥ' ਮੰਨਿਆ ਹੈ। ਇਸ ਮਿਲਾਪ ਅੰਦਰ ਸੰਸਾਰਕ ਮੋਹ ਦਾ ਖ਼ਾਤਮਾ ਹੋ ਕੇ ਪ੍ਰਭੂ ਪ੍ਰੀਤ ਉਪਜਦੀ ਦੱਸੀ ਹੈ। ਜਿਸ ਪ੍ਰੀਤ ਦੇ ਪੈਦਾ ਹੋਣ ਨਾਲ ਜਮ ਦੀ ਤ੍ਰਾਸ ਮਿਟ ਜਾਂਦੀ ਹੈ, ਜਮ ਦੀ ਤ੍ਰਾਸ ਦਾ ਮਿਟਣਾ ਹੀ, ਜਨਮ ਮਰਨ ਦਾ ਖ਼ਾਤਮਾ ਹੈ। ਗੁਰੂ ਸੰਗਤ ਦੁਆਰਾ ਆਵਾਗਵਨ ਦਾ ਮਿਟਣਾ ਹੀ ਕਲਜੁਗ ਅੰਦਰ ਜੀਵਨ ਆਦਰਸ਼ ਦੀ ਸੁਖਾਲੀ ਪ੍ਰਾਪਤੀ ਹੈ। ਇਸ ਪ੍ਰਕਾਰ ਸੰਗਤ ਦੀ ਜਾਚਨਾ ਲਈ ਕੀਰਤ ਭੱਟ, ਗੁਰੂ ਅੱਗੇ ਅਰਦਾਸ ਕਰਦਾ ਹੈ :

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ**
**ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥**
**ਮਾਯਾ ਮੋਹ ਭਰਮ ਪੈ ਭੂਲੇ**
**ਸੁਤ ਦਾਰਾ ਸਿਉ ਪ੍ਰੀਤਿ ਲਗਾਈ॥**
**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ**
**ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥**
**ਇਕ ਅਰਦਾਸਿ ਭਾਟ ਕੀਰਤਿ ਕੀ**
**ਗੁਰ ਰਾਮਦਾਸ ਰਾਖਹੁ ਸਰਣਾਈ ॥**

– ਡਾ. ਸ਼ਮਸ਼ੇਰ ਸਿੰਘ

# ਪ੍ਰਗਟ ਗੁਰਾਂ ਕੀ ਦੇਹ

ਮੋਹ ਮਾਇਆ ਭਰੇ ਸੰਸਾਰ ਸਮੁੰਦਰ ਵਿਚ ਡੁੱਬ ਰਹੇ ਅਤੇ ਮਾਨਸਿਕ ਸ਼ਾਂਤੀ ਦੀ ਖੋਜ ਵਿਚ ਭਟਕ ਰਹੇ ਮਨੁੱਖ ਦੇ ਜੀਵਨ ਵਿਚ ਫੈਲੇ ਹੋਏ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਵਿਚ ਗੁਰੂ ਹੀ ਸਮਰੱਥ ਹੈ। ਗੁਰੂ ਤੋਂ ਬਿਨਾ ਮਨੁੱਖ ਨੂੰ ਆਤਮਿਕ ਜੀਵਨ ਦੀ ਸਮਝ ਨਹੀਂ ਪੈਂਦੀ। ਉਹ ਜੀਵਨ ਦੇ ਸਹੀ ਰਸਤੋਂ ਤੋਂ ਖੁੰਝ ਜਾਂਦਾ ਹੈ, ਮਾਇਆ ਉਸ ਨੂੰ ਕੁਰਾਹੇ ਪਾ ਦਿੰਦੀ ਹੈ। ਗੁਰਵਾਕ ਹਨ :-

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**
**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**

**(ਅੰਕ ੧੩੯੯)**

ਗੁਰੂ ਪਾਰਸ ਹੈ, ਜਿਸ ਦੀ ਛੋਹ ਪ੍ਰਾਪਤ ਕਰ ਕੇ ਮਨੁੱਖ ਦਾ ਮਨ ਸੋਨੇ ਵਾਂਗ ਨਿਰਮਲ ਤੇ ਪਵਿੱਤਰ ਹੋ ਜਾਂਦਾ ਹੈ :-

**ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥**

**(ਅੰਕ ੧੧੧੪)**

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਸਤਿਗੁਰੂ ਨਾਮ ਦੀ ਦਾਤ ਦੇਣ ਵਾਲਾ ਹੈ, ਠੰਢ ਦਾ ਸੋਮਾ ਹੈ ਅਤੇ ਤਿੰਨਾ ਲੋਕਾਂ ਵਿਚ ਚਾਨਣ ਕਰਨ ਵਾਲਾ ਹੈ :-

**ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥**
**ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ ੧ ॥**

**(ਅੰਕ ੧੩੭)**

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਗੁਰੂ ਹੀ ਅਗਮ ਅਗੋਚਰ ਪ੍ਰਭੂ ਦੇ ਦਰਸ਼ਨ ਕਰਵਾਉਂਦਾ ਹੈ। ਗੁਰੂ ਦੁਆਰਾ ਦਿਖਾਏ ਗਏ ਰਸਤੇ 'ਤੇ ਤੁਰਨ ਨਾਲ ਭੜਕ ਰਹੀ ਤ੍ਰਿਸ਼ਨਾ ਦੀ ਅੱਗ ਸ਼ਾਂਤ ਹੋ ਜਾਂਦੀ ਹੈ ਅਤੇ ਆਤਮਿਕ ਅਡੋਲਤਾ ਪੈਦਾ ਹੁੰਦੀ ਹੈ :-

**ਅਗਮੁ ਅਗੋਚਰੁ ਗੁਰੂ ਦਿਖਾਇਆ ॥**
**ਭੂਲਾ ਮਾਰਗਿ ਸਤਿਗੁਰਿ ਪਾਇਆ ॥**
**ਗੁਰ ਸੇਵਕ ਕਉ ਬਿਘਨੁ ਨ ਭਗਤੀ**
**ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ ॥ ੫ ॥**
**ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥**
**ਜਲਿ ਥਲਿ ਪੂਰਿ ਰਹਿਆ ਗੋਸਾਈ ॥**
**ਊਚ ਊਨ ਸਭ ਏਕ ਸਮਾਨਾਂ**
**ਮਨਿ ਲਾਗਾ ਸਹਜਿ ਧਿਆਨਾ ਹੇ ॥ ੬ ॥**

**(ਅੰਕ ੧੦੭੫)**

ਚਾਹੇ ਪਰਮਾਤਮਾ ਹਿਰਦੇ ਵਿਚ ਹੈ, ਸਦਾ ਸਾਡੇ ਨੇੜੇ ਹੈ ਪਰ ਗੁਰੂ ਤੋਂ ਬਿਨਾ ਮਿਲਾਪ ਨਹੀਂ ਹੁੰਦਾ :-

**ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥**
**ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥**

**(ਅੰਕ ੩੦)**

ਜਿਵੇਂ ਮਹਾਵਤ ਹਾਥੀ ਨੂੰ ਆਪਣੇ ਅੰਕੁਸ਼ ਨਾਲ ਵੱਸ ਵਿਚ ਕਰ ਲੈਂਦਾ ਹੈ ਤਿਵੇਂ ਹੀ ਮਾਇਆ ਮੋਹ ਵਿਚ ਲਿਪਤ ਦਸੀਂ ਪਾਸੇ ਦੌੜਦੇ ਮਨ ਨੂੰ ਗੁਰੂ ਰੂਪ ਮਹਾਵਤ ਆਪਣੇ ਗਿਆਨ ਰੂਪ ਕੁੰਡੇ ਨਾਲ ਵੱਸ ਵਿਚ ਕਰ ਲੈਂਦਾ ਹੈ। ਫਿਰ ਇਹ ਮਨ ਉਸ ਤਰਫ ਹੀ ਜਾਂਦਾ ਹੈ, ਜਿਧਰ ਗੁਰੂ ਦਾ ਆਦੇਸ਼ ਹੁੰਦਾ ਹੈ :-

**ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ**
**ਜਹ ਖਿੰਚੇ ਤਹ ਜਾਇ ॥**
**ਨਾਨਕ ਹਸਤੀ ਕੁੰਡੇ ਬਾਹਰਾ**
**ਫਿਰਿ ਫਿਰਿ ਉਝੜਿ ਪਾਇ ॥ ੨ ॥**

**(ਅੰਕ ੫੧੬)**

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਅਗਿਆਨ ਵਿਨਾਸ਼ਕ, ਸੱਚ ਅਤੇ ਹਿੱਤ ਦਾ ਉਪਦੇਸ਼ ਦੇਣ ਵਾਲੇ ਦਾ ਨਾਮ ਗੁਰੂ ਹੈ। (ਗੁਰਮਤਿ ਮਾਰਤੰਡ ਭਾਗ 1, ਪੰਨਾ 373)

ਗੁਰਸਿੱਖ ਲਈ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵ ਗੁਰਬਾਣੀ ਹੀ ਗੁਰੂ ਹੈ। ਗੁਰਮਤਿ ਵਿਚ ਦੇਹਧਾਰੀ ਗੁਰੂਆਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਰਬ ਸਾਂਝੀਵਾਲਤਾ ਦੇ ਪ੍ਰਤੀਕ, ਉਚੇ ਆਤਮਿਕ ਜੀਵਨ ਦੇ ਪਥ ਪ੍ਰਦਸ਼ਕ, ਮੁਕਤੀ ਦਾਤਾ "ਆਦਿ ਗੁਰੂ ਗ੍ਰੰਥ ਸਾਹਿਬ" ਜੀ ਦੀ ਸੰਪਾਦਨਾ ਕੀਤੀ। ਇਸ ਸਰਬ ਸਾਂਝੇ ਧਰਮ ਗ੍ਰੰਥ ਵਿਚ ਆਪਣੀ ਰਚੀ ਬਾਣੀ ਸਹਿਤ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ, 15 ਭਗਤਾਂ, 11 ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਸ਼ਾਮਿਲ ਕਰ ਕੇ ਗੁਰੂ ਅਰਜਨ ਦੇਵ ਜੀ ਨੇ 1604 ਵਿਚ ਪੋਥੀ ਸਾਹਿਬ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪੀੜੇ ਸਾਹਿਬ 'ਤੇ ਕਰ ਕੇ ਆਪ ਨੀਵੇਂ ਥਾਂ ਤੇ ਆਸਣ ਗ੍ਰਹਿਣ ਕਰ ਕੇ ਗੁਰੂ ਵਾਲਾ ਆਦਰ ਸਨਮਾਨ ਦਿੱਤਾ। ਉਸ ਸਮੇਂ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਆਪ ਪੋਥੀ ਲਫਜ਼ ਦੀ ਵਰਤੋਂ ਕੀਤੀ ਹੈ :-

**ਪੋਥੀ ਪਰਮੇਸਰ ਕਾ ਥਾਨੁ ॥**

**(ਅੰਕ ੧੨੨੬)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਾਵਨ ਆਦਿ (ਗੁਰੂ) ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੇ ਹੱਥੋਂ ਦੁਬਾਰਾ ਲਿਖਵਾ ਕੇ ਨੰਦੇੜ ਵਿਖੇ 1708 ਵਿਚ ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਪਹਿਲਾਂ ਗੁਰਸਿੱਖਾਂ ਨੂੰ ਨਕਲੀ ਅਤੇ ਪਾਖੰਡੀ ਗੁਰੂਆਂ ਦੇ ਚੁੰਗਲ ਤੋਂ ਬਚਾਉਣ ਲਈ ''ਆਦਿ ਗ੍ਰੰਥ'' ਨੂੰ ''ਸ੍ਰੀ ਗੁਰੂ ਗ੍ਰੰਥ ਸਾਹਿਬ'' ਦੇ ਰੂਪ ਵਿਚ ਜੁਗੋ ਜੁਗ ਅਟੱਲ ਗੁਰੂ ਦੀ ਪਦਵੀ ਪ੍ਰਦਾਨ ਕੀਤੀ ਅਤੇ ਗੁਰਸਿੱਖਾਂ ਨੂੰ ਆਦੇਸ਼ ਦਿੱਤਾ ਕਿ ਅੱਜ ਤੋਂ ਕੋਈ ਦੇਹਧਾਰੀ ਗੁਰੂ ਪੰਥ ਦੀ ਅਗਵਾਈ ਨਹੀਂ ਕਰੇਗਾ। ਜੇਕਰ ਕੋਈ ਗੁਰੂ ਬਣ ਕੇ ਬਰਾਬਰੀ ਕਰੇਗਾ ਤਾਂ ਬਰਾਬਰੀ ਕਰਨ ਵਾਲੇ ਨੂੰ ਦੋਸ਼ ਲੱਗੇਗਾ :-

ਕਰੀ ਥਾਪਨਾ ਜਾਸ ਕੀ ਮੋਹਿ ਜੋ ਆਪਨੇ ਹਾਥ।
ਤਿਸ ਕੀ ਸਮਸਰ ਜੋ ਕਰੇ ਜਲ ਜਾਇ ਕੁਲ ਸਾਥ॥

(ਸਰਬ ਲੋਹ ਗ੍ਰੰਥ)

ਭਾਈ ਪ੍ਰਹਿਲਾਦ ਸਿੰਘ ਜੀ ਨੇ ਰਹਿਤਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਦਾ ਜ਼ਿਕਰ ਕਰਦੇ ਹੋਏ ਫੁਰਮਾਇਆ ਹੈ :-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹਿ॥

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ 'ਤੇ ਬਹੁਤ ਵੱਡਾ ਉਪਕਾਰ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ 'ਬਾਬਾ ਬਕਾਲੇ' ਕਹਿ ਕੇ ਬਕਾਲੇ ਵਿਚ ਬਿਰਾਜਮਾਨ ਆਪਣੇ ਬਾਬਾ ਸ੍ਰੀ (ਗੁਰੂ) ਤੇਗ ਬਹਾਦਰ ਜੀ ਲਈ ਸੰਕੇਤ ਦਿੱਤਾ ਸੀ ਤਾਂ 22 ਨਕਲੀ ਪਖੰਡੀ ਗੁਰੂ ਬਣ ਬੈਠੇ ਸਨ। ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਆਦੇਸ਼ ਦੇ ਕੇ ਸਿੱਖ ਪੰਥ ਦਾ ਕਲਿਆਣ ਨਾ ਕੀਤਾ ਹੁੰਦਾ ਤਾਂ ਅੱਜ ਅਸੀਮ ਗਿਣਤੀ ਵਿਚ ਆਪਣੀ ਪੂਜਾ ਕਰਵਾ ਰਹੇ ਦੇਹਧਾਰੀ ਪਾਖੰਡੀ ਗੁਰੂਆਂ ਦੇ ਚਕ੍ਰਵਿਊਹ ਵਿਚ ਫਸਿਆ ਹੋਇਆ ਸਿੱਖ ਜਗਤ ਵਿਨਾਸ਼ ਦੀ ਕਗਾਰ 'ਤੇ ਖੜ੍ਹਾ ਹੁੰਦਾ।

ਅੱਜ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਤਿਹੀਨ ਜਿਹੜੇ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹਨ ਪਰ ਦੇਹਧਾਰੀ ਪਾਖੰਡੀ ਗੁਰੂਆਂ ਦੇ ਚੱਕਰ ਵਿਚ ਫਸੇ ਰਹਿੰਦੇ ਹਨ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਪਣੇ ਚੇਲਿਆਂ ਤੋਂ ਪੂਜਾ ਸਤਿਕਾਰ ਕਰਵਾਉਣ ਵਿਚ ਲੱਗੇ ਹੋਏ ਨਸ਼ਵਰ ਸਰੀਰ ਨਾਲ ਮੋਹ ਰੱਖਣ ਵਾਲੇ ਆਪਣੇ ਆਪ ਨੂੰ ਕਰਤਾ ਸਮਝਣ ਵਾਲੇ ਦੇਹਧਾਰੀ ਗੁਰੂ ਜੋ ਆਪਣਾ ਕਲਿਆਣ ਨਹੀਂ ਕਰ ਸਕਦੇ, ਉਹ ਦੂਜਿਆਂ ਦਾ ਜਨਮ ਕਿਵੇਂ ਸਵਾਰ ਸਕਦੇ ਹਨ? ਭਗਤ ਕਬੀਰ ਜੀ ਆਪਣੇ ਚੇਲਿਆਂ ਦੇ ਚੱਕਰ ਵਿਚ ਫਸੇ ਹੋਏ ਗੁਰੂਆਂ ਬਾਰੇ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਪਰਮਾਤਮਾ ਨੂੰ ਮਿੱਤਰ ਨਹੀਂ ਬਣਾਇਆ, ਪਰ ਕਈ ਚੇਲੇ ਬਣਾ ਲਏ। ਉਨ੍ਹਾਂ ਨੇ ਪਹਿਲਾਂ ਤਾਂ ਚਾਹੇ ਪ੍ਰਭੂ ਨੂੰ ਮਿਲਣ ਲਈ ਉਪਰਾਲਾ ਕੀਤਾ ਹੋਵੇ ਪਰ ਉਨ੍ਹਾਂ ਦਾ ਮਨ ਚੇਲਿਆਂ ਤੋਂ ਆਪਣੀ ਪੂਜਾ ਕਰਵਾਉਣ ਵਿਚ ਹੀ ਉਲਝ ਕੇ ਰਹਿ ਗਿਆ :-

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥**

**(ਅੰਕ ੧੩੬੯)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਪ੍ਰਦਾਨ ਕਰਨ ਤੋਂ ਪਹਿਲਾਂ ਆਪ ਸਰੀਰ ਰੂਪ ਵਿਚ ਸੁਸ਼ੋਭਿਤ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬਾਨ ਦੁਆਰਾ ਗੁਰਬਾਣੀ ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ ਗਿਆ ਹੈ। ਗੁਰ-ਵਾਕ ਹਨ :-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ ॥੫॥**

**(ਅੰਕ ੯੮੨)**

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਗੁਰਬਾਣੀ ਜੀਵਾਂ ਦੇ ਹਿਰਦੇ ਵਿਚ ਟਿਕਣ ਜੋਗ ਹੈ। ਗੁਰੂ ਨੇ ਪਰਮਾਤਮਾ ਪਾਸੋਂ ਆਪ ਸੁਣੀ ਅਤੇ ਦੁਨੀਆਂ ਦੇ ਜੀਵਾਂ ਨੂੰ ਆਪ ਸੁਣਾਈ ਹੈ। ਜਿਸ-ਜਿਸ ਮਨੁੱਖ ਨੇ ਇਹ ਬਾਣੀ ਹਿਰਦੇ ਵਿਚ ਵਸਾਈ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹੈ :-

**ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥**
**ਆਪਿ ਸੁਣੀ ਤੈ ਆਪਿ ਵਖਾਣੀ ॥**
**ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ**
**ਤਿਨ ਪਾਇਆ ਨਿਹਚਲ ਥਾਨਾਂ ਹੇ ॥ ੮ ॥**

**(ਅੰਕ ੧੦੭੫)**

ਇਹ ਬਾਣੀ ਧੁਰ ਕੀ ਬਾਣੀ ਹੈ :-

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**

**(ਅੰਕ ੬੨੮)**

ਦੇਹਧਾਰੀ ਗੁਰੂਆਂ ਦੇ ਚੱਕਰ ਵਿਚ ਨਾ ਪੈ ਕੇ ਗੁਰੂ ਸਾਹਿਬਾਨ ਦੀ ਪ੍ਰਤੱਖ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ ਅਤੇ ਗੁਰੂ ਬਚਨਾਂ ਭਾਵ ਗੁਰਬਾਣੀ ਵਿਚ ਪਰਤੀਤ ਰੱਖਣਾ, ਗੁਰਬਾਣੀ ਵਿਚ ਦਿੱਤੇ ਆਦੇਸ਼ਾਂ ਨੂੰ ਮੰਨਣਾ ਗੁਰਸਿੱਖ ਦਾ ਧਰਮ ਹੈ, ਫਰਜ਼ ਹੈ। ਸਿਰਫ ਗੁਰਦੁਆਰੇ ਜਾ ਕੇ 'ਗੁਰੂ ਗ੍ਰੰਥ ਸਾਹਿਬ ਜੀ' ਅੱਗੇ ਮੱਥਾ ਟੇਕਣ ਨਾਲ, ਸੋਹਣੇ ਰੁਮਾਲੇ ਚੜਾਉਣ ਨਾਲ, ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ

ਨਾਲ, ਗੁਰਬਾਣੀ ਦਾ ਕੀਰਤਨ ਸੁਣਨ ਮਾਤਰ ਨਾਲ ਜਾਂ ਗੁਰਬਾਣੀ ਦਾ ਪਾਠ ਬਿਨਾ ਅਰਥ ਬੋਧ ਦੇ ਕਰਨ ਨਾਲ ਸਾਡਾ ਇਹ ਫਰਜ ਪੂਰਾ ਨਹੀਂ ਹੋ ਜਾਂਦਾ। ਇਸ ਸਭ ਉਦਮ ਦੇ ਨਾਲ-ਨਾਲ ਗੁਰੂ ਸ਼ਬਦ ਦੀ ਵਿਚਾਰ ਅਤੇ ਗੁਰੂ ਸਾਹਿਬਾਨ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਜੀਵਨ ਵਿਚ ਲਾਗੂ ਕਰਨ ਦਾ ਜਤਨ ਕਰਦੇ ਰਹਿਣਾ ਵੀ ਜ਼ਰੂਰੀ ਹੈ। ਜਿਵੇਂ ਫੂਕ ਮਾਰਿਆਂ ਬਾਂਸ ਦੀ ਬੰਸਰੀ ਵੱਜਣ ਲੱਗ ਜਾਂਦੀ ਹੈ ਪਰ ਫੂਕ ਇਕ ਸਿਰੇ ਤੋਂ ਲੰਘ ਕੇ ਦੂਜੇ ਸਿਰੇ ਰਾਹੀਂ ਬਾਹਰ ਨਿਕਲ ਜਾਂਦੀ ਹੈ, ਤਿਵੇਂ ਹੀ ਜੇਕਰ ਗੁਰੂ ਦੀ ਸਿੱਖਿਆ ਸੁਣ ਕੇ ਉਸ 'ਤੇ ਵਿਚਾਰ ਨਹੀਂ ਕੀਤਾ ਜਾਂਦਾ, ਉਹ ਸਿੱਖਿਆ ਇਕ ਕੰਨ ਤੋਂ ਲੰਘ ਕੇ ਦੂਜੇ ਕੰਨ ਰਾਹੀਂ ਬਿਨਾ ਅਸਰ ਕੀਤੇ ਬਾਹਰ ਨਿਕਲ ਜਾਂਦੀ ਹੈ।

ਨਿਤ ਹੁਕਮਨਾਮਾ ਭਾਵ ਗੁਰ-ਵਾਕ ਸੁਨਣ ਦਾ ਭਾਵ ਇਹੀ ਹੈ ਕਿ ਸਾਰਾ ਦਿਨ ਉਸ ਹੁਕਮਨਾਮੇ 'ਤੇ ਅਮਲ ਕੀਤਾ ਜਾਏ। ਜੇਕਰ ਅਮਲ ਨਹੀਂ ਕੀਤਾ ਜਾਂਦਾ ਤਾਂ ਸੁਣੇ ਹੋਏ ਹੁਕਮਨਾਮੇ ਦਾ ਕੋਈ ਮਹੱਤਵ ਨਹੀਂ ਹੈ। ਗੁਰ-ਵਾਕ ਬਾਰੇ ਡਾ. ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :-

ਤੂ ਗੁਰੂ ਗ੍ਰੰਥ, ਸਚੀ ਹੈ ਦੇਹ ਸਿਖ ਸੰਗਤ ਕੋ ਸਚ ਵਾਕ ਦੇਹ...
ਦੀਜੈ ਵਾਕ, ਜੋ ਕਰਨੋ ਹੋਈ॥ ਸਤਿਗੁਰ ਹਮ ਹੈ ਸਿਖ ਤੋਈ॥

ਗੁਰੂ ਅਮਰਦਾਸ ਜੀ ਸਮਝਾਉਂਦੇ ਹਨ ਕਿ ਹੇ ਭਾਈ! ਜੇ ਕੋਈ ਗੁਰੂ ਵੱਲੋਂ ਮੂੰਹ ਪਰਤਾਈ ਰੱਖਦਾ ਹੈ, ਗੁਰੂ ਦਾ ਬਚਨ ਆਪਣੇ ਮਨ ਵਿਚ ਨਹੀਂ ਵਸਾਂਦਾ, ਉਹ ਤੀਰਥ ਆਦਿਕ ਜਿਤਨੇ ਵੀ ਕਰਮ ਕਰਦਾ ਰਹੇ, ਫਿਰ ਵੀ ਉਹ ਸਦਾ ਦੁਖੀ ਰਹਿੰਦਾ ਹੈ :-

**ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ॥**
**ਕਰਿ ਆਚਾਰ ਬਹੁ ਸੰਪਉ ਸੰਚੈ**
**ਜੋ ਕਿਛੁ ਕਰੈ ਸੁ ਨਰਕਿ ਪਰੈ ॥ ੪ ॥**

**(ਅੰਕ ੧੩੩੪)**

ਗੁਰੂ ਰਾਮਦਾਸ ਜੀ ਸਪੱਸ਼ਟ ਨਿਰਣਾ ਦੇ ਰਹੇ ਹਨ ਕਿ ਸੇਵਕ ਅਤੇ ਸਿੱਖ ਅਖਵਾਉਣ ਵਾਲੇ ਬਹੁਤ ਸਾਰੇ ਮਨੁੱਖ ਗੁਰੂ-ਦਰ ਤੇ ਪਰਮਾਤਮਾ ਦੀ ਪੂਜਾ ਭਗਤੀ ਕਰਨ ਆਉਂਦੇ ਹਨ ਅਤੇ ਸ੍ਰੇਸ਼ਟ ਗੁਰਬਾਣੀ ਗਾਉਂਦੇ ਹਨ ਪਰ ਪ੍ਰਭੂ ਕੇਵਲ ਉਨ੍ਹਾਂ ਮਨੁੱਖਾਂ ਦੀ ਗੁਰਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਸਹੀ ਜਾਣ ਕੇ ਉਸ 'ਤੇ ਅਮਲ ਕੀਤਾ ਹੈ :-

**ਸੇਵਕ ਸਿਖ ਪੂਜਣ ਸਭਿ ਆਵਹਿ**
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥**

**(ਅੰਕ ੬੬੯)**

ਜਿਹੜਾ ਗੁਰਬਾਣੀ ਨਾਲ ਦਿਲੋਂ ਸਾਂਝ ਪਾਂਦਾ ਹੈ, ਗੁਰ-ਉਪਦੇਸ਼ ਦੀ ਕਮਾਈ ਕਰਦਾ ਹੈ, ਉਸ ਦੇ ਅੰਦਰ ਸਦਾ ਪਰਮਾਤਮਾ ਦਾ ਨਾਮ ਟਿਕਿਆ ਰਹਿੰਦਾ ਹੈ ਅਤੇ ਉਸ ਲਈ ਜੀਵਨ ਦਾ ਔਖੇ ਤੋਂ ਔਖਾ ਰਸਤਾ ਵੀ ਸੌਖਾ ਹੋ ਜਾਂਦਾ ਹੈ :-

**ਇਹ ਬਾਣੀ ਜੋ ਜੀਅਹੁ ਜਾਣੈ**
**ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥**

**(ਅੰਕ ੭੯੭)**

ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਜੀਵਨ ਰਾਹ 'ਤੇ ਤੁਰਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਮੰਨਣਾ ਹੈ। ਆਪਣੇ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ, ਸੁਣਦੇ ਹੋਏ ਵੀ ਜੇਕਰ ਅਸੀਂ ਮਾਨਸਿਕ ਸ਼ਾਂਤੀ ਦੀ ਖੋਜ ਵਿਚ ਭਟਕ ਰਹੇ ਹਾਂ, ਅੰਦਰੋਂ ਤ੍ਰਿਸ਼ਨਾ ਭੁੱਖ, ਤਾਤ ਪਰਾਈ, ਮੇਰ-ਤੇਰ ਦਾ ਵਿਤਕਰਾ ਖਤਮ ਨਹੀਂ ਹੋਇਆ, ਅਜੇ ਤੱਕ ਸੁਆਰਥ ਦੇ ਸ਼ਿਕੰਜੇ ਵਿਚੋਂ ਨਿਕਲ ਕੇ ਪਰਉਪਕਾਰ ਦਾ ਸਿਧਾਂਤ ਜੀਵਨ ਦਾ ਅਧਾਰ ਨਹੀਂ ਬਣ ਸਕਿਆ, ਹਰ ਵੇਲੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰ ਹਾਵੀ (ਭਾਰੂ) ਰਹਿੰਦੇ ਹਨ ਤਾਂ ਇਸ ਦਾ ਕਾਰਨ ਇਹੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਪ੍ਰਗਟ ਗੁਰਾਂ ਦੀ ਦੇਹ ਮੰਨ ਕੇ ਕੀਤਾ ਹੀ ਨਹੀਂ, ਗੁਰਬਾਣੀ ਨੂੰ ਗੁਰੂ ਸਵੀਕਾਰਿਆ ਹੀ ਨਹੀਂ, ਗੁਰਬਾਣੀ ਦੀ ਵਿਚਾਰ ਹੀ ਨਹੀਂ ਕੀਤੀ ਅਤੇ ਸਾਡਾ ਰੋਜਾਨਾ ਦਾ ਜੀਵਨ ਨਿਤ ਪੜ੍ਹੇ ਜਾਣ ਵਾਲੀ ਗੁਰਬਾਣੀ ਵਿਚ ਨਿਰਦਿਸ਼ਟ ਆਦਰਸ਼ਾਂ ਅਤੇ ਅਸੂਲਾਂ ਨਾਲ ਮੇਲ ਹੀ ਨਹੀਂ ਖਾਂਦਾ :-

**ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥**

**(ਅੰਕ ੯੮੧)**

ਗੁਰਬਾਣੀ ਦੀ ਵਿਚਾਰ ਨਾ ਕਰਨ ਵਾਲਾ ਮਨਮੁੱਖ ਗਿਆਨ ਦੀਆਂ ਗੱਲਾਂ ਤਾਂ ਕਰਦਾ ਹੈ ਪਰ ਉਸ ਦੇ ਅੰਦਰ ਆਤਮਿਕ ਜੀਵਨ ਦੀ ਸੂਝ ਨਹੀਂ ਹੁੰਦੀ। ਉਸ ਦਾ ਸਾਰਾ ਜੀਵਨ ਭਟਕਣਾਂ ਭਰਮ ਤੇ ਦੁੱਖ ਵਿਚ ਹੀ ਬਤੀਤ ਹੋ ਜਾਂਦਾ ਹੈ :-

**ਨ ਸਬਦੁ ਬੂਝੈ ਨ ਜਾਣੈ ਬਾਣੀ ॥**
**ਮਨਮੁਖਿ ਅੰਧੇ ਦੁਖਿ ਵਿਹਾਣੀ ॥**

**(ਅੰਕ ੬੬੫)**

ਇਸ ਲਈ ਮਾਇਆ ਮੋਹ ਵਿਚ ਗਲਤਾਨ ਮੱਤ ਵਾਲੇ ਦੇਹਧਾਰੀ ਗੁਰੂਆਂ ਦੇ ਚੱਕਰ ਵਿਚ ਨਾ ਫਸ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰਨ ਦਾ ਜਤਨ ਕਰਦੇ ਰਹਿਣਾ ਚਾਹੀਦਾ ਹੈ। ਗੁਰਮਤਿ ਰਾਹ 'ਤੇ ਤੁਰਨਾ ਹੀ ਸੁਖੀ ਜੀਵਨ ਦਾ ਆਧਾਰ ਹੈ :-

**ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥**
**ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥ ੧ ॥**

**(ਅੰਕ ੧੨੪੯)**

- ਡਾ. ਪਰਮਜੀਤ ਕੌਰ

# ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਬਾਣੀ

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਾਬ ਦੇ ਮਹਾਨ ਰਚਨਾਕਾਰ ਹੋਏ ਹਨ, ਜਿਨ੍ਹਾਂ ਸੁੱਚੀ ਸੱਚੀ ਗੁਰਬਾਣੀ ਤੇ ਉਚੀ ਕੁਰਬਾਨੀ ਰਾਹੀਂ ਜ਼ਿੰਦਗੀ ਦਾ ਲਾਸਾਨੀ ਮਹੱਲ ਉਸਾਰਿਆ। ਉਨ੍ਹਾਂ ਦੀ ਸਰਬ-ਪੱਖੀ ਸ਼ਖਸੀਅਤ ਕਮਾਲ ਦੀ ਹੈ। ਉਹ ਮਹਾਨ ਗੁਰੂ ਸਨ, ਜਿਨ੍ਹਾਂ ਸਮਾਜਿਕ ਭਲਾਈ ਤੇ ਪਰਮਾਰਥਕ ਜੀਵਨ ਲਈ ਨਵੀਂ ਰੌਸ਼ਨੀ ਦਿੱਤੀ। ਉਹ ਮਹਾਨ ਕਵੀ ਸਨ ਜਿਨ੍ਹਾਂ ਦੀ ਕਾਵਿਗੰਗਾ ਨੇ ਭਾਰਤੀ ਸੰਤ ਕਾਵਿ ਧਾਰਾ ਵਿਚ ਇਕ ਵਿਸ਼ੇਸ਼ ਸੁਹਿਦਰਤਾ ਤੇ ਸੁਹੱਪਣ ਲਿਆਂਦਾ। ਕਵੀ ਹੋਣ ਤੋਂ ਇਲਾਵਾ ਉਹ ਵਿਦਵਾਨ ਸੰਪਾਦਕ ਵੀ ਸਨ, ਜਿਨ੍ਹਾਂ ਆਦਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਾਰਵੀਂ ਸਦੀ ਤੋਂ ਲੈ ਕੇ ਸੋਲਵੀਂ ਸਦੀ ਤੱਕ ਦੇ ਪੰਜ ਸੌ ਸਾਲਾ ਸੰਤ-ਸਾਹਿਤ ਨੂੰ ਸੰਪਾਦਿਤ ਕਰ ਕੇ ਭਾਰਤੀ ਸੰਸਕ੍ਰਿਤੀ 'ਤੇ ਮਹਾਨ ਉਪਕਾਰ ਕੀਤਾ।



ਇਸ ਤੋਂ ਵੀ ਵਧੇਰੇ ਗੌਰਵ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਧਰਮ ਲਈ ਆਪਣਾ ਬਲੀਦਾਨ ਦੇ ਕੇ ਸੰਸਾਰ ਨੂੰ ਇਹ ਦੱਸ ਦਿੱਤਾ ਕਿ ਇਹ ਕੋਮਲ ਕਲਾਕਾਰ ਸਾਮਰਾਜ ਦੀ ਤਲਵਾਰ ਨਾਲ ਕਿਵੇਂ ਲੜ ਸਕਦਾ ਹੈ, ਅਹਿੰਸਾ, ਹਿੰਸਾ 'ਤੇ ਕਿਵੇਂ ਫਤਹਿ ਪ੍ਰਾਪਤ ਕਰਦੀ ਤੇ ਜ਼ਿੰਦਗੀ, ਮੌਤ ਨੂੰ ਆਖਰ ਕਿਵੇਂ ਹਾਰ ਦਿੰਦੀ ਹੈ।

ਭਾਵੇਂ ਗੁਰੂ ਸਾਹਿਬ ਦੀ ਸਰਬ-ਗੁਣ-ਸੰਪੰਨ ਸ਼ਖਸੀਅਤ ਵਿਚ ਸਤਿਗੁਰੂ, ਸੁਧਾਰਕ, ਸ਼ਾਂਤੀ-ਪੁੰਜ ਸੰਤ, ਸੰਗੀਤਕਾਰ, ਸੰਪਾਦਕ, ਸ਼ਾਇਰ ਤੇ ਸ਼ਹੀਦ ਦੀਆਂ ਅਨੋਖੀਆਂ ਸਿਫਤਾਂ ਦਾ ਸੰਗਮ ਮਿਲਦਾ ਹੈ ਪਰ ਉਨ੍ਹਾਂ ਦਾ ਬਾਣੀ ਦੇ ਮਹਾਨ ਰਚਨਾਕਾਰ ਹੋਣ ਦਾ ਗੁਣ ਇਤਨਾ ਪ੍ਰਬਲ ਤੇ ਵਿਸ਼ੇਸ਼ ਹੈ ਕਿ ਉਸ ਨਾਲ ਉਨ੍ਹਾਂ ਦੀ ਜ਼ਿੰਦਗੀ ਲਿਸ਼ਕਦੀ ਨਜ਼ਰ ਆਉਂਦੀ ਹੈ। ਇਕਸੁਰ ਹੋਏ ਸਾਜ਼ ਵਾਂਗ ਉਨ੍ਹਾਂ ਦਾ ਹਰ ਬੋਲ ਦਿਲਾਂ ਨੂੰ ਧੂਹ ਪਾਉਂਦਾ ਜਾਂਦਾ ਹੈ। ਉਹ ਕੇਵਲ ਪੰਜਾਬ ਵਿਚ ਹੀ ਨਹੀਂ, ਸਗੋਂ ਭਾਰਤੀ ਕਵੀਆਂ ਵਿਚ ਉਨ੍ਹਾਂ ਦੀ ਸ਼੍ਰੋਮਣੀ ਥਾਂ ਹੈ। ਉਹ ਸਦਾ ਆਪਣੇ ਸ਼ਰਧਾਲੂਆਂ ਨੂੰ ਦਰਿਆਵਾਂ ਨਦੀਆਂ ਤੇ ਛੰਭਾਂ ਕਿਨਾਰੇ ਬਹਿ ਕੇ ਸਰੰਦੇ ਨਾਲ ਗਾ ਗਾ ਸਹਿਜ ਸੁਭਾਅ ਸ਼ਾਂਤੀ ਦਾ ਸੰਦੇਸ਼ਾ ਦਿਆ ਕਰਦੇ ਸਨ ਸਤਿਗੁਰੂ ਬਣ ਕੇ ਨਹੀਂ, ਸਗੋਂ ਸਨਿਮਰ ਸੇਵਕ ਹੋ ਕੇ। ਨੇਕ ਜ਼ਿੰਦਗੀਆਂ ਦੀ ਕਥਾ-ਕਹਾਣੀ ਉਨ੍ਹਾਂ ਦਾ ਮਨਭਾਉਂਦਾ ਮਜ਼ਮੂਨ ਸੀ :-

**ਸੁਨਿ ਮੀਤਾ ਨਾਨਕੁ ਬਿਨਵੰਤਾ ॥**
**ਸਾਧ ਜਨਾ ਕੀ ਅਚਰਜ ਕਥਾ ॥ ੧ ॥**

**(ਅੰਕ ੨੭੧)**

ਇਸ ਤਰ੍ਹਾਂ ਉਹ ਸਾਰੀ ਉਮਰ ਆਪਣੀ ਕਲਾ ਨੂੰ ਲੋਕ-ਭਲਾਈ ਲਈ ਵਰਤਦੇ ਰਹੇ। ਆਪਣੀ ਬਾਕੀ ਸ਼ਕਤੀ ਤੇ ਸੰਪਤੀ ਵੀ ਉਨ੍ਹਾਂ ਜੀਵਨ-ਵਿਕਾਸ ਲਈ ਨਿਛਾਵਰ ਕੀਤੀ। ਲੋਕਾਂ ਦੇ ਸੁੱਖ ਆਰਾਮ ਲਈ ਮੰਦਰ, ਧਰਮਸ਼ਾਲਾ, ਬਾਗ, ਬਾਉਲੀਆਂ, ਬਸਤੀਆਂ, ਤਾਲ, ਹਸਪਤਾਲ ਤੇ ਲੰਗਰ ਲਾਉਣੇ ਉਨ੍ਹਾਂ ਦੀ ਉਮਰ ਭਰ ਦੀ ਕਾਰ ਰਹੀ। ਅਖੀਰ ਉਨ੍ਹਾਂ ਆਪਣਾ ਤਨ ਵੀ ਇਸੇ ਲੋਕ ਪ੍ਰੇਮ ਲਈ ਭੇਟ ਕੀਤਾ। ਉਹ ਘਬਰਾਏ ਨਹੀਂ, ਹਜ਼ਾਰਾਂ ਔਖਾਂ ਕਠਿਨਾਈਆਂ ਦੇ ਬਾਵਜੂਦ ਵੀ ਪ੍ਰੀਤਿ-ਨਦੀ ਨੂੰ ਲੰਘਦੇ ਵਜਦ ਵਿਚ ਇਉਂ ਗਾਉਂਦੇ ਰਹੇ :-

**ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥**
**ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ**
**ਹਰਿ ਨਾਨਕ ਤੁਲਹਾ ਬੇੜੀ ॥ ੧ ॥**

(ਅੰਕ ੫੨੦)

ਜਿਸ ਬੇੜੇ ਨਾਲ ਉਨ੍ਹਾਂ ਆਪਣੀ ਜ਼ਿੰਦਗੀ ਨੂੰ ਪਾਰ ਲੰਘਾਇਆ, ਉਹੋ ਬੇੜਾ ਬੜੀ ਮਿਹਨਤ ਤੇ ਘਾਲ ਨਾਲ ਉਨ੍ਹਾਂ ਆਪਣੇ ਸਿੱਖਾਂ ਲਈ ਤਿਆਰ ਕੀਤਾ। ਬਾਣੀ ਰਚਣ ਦਾ ਹੁਨਰ ਉਨ੍ਹਾਂ ਵਿਚ ਜਮਾਂਦਰੂ ਸੀ। ਤਦੇ ਹੀ ਆਪ ਦੇ ਨਾਨਾ-ਗੁਰੂ ਅਮਰਦਾਸ ਜੀ ਕਿਹਾ ਕਰਦੇ ਸਨ, 'ਦੋਹਤਾ ਬਾਣੀ ਦਾ ਬੋਹਥਾ' ਹੋਵੇਗਾ। ਆਪ ਵੀ ਤਰੇਗਾ ਤੇ ਹੋਰਾਂ ਨੂੰ ਵੀ ਤਾਰੇਗਾ। ਮਹਾਂਪੁਰਸ਼ਾਂ ਦਾ ਇਹ ਬਚਨ ਸੱਚਾ ਸੀ। ਮਹਾਨ ਕਵੀ ਆਪਣੇ ਸੁੰਦਰ ਬਚਨਾਂ ਦੀ ਸਮਰੱਥਾ ਨਾਲ ਮਾਨਵਤਾ ਦੇ ਬੇੜੇ ਨੂੰ ਪਾਰ ਲਾਉਂਦੇ ਆਏ ਹਨ। ਰੂਹਾਨੀ ਕਵੀ ਤਾਂ ਉਤਰਦੇ ਹੀ ਇਸੇ ਲਈ ਹਨ। ਗੁਰੂ ਅਰਜਨ ਦੇਵ ਜੀ ਆਪਣੇ ਸਮੇਂ ਦੇ ਮਹਾਨ ਕਾਵਿ ਰੂਪੀ ਬਾਣੀ ਦੇ ਰਚਨਾਕਾਰ ਸਨ। ਉਨ੍ਹਾਂ ਸਾਰੀ ਜ਼ਿੰਦਗੀ ਰੂਹਾਨੀ ਕਾਵਿ ਰੂਪ ਬਾਣੀ ਵਿਚ ਹੀ ਗੁਜ਼ਾਰੀ। ਰਾਬਰਟ ਬਕ ਨੇ ਇਕ ਥਾਂ ਲਿਖਿਆ ਹੈ ਕਿ ਤਿੰਨ ਚੀਜ਼ਾਂ ਮਿਲਣੀਆਂ ਕੁੱਝ ਅਮੋਲਕ ਜਿਹੀਆਂ ਹਨ-ਕਵਿਤਾ ਰਚਨਾ, ਕਵਿਤਾ ਪੜ੍ਹਨਾ ਤੇ ਕਵਿਤਾ ਵਿਚ ਜਿਊਣਾ। ਗੁਰੂ ਅਰਜਨ ਸਾਹਿਬ ਨੇ ਇਤਨੀ ਕਾਵਿ ਬਾਣੀ ਰਚੀ ਜੋ ਸ੍ਰੀ ਗੁਰੂ ਗ੍ਰੰਥ ਦਾ ਤਕੜਾ ਵਡੇਰਾ ਭਾਗ ਹੈ। ਫਿਰ ਉਨ੍ਹਾਂ ਕਈਆਂ ਹੋਰ ਸੰਤ ਕਵੀਆਂ ਦੀ ਬਾਣੀ ਨੂੰ ਪੜ੍ਹਕੇ ਮਾਣਿਆ ਤੇ ਪੁਣਿਆ-ਛਾਣਿਆ। ਆਖਰ ਉਨ੍ਹਾਂ ਦਾ ਆਪਣਾ ਜੀਵਨ ਵੀ ਇਕ ਤਰ੍ਹਾਂ ਦਾ ਸੁੰਦਰ ਹੀ ਸੀ ਜਿਸ ਦਾ ਰਾਜ-ਤਿਲਕ ਉਨ੍ਹਾਂ ਨੂੰ ਧੁਰੋਂ ਮਿਲਿਆ ਹੋਇਆ ਸੀ ਤੇ ਉਹ ਇਸੇ ਰੰਗ ਵਿਚ ਨਿਸ਼ਚਿੰਤ ਤੇ ਮਸਤ ਹੋ ਕੇ ਗੁਣ ਗੁਣਾਂਦੇ ਸਨ।

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥**

(ਅੰਕ ੬੨੮)

ਆਪ ਜੀ ਦਾ ਪ੍ਰਕਾਸ਼ ਸੇਵਾ-ਪੁੰਜ ਸੁਘੜ ਮਾਤਾ ਭਾਨੀ ਜੀ ਤੇ ਪ੍ਰੇਮ-ਪੁੰਜ ਸਤਿਗੁਰੂ ਰਾਮਦਾਸ ਜੀ ਦੇ ਘਰ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ 15 ਅਪ੍ਰੈਲ 1563 ਈ. ਨੂੰ ਹੋਇਆ। ਬਚਪਨ ਬਿਆਸ ਕੰਢੇ ਗੁਜ਼ਾਰਿਆ ਤੇ ਬਾਬਾ ਬੁੱਢਾ ਜੀ ਤੋਂ ਮੁੱਢਲੀ ਵਿਦਿਆ ਪਾਈ। ਇਸ ਤੋਂ ਬਾਅਦ ਭਾਰਤੀ ਸਾਹਿਤ ਤੇ ਧਰਮ ਦੇ ਅਧਿਐਨ ਲਈ ਕਾਫੀ ਘਾਲ ਘਾਲੀ। ਬਾਣੀ ਰਚਨਾ ਦਾ ਸ਼ੌਕ ਮੁੱਢ ਤੋਂ ਹੀ ਸੀ, ਹਮੇਸ਼ਾ ਗੁਰੂ ਪ੍ਰਮੇਸ਼ਰ ਦੇ ਪਿਆਰ ਵਿਚ ਆਪ ਸ਼ਬਦ ਉਚਾਰਦੇ ਰਹਿੰਦੇ ਸਨ। ਆਪ ਦੇ ਪਿਤਾ ਵੀ ਬੜੇ ਅੱਛੇ ਬਾਣੀਕਾਰ ਸਨ ਜਿਨ੍ਹਾਂ ਦੀ ਬਾਣੀ ਪ੍ਰੇਮ ਤੇ ਰਸ ਰੰਗ ਤੇ ਦਰਦ ਨਾਲ ਭਿੰਜੀ ਹੁੰਦੀ ਸੀ। ਇਕ ਵਾਰ ਪਿਤਾ ਨੇ ਇਨ੍ਹਾਂ ਨੂੰ ਲਾਹੌਰ ਭੇਜਿਆ ਤੇ ਕਿਹਾ ਜਦ ਤੱਕ ਸੱਦਾ ਨਾ ਭੇਜੀਏ, ਉਥੇ ਹੀ ਰਹਿਣਾ। ਕਾਫੀ ਸਮਾਂ ਲੰਘ ਜਾਣ ਉਪਰੰਤ ਵੀ ਪਿਤਾ ਗੁਰੂ ਵੱਲੋਂ ਕੋਈ ਸੁਨੇਹਾ ਵੀ ਨਾ ਆਇਆ। ਆਖਿਰ ਬਿਰਹੁ-ਵਿਆਕੁਲ ਹੋ ਕੇ ਆਪ ਨੇ ਇਹ ਪ੍ਰੇਮ-ਪੱਤਰ ਲਿਖਿਆ :-

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ**
**ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥**
**ਹਉ ਘੋਲੀ ਜੀਉ ਘੋਲਿ ਘੁਮਾਈ**
**ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥**
**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥**
**ਚਿਰੁ ਹੋਆ ਦੇਖੇ ਸਾਰਿੰਗਪਾਣੀ ॥**
**ਧੰਨੁ ਸੁ ਦੇਸੁ ਜਹਾ ਤੂੰ ਵਸਿਆ**
**ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨ ॥**
**ਹਉ ਘੋਲੀ ਹਉ ਘੋਲਿ ਘੁਮਾਈ**
**ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥**

(ਅੰਕ ੯੬)

ਸ਼ਾਇਦ ਇਹ ਆਪ ਦੀ ਪਹਿਲੀ ਰਚਨਾ ਸੀ, ਜਿਸ ਦਾ ਪਿਤਾ ਗੁਰੂ 'ਤੇ ਡੂੰਘਾ ਪ੍ਰਭਾਵ ਪਿਆ ਅਤੇ ਆਪ ਨੂੰ ਵਾਪਸ ਬੁਲਾ ਲਿਆ ਗਿਆ।

ਆਪ ਦੀ ਯੋਗਤਾ ਤੇ ਜੀਵ ਉਚਤਾ ਨੂੰ ਦੇਖ ਕੇ ਆਖਰ ਗੁਰੂ ਰਾਮਦਾਸ ਜੀ ਨੇ ਸਤੰਬਰ 1581 ਈਸਵੀ ਵਿਚ ਆਪ ਜੀ ਨੂੰ ਗੁਰਿਆਈ ਦੀ ਗੱਦੀ ਸੌਂਪ ਦਿੱਤੀ। ਆਪ ਦਾ ਭਾਈ ਪ੍ਰਿਥੀ ਚੰਦ ਉਮਰ ਵਿਚ ਵੱਡਾ ਹੋਣ ਕਾਰਨ ਆਪਣੇ ਆਪ ਨੂੰ ਗੱਦੀ ਦਾ ਅਧਿਕਾਰੀ ਸਮਝਦਾ ਸੀ ਪਰ ਸਤਿਗੁਰਾਂ ਗੁਣਾਂ ਦੀ ਪਰਖ ਕਰ ਕੇ ਆਪ ਨੂੰ ਹੀ ਲਾਇਕ ਸਮਝਿਆ। ਡਾ. ਗੋਕਲ ਚੰਦ ਲਿਖਦੇ ਹਨ :-

ਇਸ ਸਮੇਂ ਸਿੱਖਾਂ ਦੀ ਇਕ ਚੰਗੀ ਤਕੜੀ ਨਰੋਈ ਤੇ ਨਵੀਂ ਕਿਸਮ ਦੀ ਦੁਨੀਆਂ ਬਣ ਗਈ ਸੀ, ਜੋ ਹਿੰਦੂ ਮੁਸਲਮਾਨਾ ਤੋਂ ਬਿਲਕੁਲ ਨਿਰਾਲੀ ਤਰ੍ਹਾਂ ਦੀ ਸੀ। ਇਨ੍ਹਾਂ ਦੇ ਸਾਲਾਨਾ ਜੋੜ ਮੇਲੇ, ਰੋਜ਼ਾਨਾ ਕਥਾ ਕੀਰਤਨ, ਸਾਂਝੇ ਲੰਗਰ ਤੇ ਹੋਰ ਧਰਮ-ਕਰਮ ਸਭ ਵਿਲੱਖਣ ਦਿੱਸ ਰਹੇ ਸਨ ਪਰ ਇਨ੍ਹਾਂ ਬਾਗੀਆਂ ਨੂੰ ਪੁਰਾਣੀ ਪ੍ਰੋਹਤ ਜਮਾਤ ਤਾਂ ਕੋਈ ਥਾਂ ਦੇਣ ਲਈ ਤਿਆਰ ਨਹੀਂ ਸੀ। ਇਸ ਲਈ ਲੋੜ ਸੀ ਕੇਂਦਰੀ ਧਰਮ-ਮੰਦਰ ਦੀ ਤੇ ਸਾਂਝੇ ਪਵਿੱਤਰ ਧਰਮ-ਗ੍ਰੰਥ ਦੀ। ਸਿੱਖ ਠਾਕੁਰ ਦੁਆਰਿਆਂ, ਤੀਰਥਾਂ ਯਾ ਮਸਜਿਦਾਂ ਮਜ਼ਾਰਾਂ 'ਤੇ ਜਾ ਨਹੀਂ ਸੀ ਸਕਦੇ, ਇਸੇ ਤਰ੍ਹਾਂ ਵੇਦ-ਕਿਤੇਬ ਦੇ ਵਿਸ਼ਵਾਸ ਤੋਂ ਵੀ ਇਹ ਲੋਕ ਆਕੀ ਸਨ। ਇਸ ਕਰ ਕੇ ਗੁਰੂ ਅਰਜਨ ਸਾਹਿਬ ਜੀ ਨੇ ਸੰਮਤ 1645 ਵਿਚ ਹਰਿਮੰਦਰ ਦੀ ਨੀਂਹ ਆਪਣੇ ਹੱਥੀਂ ਰੱਖੀ ਅਤੇ ਇਸ ਤੋਂ ਪਿੱਛੋਂ ਬੜੀ ਲੰਮੀ ਸਾਹਿਤ ਸਾਧਨਾ ਬਾਅਦ 1601 ਈ. ਵਿਚ ਆਦਿ (ਗੁਰੂ) ਗ੍ਰੰਥ ਸਾਹਿਬ ਦਾ ਸੰਪਾਦਨ ਸ਼ੁਰੂ ਕੀਤਾ। ਇਸ ਤੋਂ ਬਿਨਾਂ ਜਨਤਕ ਭਲਾਈ ਦੇ ਕੰਮ ਤਾਂ ਉਨ੍ਹਾਂ ਹੋਰ ਵੀ ਬਹੁਤ ਕੀਤੇ, ਇਸ ਕਰ ਕੇ ਸਿੱਖ ਜਾਗ੍ਰਤੀ ਲਹਿਰ ਦੀ ਚਰਚਾ ਦੂਰ-ਦੂਰ ਤੱਕ ਫੈਲੀ। ਇਥੋਂ ਤੱਕ 24 ਨਵੰਬਰ 1598 ਈ. ਨੂੰ ਬਾਦਸ਼ਾਹ ਅਕਬਰ ਵੀ ਖੁਦ

ਇੱਕ ਵਾਰ ਗੁਰੂ ਜੀ ਦੇ ਡੇਰੇ ਆਇਆ। ਇਉਂ ਆਪ ਦੀ ਕੀਰਤੀ ਚਾਰੇ ਪਾਸੇ ਪਸਰੀ। ਸਮਕਾਲੀ ਭੱਟ ਰਾਇ ਬਲਵੰਡ ਤੇ ਸੱਤੇ ਨੇ ਠੀਕ ਕਿਹਾ ਹੈ :-

**ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥**
**ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥**
**(ਅੰਕ ੯੬੮)**

ਭਾਈ ਗੁਰਦਾਸ ਜੀ ਦੀ ਲਿਖਤ ਤੋਂ ਵੀ ਇਸੇ ਦੀ ਪੁਸ਼ਟੀ ਹੁੰਦੀ ਹੈ :-

**ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।**
**ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।**
**(ਵਾਰ ੨੪, ਪਉੜੀ ੧੯)**
**ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ**
**ਲੰਗਰੁ ਚਲੈ ਗੁਰ ਸਬਦਿ ਪੂਰੈ ਪੂਰੀ ਬਣੀ ਬਣਤਾ।**
**(ਵਾਰ ੨੪, ਪਉੜੀ ੨੦)**

ਇਸ ਤੋਂ ਪਤਾ ਲੱਗਦਾ ਹੈ ਕਿ ਸ਼ਬਦ ਜਾਂ ਰੂਹਾਨੀ ਬਾਣੀ ਦਾ ਭੰਡਾਰ ਭਰਪੂਰ ਕਰ ਕੇ ਕਿਸ ਤਰ੍ਹਾਂ ਉਨ੍ਹਾਂ ਨਵੇਂ ਜਾਗੇ ਲੋਕਾਂ ਨੂੰ ਜੀਵਨ-ਆਧਾਰ ਬਖਸ਼ਿਆ। ਇਹ ਉਨ੍ਹਾਂ ਦੀ ਸਾਹਿਤਕ ਘਾਲ, ਅਧਿਆਤਮਿਕ ਪੱਖ ਤੋਂ ਵੀ ਇਹ ਬਹੁਤ ਉਚਾ ਕਾਰਨਾਮਾ ਸੀ ਕਿ ਬਗੈਰ ਕਿਸੇ ਨਸਲੀ, ਮਜ਼੍ਹਬੀ ਜਾਂ ਸੰਪ੍ਰਦਾਇਕ ਭਿੰਨ ਭੇਦ ਦੇ ਮੁਸਲਿਮ ਦਰਵੇਸ਼ਾਂ, ਹਿੰਦੂ ਸੰਤਾਂ ਭਗਤਾਂ ਤੇ ਹੋਰ ਰੱਬੀ ਪਿਆਰਿਆਂ ਦੇ ਪਵਿੱਤਰ ਬਚਨ ਸੰਕਲਿਤ ਕਰ ਕੇ ਸੰਸਾਰ ਲਈ ਇਕ ਸਾਂਝੇ ਧਰਮ ਗ੍ਰੰਥ ਦੀ ਸੰਪਾਦਨਾ ਕੀਤੀ।

ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਦਿੱਲੀ ਸਰਕਾਰ ਦੀ ਨੀਤੀ ਵਿਚ ਭਾਰੀ ਤਬਦੀਲੀ ਆਈ। 1605 ਈਸਵੀ ਵਿਚ ਜਹਾਂਗੀਰ ਗੱਦੀ 'ਤੇ ਬੈਠਾ ਜਿਸ ਨੂੰ ਮੁਸਲਮਾਨਾਂ ਦੀ ਕੱਟੜ ਸ਼ਰਈ ਮੌਲਾਣਾ ਜਮਾਤ ਨੇ ਫੌਰਨ ਆਪਣੇ ਚੱਕਰ ਵਿਚ ਫਸਾ ਲਿਆ। ਇਸ ਦਾ ਮਾੜਾ ਨਤੀਜਾ ਇਹ ਹੋਇਆ ਕਿ ਸ਼ਾਹੀ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਭਲੇ ਮਹਾਂਪੁਰਸ਼ ਲੋਕ ਸੇਵਕ ਤੇ ਸੁਹਿਰਦ ਕਲਾਕਾਰ ਧਰਮ ਗੁਰੂ ਜੀ ਨੂੰ ਸਖ਼ਤ ਤਸੀਹੇ ਦੇ ਦੇ ਕੇ 30 ਮਈ 1606 ਈਸਵੀ ਨੂੰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ। ਇਹ ਬਲੀਦਾਨ ਇਕ ਕਰੂਰ ਘਟਨਾ ਸੀ ਪਰ ਗੁਰੂ ਸਾਹਿਬ ਦੀ ਆਤਮਾ ਡੋਲੀ ਨਹੀਂ, ਬਲਕਿ ਖਿੜੇ ਮੱਥੇ 'ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥' ਦੇ ਭਾਣੇ ਅਨੁਸਾਰ ਪਰਮਾਤਮ ਸਾਗਰ ਵਿਚ ਲੀਨ ਹੋ ਗਈ।

ਇਕ ਮਹਾਨ ਸਖਸ਼ੀਅਤ ਨਾਲ ਸਮੇਂ ਦੀ ਸਰਕਾਰ ਦਾ ਇਹ ਵਰਤਾਉ ਸਚਮੁੱਚ ਹਿਰਦੇ ਵੇਧਕ ਸੀ ਪਰ ਬੁਨਿਆਦੀ ਕਾਰਨ ਇਹ ਸੀ ਕਿ ਗੁਰਬਾਣੀ ਦਾ ਦੱਸਿਆ ਜੀਵਨ-ਸਿਧਾਂਤ ਹਿੰਦੂ ਮੁਸਲਿਮ ਦੇ ਸੰਪ੍ਰਦਾਇਕ ਸਿਧਾਂਤਾਂ ਤੋਂ ਵੱਖਰੀ ਭਾਂਤ ਦਾ ਸੀ ਤੇ ਇਹੋ ਨਿਆਰਾਪਣ ਕੱਟੜਪੰਥੀ ਪੰਡਿਤਾਂ ਮੁੱਲਾਂ ਨੂੰ ਚੁੱਭਦਾ ਸੀ। ਗੁਰੂ ਅਰਜਨ ਸਾਹਿਬ ਨੇ ਆਪਣਾ ਨਿਸਚਾ ਪ੍ਰਗਟ ਕਰਦਿਆਂ ਸਾਫ ਕਿਹਾ ਹੈ :-

**ਭੈਰਉ ਮਹਲਾ ੫ ॥**
**ਵਰਤ ਨ ਰਹਉ ਨ ਮਹ ਰਮਦਾਨਾ ॥**
**ਤਿਸੁ ਸੇਵੀ ਜੋ ਰਖੈ ਨਿਦਾਨਾ ॥ ੧ ॥**
**ਏਕੁ ਗੁਸਾਈ ਅਲਹੁ ਮੇਰਾ ॥**
**ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥**
**ਹਜ ਕਾਬੈ ਜਾਉ ਨ ਤੀਰਥ ਪੂਜਾ ॥**
**ਏਕੋ ਸੇਵੀ ਅਵਰੁ ਨ ਦੂਜਾ ॥ ੨ ॥**
**ਪੂਜਾ ਕਰਉ ਨ ਨਿਵਾਜ ਗੁਜਾਰਉ ॥**
**ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥**
**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥**
**(ਅੰਕ ੧੧੩੬)**

ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਸ਼੍ਰੋਮਣੀ ਵਿਆਖਿਆਕਾਰ ਉੱਚਕੋਟੀ ਦੇ ਮਹਾਂਕਵੀ ਸਨ। ਪੰਜਾਬੀ ਨਾਲੋਂ ਵੀ ਵੱਧ ਸਮੁੱਚੀ ਭਾਰਤੀ ਕਾਵਿਧਾਰਾ ਵਿਚ ਉਨ੍ਹਾਂ ਦਾ ਉਚਤਮ ਸਥਾਨ ਹੈ ਕਿਉਂਕਿ ਉਨ੍ਹਾਂ ਵਧੇਰੇ ਰਚਨਾ ਸੰਤ ਭਾਸ਼ਾ ਵਿਚ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਸਭ ਤੋਂ ਵੱਧ ਬਾਣੀ ਹੈ, ਅਰਥਾਤ ਕੁਲ 5894 ਸ਼ਬਦਾਂ ਵਿਚ 2218 ਸ਼ਬਦ। ਇਕ ਤਰ੍ਹਾਂ ਸਾਰੇ ਆਦਿ ਗੁਰੂ ਗ੍ਰੰਥ ਸਾਹਿਬ ਦੇ ਤੀਜੇ ਹਿੱਸੇ ਤੋਂ ਵੀ ਵੱਧ। ਇਹ ਸਾਰੀ ਰਚਨਾ ਸੁਹਜਾਤਮਕ ਵਿਆਖਿਆਤਮਕ ਪੱਖ ਤੋਂ ਵਚਿੱਤਰ ਗੁਣਾਂ ਦੀ ਧਾਰਨੀ ਹੈ ਤੇ ਭਾਸ਼ਾਈ ਵੰਨ ਸੁਵੰਨਤਾ ਸਾਂਝੀਵਾਲਤਾ ਤੇ ਸਰਲਤਾ ਇਸ ਦਾ ਵਿਸ਼ੇਸ਼ ਲੱਛਣ ਹੈ। ਸ਼ਾਇਦ ਕਿਸੇ ਵੀ ਸੰਤ ਕਵੀ ਨੇ ਇਤਨੀ ਅਨੇਕ-ਭਾਂਤੀ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ। ਗੁਰੂ ਸਾਹਿਬ ਨੇ ਆਪਣੇ ਸਮੇਂ ਦੀ ਕਿਸੇ ਢੰਗ ਨਾਲ ਵਰਤੀ ਜਾਂਦੀ ਹਰ ਭਾਸ਼ਾ ਜਾਂ ਬੋਲੀ ਦੇ ਨਮੂਨੇ ਸੰਭਾਲਣ ਦਾ ਜਤਨ ਕੀਤਾ ਹੈ। ਸੰਤ ਭਾਸ਼ਾ, ਬ੍ਰਿਜਭਾਸ਼ਾ, ਰੇਖਤਾ ਹਿੰਦੁਸਤਾਨੀ, ਗਾਥਾ, ਸਹਸਕ੍ਰਿਤੀ, ਪੰਜਾਬੀ ਤੇ ਲਹਿੰਦੀ ਆਦਿ ਕਈ ਵੰਨਗੀਆਂ ਪ੍ਰਾਪਤ ਹਨ।

ਜੈਸਾ ਕਿ ਅਸਾਂ ਅੱਗੇ ਕਿਹਾ ਹੈ ਕਿ ਆਪ ਦੀ ਸਭ ਤੋਂ ਵੱਧ ਰਚਨਾ ਸੰਤ ਭਾਸ਼ਾ ਵਿਚ ਹੈ, ਜਿਸ ਵਿਚ ਪੰਜਾਬੀ ਦਾ ਵੀ ਡੂੰਘਾ ਪ੍ਰਭਾਵ ਹੈ ਪਰ ਉਨ੍ਹਾਂ ਨੇ ਹਿੰਦੀ ਰਚਨਾ ਵਿਚ ਜੋ ਸਫਲਤਾ ਪ੍ਰਾਪਤ ਕੀਤੀ, ਉਹ ਕਮਾਲ ਦੀ ਹੈ। ਗੁਰੂ ਸਾਹਿਬ ਪ੍ਰਮੇਸ਼ਰ ਨੂੰ ਵੀ ਇਕ ਸੁੰਦਰ ਕਲਮਧਾਰੀ ਮੰਨ ਕੇ ਇਹ ਕਹਿੰਦੇ ਹਨ ਕਿ ਉਸ ਨੇ ਆਪਣੀ ਅਖੰਡ ਵਹਿੰਦੀ ਕਲਮ ਨਾਲ ਸੰਸਾਰ ਦੀ ਇਹ ਪੋਥੀ ਲਿਖੀ ਹੈ। ਉਸ ਦੀ ਉਸਤਤਿ ਆਖੀ ਨਹੀਂ ਜਾ ਸਕਦੀ ਪਰ ਉਸ ਦੀ ਤਲਾਸ਼ ਬਣੀ ਹੋਈ ਹੈ :-

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥

(ਅੰਕ ੨੬੧)

ਇਸ ਸੰਤ-ਭਾਸ਼ਾ ਵਾਲੀ ਬਾਣੀ ਵਿਚ 'ਸੁਖਮਨੀ ਸਾਹਿਬ' ਇਕ ਸਰਬੋਤਮ ਰਚਨਾ ਹੈ, ਜਿਸ ਨੂੰ ਸਿੱਖਾਂ ਤੋਂ ਇਲਾਵਾ ਗੈਰਸਿੱਖ ਹਲਕਿਆਂ ਵਿਚ ਵੀ ਬੜੀ ਸ਼ਰਧਾ ਤੇ ਪ੍ਰੇਮ ਨਾਲ ਪੜ੍ਹਿਆ ਜਾਂਦਾ ਹੈ। ਜਿਸ ਸਫਲਤਾ ਨਾਲ ਗੁਰੂ ਸਾਹਿਬ ਨੇ ਇਸ ਅਨੋਖੇ ਮਹਾਂਕਾਵਿ ਵਿਚ ਆਦਰਸ਼ਕ ਪੂਰਨ ਮਨੁੱਖ ਦਾ ਜੀਵਨ ਚਿਤਰਿਆ ਹੈ, ਉਹ ਟੁੰਬਣ ਵਾਲਾ ਤੇ ਜ਼ਿੰਦਗੀ ਨੂੰ ਅੱਗੇ ਵਧਾਉਣ ਵਾਲਾ ਹੈ। ਕਿਤੇ ਕੋਈ ਨਿਰਾਸਤਾ ਨਹੀਂ, ਉਦਾਸੀ ਯਾ ਮਾਯੂਸੀ ਨਹੀਂ, ਸਗੋਂ ਬੜੀ ਹੀ ਸੁਹਿਰਦਤਾ ਨਾਲ ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਪਰਧਾਨ ਮੁਖੀਏ ਬਣਨਾ ਹੈ ਤਾਂ ਨਿਮਰਤਾ ਧਾਰੋ, ਜੇ ਰੱਬ ਨੂੰ ਪਾਉਣਾ ਹੈ, ਸਭ ਨੂੰ ਸੱਜਣ ਜਾਣੋ। ਸਭ ਤੋਂ ਵਧੀਆ ਧਰਮ ਰੱਬ ਦੀ ਯਾਦ ਹੈ, ਸਭ ਤੋਂ ਵਧੀਆ ਕਰਮ ਜਾਂ ਰਹਿਤ ਸਤਿਸੰਗ ਵਿਚ ਆਪਾ ਉਜਲ ਕਰਨਾ ਹੈ। ਜੇ ਚਾਰ ਪਦਾਰਥ ਚਾਹੀਦੇ ਹਨ ਤਾਂ ਰੱਬੀ ਪਿਆਰਿਆਂ ਦੀ ਸੇਵਾ ਵਿਚ ਲੱਗੋ, ਜੇ ਦੁੱਖ ਸੰਕਟ ਕੱਟਣ ਦਾ ਖਿਆਲ ਹੈ ਤਾਂ ਨਾਮ ਦਾ ਨਗਮਾ ਗਾਓ, ਜੇ ਸ਼ੁਹਰਤ ਵਡਿਆਈ ਦੀ ਚਾਹ ਹੈ ਤਾਂ ਸੰਗਤ ਵਿਚ ਆ ਕੇ ਹਉਮੈ ਦਾ ਖਹਿੜਾ ਛੱਡ ਦਿਉ। ਕਿੰਨਾ-ਸਿੱਧਾ ਸਾਦਾ ਪ੍ਰਭਾਵਸ਼ਾਲੀ ਉਪਦੇਸ਼ ਹੈ।

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥
ਸਾਧਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਣ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥
ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥

(ਅੰਕ ੨੬੬)

ਸਿੰਧੀ ਵਿਦਵਾਨ ਸਾਧੂ ਟੀ.ਐਲ. ਵਾਸ਼ਵਾਨੀ ਕਹਿੰਦੇ ਹਨ, 'ਅਸੀਂ ਲੋਕ ਵੀਹਵੀਂ ਸਦੀ 'ਤੇ ਬੜਾ ਨਾਜ਼ ਕਰਦੇ ਹਾਂ ਪਰ ਅਸਲੀਅਤ ਇਹ ਹੈ ਕਿ ਅਸੀਂ ਗੁਰੂ ਅਰਜਨ ਦੇਵ ਜੀ ਅੱਗੇ ਬਿਲਕੁਲ ਹੇਚ ਹਾਂ। ਉਨ੍ਹਾਂ ਦੀ ਰਚਨਾ 'ਸੁਖਮਨੀ' ਜ਼ਿੰਦਗੀ ਦੀਆਂ ਗੁੰਝਲਾਂ ਦਾ ਅਮਲੀ ਹੱਲ ਦੱਸਦੀ ਹੈ, ਜੋ ਕਿ ਸ਼ਰ੍ਹਾ ਸ਼ਰੀਅਤ ਤੇ ਫੋਕੀ ਵਾਲ ਦੀ ਖੱਲ-ਲਾਹੂ ਗਿਆਨ ਚਰਚਾ ਤੋਂ ਰਹਿਤ ਹੈ।'

'ਮੈਨੂੰ ਆਖਿਆ ਗਿਆ ਕਿ ਸਿੰਧ ਦੇ ਕਾਲਜ-ਵਿਦਿਆਰਥੀਆਂ ਲਈ ਕੋਈ ਧਾਰਮਿਕ ਕੋਰਸ ਤਜਵੀਜ਼ ਕਰਾਂ। ਮੇਰੀ ਰਾਇ ਵਿਚ ਸੁਖਮਨੀ ਸਾਹਿਬ ਹੀ ਬਿਹਤਰੀਨ ਰਚਨਾ ਹੈ, ਜਿਸ ਦੀ ਕਿ ਹਰ ਹਿੰਦੁਸਤਾਨੀ ਨੌਜੁਆਨ ਨੂੰ ਅੱਜ ਲੋੜ ਹੈ। ਇਸ ਰਚਨਾ ਦਾ ਜੀਵਨ-ਸੰਦੇਸ਼ ਸਭ ਕੌਮਾਂ ਤੇ ਦੇਸ਼ਾਂ ਲਈ ਇਕੋ ਜਿਹਾ ਲੋੜੀਂਦਾ ਹੈ। ਅੱਜ ਸੰਸਾਰ ਕੌਮ ਪ੍ਰਸਤੀ ਦੀ ਤੰਗ ਖਿਆਲੀ ਵਿਚ ਗੌਰਵ ਮਹਿਸੂਸ ਕਰ ਰਿਹਾ ਹੈ। ਜੰਗ ਵਿਚ ਮਰਨਾ ਯੂਰਪ ਅੰਦਰ ਪਰਮ ਮਨੋਰਥ ਮੰਨਿਆ ਜਾ ਰਿਹਾ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਸੱਚਾਈ ਕਮਜ਼ੋਰਾਂ ਦਾ ਬਹਾਨਾ ਹੈ। ਪ੍ਰੇਮ, ਨਿਸ਼ਕਾਮਤਾ ਤੇ ਨਿੰਮ੍ਰਤਾ ਕਾਇਰਾਂ ਦਾ ਧਰਮ ਹੈ। ਪਰ ਇਸ ਹਾਲਤ ਵਿਚ ਸੰਸਾਰ ਨੂੰ ਇਸ ਸਮੇਂ ਪਰਮਾਰਥਕ ਸੰਦੇਸ਼ ਦੀ ਬਹੁਤ ਜ਼ਰੂਰਤ ਹੈ ਤੇ ਇਹ ਜੀਵਨ-ਸੰਦੇਸ਼ ਸਾਨੂੰ ਕੇਵਲ ਸੁਖਮਨੀ ਸਾਹਿਬ ਵਿਚੋਂ ਹੀ ਮਿਲਦਾ ਹੈ।'

ਦਰਅਸਲ ਸੁਖਮਨੀ ਸਾਹਿਬ ਸਪੱਸ਼ਟ ਵਿਚਾਰਾਂ ਤੇ ਸਰਲ ਭਾਸ਼ਾ ਕਾਰਨ ਹਰ ਕੋਈ ਪੜ੍ਹ ਸਮਝ ਸਕਦਾ ਹੈ। ਜਿਤਨਾ ਗੁਰੂ ਸਾਹਿਬ ਨੂੰ ਸੱਚੇ ਜੀਵਨ-ਆਦਰਸ਼ ਤੇ ਇਸ ਦੇ ਸਾਧਨ ਸਪੱਸ਼ਟ ਹਨ, ਉਤਨਾ ਹੋਰ ਕਿਸੇ ਨੂੰ ਨਹੀਂ ਅਤੇ ਇਹ ਬਿਆਨ ਦੇ ਪੱਖ ਤੋਂ ਵੀ ਬੜੀ ਪ੍ਰਭਾਵਸ਼ਾਲੀ ਕਿਰਤ ਹੈ। ਦਰਅਸਲ ਪਰਮ ਅਨੰਦ ਦੀ ਪ੍ਰਾਪਤੀ ਮਾਨਵਤਾ ਦੀ ਪੁਕਾਰ ਹੈ, ਇਹ ਇਨਸਾਨੀਅਤ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਂਘ ਹੈ। ਗੁਰੂ ਸਾਹਿਬ ਇਸ ਬਾਣੀ ਵਿਚ ਇਥੇ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਦਾ ਸ਼ਾਹਰਾਹ ਦੱਸਦੇ ਤੇ ਜ਼ਿੰਦਗੀ ਨੂੰ ਧਰਵਾਸ ਬਖਸ਼ਦੇ ਹਨ।

ਉਂਜ ਤਾਂ ਆਪ ਦੀ ਸਾਰੀ ਬਾਣੀ ਦਾ ਵਿਸ਼ਾ-ਵਸਤੂ ਹੀ ਮਨੁੱਖੀ ਜ਼ਿੰਦਗੀ ਨੂੰ ਪਰਸਪਰ ਮੇਲ ਕੇ ਪਰਮੇਸ਼ਰ ਨਾਲ ਅਭੇਦ ਕਰਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਮਾਜਿਕ ਬੁਰਾਈਆਂ ਤੇ ਰਾਜਨੀਤਕ ਅਤਿਆਚਾਰਾਂ ਦਾ ਵਿਰੋਧ ਹੈ ਅਤੇ ਧਾਰਮਿਕ ਪਖੰਡਾਂ ਦਾ ਵੀ ਜ਼ੋਰਦਾਰ ਖੰਡਨ ਹੈ ਪਰੰਤੂ ਗੁਰੂ ਅਰਜਨ ਦੇਵ ਦੀ ਰਚਨਾ ਵਿਚ ਇਹ ਵਿਰੋਧ ਇਸ ਮਾਤਰਾ ਵਿਚ ਨਹੀਂ ਮਿਲਦਾ। ਗੱਲ ਇਉਂ ਲੱਗਦੀ ਹੈ ਕਿ ਸੌ ਸਾਲ ਦੀ ਮਿਹਨਤ ਨਾਲ ਗੁਰੂ ਸਾਹਿਬਾਂ ਨੇ

ਕਾਫੀ ਬੁਰਾਈਆਂ ਤੇ ਕਮਜ਼ੋਰੀਆਂ ਨੂੰ ਭਾਰਤੀ ਸਮਾਜ ਵਿਚੋਂ ਦੂਰ ਕਰ ਦਿੱਤਾ ਸੀ।

ਅਕਬਰ ਸਮੇਂ ਦੀ ਰਾਜਨੀਤਕ ਅਵਸਥਾ ਵੀ ਅਮਨ ਸ਼ਾਂਤੀ ਵਾਲੀ ਸੀ, ਹਕੂਮਤ ਖੁਦ ਜਬਰੀ-ਤਬਲੀਗ ਵਰਗੀ ਭੈੜੀ ਗੱਲ ਕਰਨ ਦੀ ਥਾਂ 'ਦੀਨਿ ਇਲਾਹੀ' ਵਰਗੇ ਸਰਬਸਾਂਝੇ ਧਰਮ ਦੀ ਤਲਾਸ਼ ਵਿਚ ਸੀ। ਇਹ ਤੇ ਕਈ ਹੋਰ ਅਜਿਹੇ ਚੰਗੇ ਲੱਛਣ ਸਨ, ਇਸ ਕਰ ਕੇ ਹੁਣ ਜੀਵਨ ਦੇ ਉਸਾਰੂ ਪੱਖਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਸੀ। ਇਸ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਉਸਾਰੂ ਪੱਖ ਉਜਾਗਰ ਨਹੀਂ ਸੀ ਕੀਤੇ। ਕੇਵਲ ਗੱਲ ਇਤਨੀ ਸੀ, ਜਿਤਨੇ ਉਨ੍ਹਾਂ ਨੂੰ ਹਿੰਦੁਸਤਾਨੀ ਜੀਵਨ ਦੇ ਮੈਲੇ ਬਸਤਰ ਨੂੰ ਸਾਫ ਕਰਨ ਲਈ ਉਪਰਾਲੇ ਕਰਨੇ ਪਏ, ਉਹ ਖੇਚਲ ਹੁਣ ਘੱਟ ਗਈ ਸੀ। ਹੁਣ ਤਾਂ ਲੋੜ ਇਸ ਧੋਤੇ ਕਪੜੇ ਨੂੰ ਨਵੇਂ ਰੰਗ ਵਿਚ ਰੰਗਣ ਦੀ ਸੀ। ਸੋ ਗੁਰੂ ਅਰਜਨ ਸਾਹਿਬ ਨੇ ਆਪਣੀ ਉਚੀ ਬਾਣੀ ਰਾਹੀਂ ਇਹ ਰੰਗ ਚਾੜ੍ਹਨ ਦੀ ਭਰਪੂਰ ਕੋਸ਼ਿਸ਼ ਕੀਤੀ।

ਪਹਿਲੇ ਮਨੁੱਖੀ ਏਕਤਾ ਦਾ ਬਾਨ੍ਹਣੂੰ ਬੰਨ੍ਹਣ ਦੀ ਲੋੜ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ, ਮੁਸਲਮਾਨ, ਬ੍ਰਾਹਮਣ, ਸ਼ੂਦਰ ਤੇ ਊਚ-ਨੀਚ ਆਖੇ ਜਾਣ ਵਾਲੇ ਤਮਾਮ ਸੰਤਾਂ ਫਕੀਰਾਂ ਦੇ ਬਚਨ ਇਕ ਥਾਂ ਇਕੱਠੇ ਕਰ ਕੇ ਇਕ ਆਦਰਸ਼ਕ ਮੁਨਾਰਾ ਕਾਇਮ ਕਰ ਦਿੱਤਾ ਗਿਆ ਸੀ। ਗੁਰੂ ਸਾਹਿਬ ਆਪਣੇ ਭਗਵਾਨ ਤੋਂ ਪਹਿਲੀ ਮੰਗ ਹੀ ਇਹ ਕਰਦੇ ਹਨ :-

**ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥**
**ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥ ੩ ॥**
**(ਅੰਕ ੭੬੧)**

ਫਿਰ ਉਸ ਸਾਂਝ ਤੇ ਪਿਆਰ ਦੇ ਵੀ ਉਨ੍ਹਾਂ ਬੜੇ ਸੁੰਦਰ ਚਿੱਤਰ ਖਿੱਚ ਕੇ ਇਹ ਗੱਲ ਸਮਝਾਈ ਕਿ ਪ੍ਰਭੂ ਪ੍ਰਾਪਤੀ ਦਾ ਇਕੋ ਇਕ ਮਾਰਗ ਹੀ ਦਵੈਸ਼ ਭਾਵ ਤਿਆਗ ਕੇ ਸਭ ਨੂੰ ਦੋਸਤ ਮਿੱਤਰ ਬਣਾਉਂਦਾ ਹੈ।

**ਸਭੁ ਕੋ ਮੀਤੁ ਹਮ ਆਪਨ ਕੀਨਾ**
**ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ**
**ਤਾ ਮੇਲੁ ਕੀਓ ਮੇਰੈ ਰਾਜਨ ॥ ੩ ॥**
**(ਅੰਕ ੬੭੧)**

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥**
**(ਅੰਕ ੧੨੯੯)**

ਇਸ ਏਕਤਾ ਤੇ ਸਾਂਝੀਵਾਲਤਾ ਦਾ ਇਹ ਵੀ ਭਾਵ ਨਹੀਂ ਕਿ ਸੰਘਰਸ਼ ਤੋਂ ਪਿੱਛੇ ਹਟਣਾ ਹੈ, ਸਗੋਂ ਗੁਰੂ ਜੀ ਨੇ ਉਚੇਚੇ, ਉਦਮ ਦੀ ਤਾਕੀਦ ਕੀਤੀ ਤੇ ਅੱਗੇ ਵਧਣਾ ਹੀ ਜੀਵਨ ਦਾ ਉਦੇਸ਼ ਦੱਸਿਆ।

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ ੧ ॥**
**(ਅੰਕ ੫੨੨)**

ਉਹ ਖੁਦ ਆਪਣੇ ਆਪ ਨੂੰ ਸੰਗ੍ਰਾਮੀਆ ਮੰਨ ਕੇ ਕਹਿੰਦੇ ਹਨ :-

**ਹਉ ਗੋਸਾਈ ਦਾ ਪਹਿਲਵਾਨੜਾ ॥**
**ਮੈ ਗੁਰ ਮਿਲਿ ਉਚ ਦੁਮਾਲੜਾ ॥**
**ਸਭ ਹੋਈ ਛਿੰਝ ਇਕਠੀਆ**
**ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥**
**ਵਾਤ ਵਜਨਿ ਟੰਮਕ ਭੇਰੀਆ ॥**
**ਮਲ ਲਥੇ ਲੈਦੇ ਫੇਰੀਆ ॥**
**ਨਿਹਤੇ ਪੰਜਿ ਜੁਆਨ ਮੈ**
**ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥**
**(ਅੰਕ ੭੪)**

ਇਸ ਬੀਰ ਸੰਗ੍ਰਾਮੀਏ ਦੇ ਹਥਿਆਰ ਕਿਹੜੇ ਹਨ :-

**ਗਰੀਬੀ ਗਦਾ ਹਮਾਰੀ ॥**
**ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥**
**(ਅੰਕ ੬੨੮)**

ਫਿਰ ਜ਼ਿੰਦਗੀ ਦੀ ਅੰਤਮ ਜਿੱਤ ਵਿਚ ਵਿਸ਼ਵਾਸ ਦ੍ਰਿੜਾਇਆ ਹੈ, ਜ਼ਰਾ ਮਾਯੂਸੀ ਨਹੀਂ, ਨਿਰਾਸ਼ਾਵਾਦ ਨੂੰ ਕੋਈ ਥਾਂ ਹੀ ਨਹੀਂ :-

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥ ੧ ॥**
**(ਅੰਕ ੧੩੦੨)**

ਗੁਰੂ ਅਰਜਨ ਸਾਹਿਬ ਨੇ ਥਾਂ-ਥਾਂ ਸਹਿਜ ਸ਼ਾਂਤ ਤੇ ਸੰਤੁਲਤ ਜੀਵਨ ਬਣਾਉਣ 'ਤੇ ਜ਼ੋਰ ਦਿੱਤਾ ਹੈ। ਸੁਖਮਨੀ ਸਾਹਿਬ ਵਿਚ ਬ੍ਰਹਮ ਗਿਆਨੀ ਯਾ ਪੂਰਨ ਮਨੁੱਖ (ਮਰਦਿ ਕਾਮਲ) ਦੇ ਲੱਛਣ ਇਹੋ ਸਮਝਾਏ ਹਨ, ਜੋ ਕਮਲ ਵਾਂਗ ਦੁੱਖਾਂ-ਸੁੱਖਾਂ ਤੋਂ ਨਿਰਲੇਪ ਰਹਿੰਦਾ ਹੈ, ਜੋ ਸਮਦ੍ਰਿਸ਼ਟੀ ਰੱਖ ਕੇ ਸਭ ਨਾਲ ਇਕੋ ਜਿਹਾ ਵਰਤਾਰਾ ਕਰਦਾ ਹੈ, ਜਿਸ ਦੀ ਅਡੋਲ ਧੀਰਜ ਧਰਤੀ ਜਿਹੀ ਤੇ ਜਿਸ ਦੀ ਪ੍ਰਕਾਸ਼ਮਈ ਆਤਮਾ ਅਕਾਸ਼ ਜਿਹੀ ਵਿਸ਼ਾਲ ਹੈ। ਸੱਚੇ ਰੱਬੀ ਸੇਵਕ ਦਾ ਜੀਵਨ ਭਾਣੇ ਅੰਦਰ ਬੀਤਦਾ ਤੇ ਜ਼ਰਾ ਜਿੰਨਾ ਡੋਲਾਇਮਾਨ ਨਹੀਂ ਹੁੰਦਾ। ਇਸ ਦੀ ਜਿਤਨੀ ਸੁਚੱਜੀ ਤਸਵੀਰ ਗੁਰੂ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿਚ ਉਘਾੜੀ ਹੈ, ਉਤਨੀ ਹੀ ਉਨ੍ਹਾਂ ਆਪਣੇ ਅਮਲੀ ਜੀਵਨ (ਸ਼ਹੀਦੀ)

ਰਾਹੀਂ ਵੀ ਪ੍ਰਗਟਾਈ ਹੈ। ਇਹ ਆਪ ਜੀ ਦੀ ਸੰਖੇਪ ਆਤਮ ਕਥਾ ਹੈ।

**ਮਾਨ ਮੋਹ ਅਰੁ ਲੋਭ ਵਿਕਾਰਾ**
**ਬੀਓ ਚੀਤਿ ਨ ਘਾਲਿਓ ॥**
**ਨਾਮ ਰਤਨੁ ਗੁਣਾ ਹਰਿ ਬਣਜੇ**
**ਲਾਦਿ ਵਖਰੁ ਲੈ ਚਾਲਿਓ ॥ ੧ ॥**
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਅਪਨਾ**
**ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥**
**ਜੈਸੀ ਆਗਿਆ ਕੀਨੀ ਠਾਕੁਰਿ**
**ਤਿਸ ਤੇ ਮੁਖੁ ਨਹੀ ਮੋਰਿਓ ॥**
**ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ**
**ਉਠਿ ਉਆਹੂ ਕਉ ਦਉਰਿਓ ॥ ੨ ॥**
**ਆਗਿਆ ਮਹਿ ਭੂਖ ਸੋਈ ਕਰਿ ਸੂਖਾ**
**ਸੋਗ ਹਰਖ ਨਹੀ ਜਾਨਿਓ ॥**
**ਜੋ ਜੋ ਹੁਕਮੁ ਭਇਓ ਸਾਹਿਬ ਕਾ**
**ਸੋ ਮਾਥੈ ਲੇ ਮਾਨਿਓ ॥ ੩ ॥**
**ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ**
**ਸਵਰੇ ਹਲਤ ਪਲਾਤਾ ॥**
**ਧੰਨੁ ਸੇਵਕੁ ਸਫਲੁ ਓਹੁ ਆਇਆ**
**ਜਿਨਿ ਨਾਨਕ ਖਸਮੁ ਪਛਾਤਾ ॥ ੪ ॥ ੫ ॥**

**(ਅੰਕ ੧੦੦੦)**

ਇਉਂ ਆਪ ਨੇ ਆਪਣੀ ਬਾਣੀ ਰਾਹੀਂ ਆਦਰਸ਼ਮਈ ਉਚ ਜੀਵਨ ਦੇ ਮਿਆਰਾਂ ਨੂੰ ਪੱਕਿਆਂ ਕਰਨ 'ਤੇ ਜ਼ੋਰ ਦਿੱਤਾ, ਤਾਂ ਕਿ ਇਹ ਜਾਗ੍ਰਿਤੀ ਲਹਿਰ ਕਿਸੇ ਵੀ ਸੰਘਰਸ਼ ਦਾ ਟਾਕਰਾ ਕਰਨ ਲਈ ਸਮਰੱਥ ਸਿੱਧ ਹੋਵੇ ਅਤੇ ਉਨ੍ਹਾਂ ਆਪਣੀ ਕੁਰਬਾਨੀ ਰਾਹੀਂ ਵੀ ਇਸ 'ਤੇ ਪੂਰਨੇ ਪਾ ਕੇ ਦ੍ਰਿੜ ਕਰਾ ਦਿੱਤਾ ਕਿ ਸੰਕਟਾਂ ਨਾਲ ਖਿੜੇ ਮੱਥੇ ਟਕਰਾਉਣਾ ਮਰਦਾਂ ਦਾ ਕੰਮ ਹੈ।

ਜੈਸਾ ਕਿ ਅਸਾਂ ਦੇਖਿਆ ਹੈ, ਵਿਸ਼ਾ ਵਸਤੂ ਦੇ ਪੱਖ ਤੋਂ ਗੁਰੂ ਜੀ ਦੀ ਉਚੀ ਬਾਣੀ ਬੜੀ ਮਾਅਰਕੇ ਦੀ ਹੈ। ਉਸ ਵਿਚ ਉਚੇ-ਸੁੱਚੇ ਜੀਵਨ ਦੇ ਕਈ ਪਹਿਲੂਆਂ ਨੂੰ ਵੱਖੋ-ਵੱਖ ਢੰਗਾਂ ਰਾਹੀਂ ਰੁਸ਼ਨਾਇਆ ਗਿਆ ਹੈ। ਇਹ ਠੀਕ ਹੈ ਕਿ ਕਿਸੇ ਕਵੀ ਦੀ ਮਹਾਨਤਾ ਇਸ ਤੋਂ ਵੀ ਜਾਚੀ ਜਾਂਦੀ ਹੈ ਕਿ ਉਸ ਨੇ ਕੀ ਕਿਹਾ ਹੈ, ਯੁਗ ਨੂੰ ਕੀ ਪੈਗਾਮ ਦਿੱਤਾ ਹੈ ਅਤੇ ਹੁਣ ਉਸ ਸੰਦੇਸ਼ ਦਾ ਕੀ ਮੁੱਲ ਹੈ? ਪਰ ਸਾਹਿਤ ਵਿਚ ਇਸ ਤੋਂ ਵੀ ਵਧੇਰੇ ਮਹੱਤਵ ਦੀ ਗੱਲ ਇਹ ਹੈ ਕਿ ਕਵੀ ਨੇ ਇਸ ਗੱਲ ਨੂੰ ਆਖਿਆ ਕਿਵੇਂ ਹੈ, ਕਿਸ ਰੂਪ, ਸ਼ੈਲੀ ਤੇ ਭਾਸ਼ਾ ਰਾਹੀਂ ਇਸ ਸੰਦੇਸ਼ ਨੂੰ ਕਿੰਨਾ ਕੁ ਸੁਹਜਮਈ ਤੇ ਪ੍ਰਭਾਵਸ਼ਾਲੀ ਬਣਾ ਕੇ ਪੇਸ਼ ਕੀਤਾ ਹੈ। ਗੁਰੂ ਸਾਹਿਬ ਰਹੱਸਵਾਦੀ ਸੰਤ ਰਚਨਾਕਾਰ ਸਨ ਪਰ ਉਹ ਇਨ੍ਹਾਂ ਰਹੱਸਾਂ ਨੂੰ ਕੁਦਰਤ-ਚਿੱਤਰਾਂ ਵਿਚ ਸ਼ਿੰਗਾਰ ਕੇ ਪੂਰੇ ਵਿਸਤਾਰ ਨਾਲ ਬਿਆਨ ਕਰਦੇ ਸਨ, ਵਿਆਖਿਆਮਈ ਹੋਣਾ ਇਸ ਰਚਨਾ ਦਾ ਪ੍ਰਧਾਨ ਗੁਣ ਹੈ। ਉਹ ਅਧਿਆਤਮਕ ਗੱਲਾਂ ਨੂੰ ਬਹੁਤ ਸਰਲ ਤੇ ਰਸਮਈ ਢੰਗ ਨਾਲ ਰਮਣੀਕ ਬਣਾ ਕੇ ਕਹਿੰਦੇ ਹਨ। ਖਿਆਲ ਨੂੰ ਸੁੰਦਰ ਅਲੰਕਾਰਾਂ ਦੇ ਗਹਿਣੇ ਸਜਾ ਕੇ ਪੇਸ਼ ਕਰਨਾ ਉਨ੍ਹਾਂ ਦਾ ਇਕ ਸੁਭਾਵਕ ਹੁਨਰ ਹੈ।

ਦੁਨੀਆਂ ਦੀ ਨਾਸ਼ਮਾਨਤਾ ਤਾਂ ਹੋਰ ਭਗਤ ਕਵੀਆਂ ਨੇ ਵੀ ਬਿਆਨੀ ਹੈ ਪਰ ਗੁਰੂ ਜੀ ਦੀ ਕਲਾਕਾਰ ਕਲਮ ਦਾ ਇਹ ਚਿੱਤਰ ਵੀ ਦੇਖੋ, ਜਿਸ ਵਿਚ ਉਹ ਕਹਿੰਦੇ ਹਨ ਕਿ ਅਸੀਂ ਸਭ ਪੰਛੀ ਹਾਂ ਤੇ ਵਾਰੀ-ਵਾਰੀ ਇਸ ਜਹਾਨ ਦੇ ਬ੍ਰਿਛ ਤੋਂ ਉਡ ਜਾਣਾ ਹੈ :-

**ਬਿਰਖੈ ਹੇਠਿ ਸਭਿ ਜੰਤ ਇਕਠੇ ॥**
**ਇਕਿ ਤਤੇ ਇਕਿ ਬੋਲਨਿ ਮਿਠੇ ॥**
**ਅਸਤੁ ਉਦੋਤੁ ਭਇਆ ਉਠਿ ਚਲੇ**
**ਜਿਉ ਜਿਉ ਅਉਧ ਵਿਹਾਣੀਆ ॥ ੧ ॥**

**(ਅੰਕ ੧੦੧੯)**

ਪਉੜੀ ਦੀ ਤਰਜ਼ ਵਿਚ ਇਸੇ ਨਾਸ਼ਮਾਨਤਾ ਨੂੰ ਦੂਜੀ ਤਰ੍ਹਾਂ ਦਰਸਾਇਆ ਹੈ ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਸਮਕਾਲੀ ਹਾਕਮ ਸ਼੍ਰੇਣੀ ਤੇ ਹੈਂਕੜ ਬਾਜ਼ ਪ੍ਰੋਹਤ ਜਮਾਤ ਤੋਂ ਨਿਰਭੈ ਹੋ ਕੇ ਉਨ੍ਹਾਂ ਦੇ ਅੰਤ ਵੱਲ ਸੰਕੇਤ ਕਰਨੋਂ ਸੰਕੋਚਦੇ ਨਹੀਂ :-

**ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥**
**ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥**
**ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥**
**ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥**
**ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥**
**ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥**
**ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥**
**ਨਿਹਚਲੁ ਸਚੁ ਖੁਦਾਇ ਏਕੁ ਖੁਦਾਇ**
**ਬੰਦਾ ਅਬਿਨਾਸੀ ॥ ੧੭ ॥**

**(ਅੰਕ ੧੧੦੦)**

ਨਾਸ਼ਮਾਨਤਾ ਨਾਲੋਂ ਸੰਸਾਰੀ ਵਚਿੱਤਰਤਾ ਦੇ ਚਿਤਰ ਵਧੇਰੇ ਮਾਤਰਾ ਵਿਚ ਪ੍ਰਾਪਤ ਹਨ। ਦਰਅਸਲ ਸ਼ਿੰਗਾਰ ਤੇ ਸ਼ਾਂਤਰਸ ਨੂੰ ਜਿਵੇਂ ਅਦਭੁਤ ਰਸ ਵਿਚ ਡੋਬ ਕੇ ਆਪ ਨੇ ਮਾਧੁਰਯ ਸ਼ੈਲੀ ਰਾਹੀਂ ਪੇਸ਼ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਨਾਰੀ ਜੀਵਨ ਦੇ ਅਲੰਕਾਰ ਨੂੰ ਤਾਂ ਉਨ੍ਹਾਂ ਭਰਪੂਰ ਮਾਤਰਾ ਵਿਚ ਵਰਤਿਆ ਹੈ :-

**ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ**
**ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥**
**ਸੁਣਿ ਸਖੀਏ ਮੇਰੀ ਨੀਦ ਭਲੀ**

**ਮੈ ਆਪਨੜਾ ਪਿਰੁ ਮਿਲਿਆ ॥**

(ਅੰਕ ੨੪੯)

ਜੇਹਾ ਕਿ ਅਸਾਂ ਪਿੱਛੇ ਵੀ ਕਿਹਾ ਹੈ ਕਿ ਗੁਰੂ ਸਾਹਿਬ ਇਕ ਵਿਦਵਾਨ ਕਲਾਕਾਰ ਸਨ, ਜਿਥੇ ਉਨ੍ਹਾਂ ਸਾਹਿਤ ਵਿਚ ਵਰਤੀਂਦੇ ਵਾਰ, ਬਾਰਹ ਮਾਹ, ਰੁਤੀ, ਥਿਤੀ, ਸਤਵਾਰ, ਦਿਨ ਰੈਣਿ, ਬਾਵਨ ਅੱਖਰੀ, ਛੰਤ, ਕਾਫੀ, ਡਖਣੇ, ਕਰਹਲੇ, ਪਹਰੇ, ਚਉਬੋਲੇ, ਫੁਨਹੇ ਆਦਿ ਅਨੇਕ ਕਾਵਿ-ਰੂਪਾਂ ਨੂੰ ਵਰਤੋਂ ਵਿਚ ਲਿਆ ਕੇ ਰੰਗਾਂ ਰੰਗ ਕਾਵਿ-ਵੰਨਗੀ ਪੇਸ਼ ਕੀਤੀ ਹੈ, ਉਥੇ ਬਹੁ-ਭਾਂਤੀ ਭਾਸ਼ਾ ਚਮਤਕਾਰਾਂ ਦਾ ਵੀ ਗੁਲਦਸਤਾ ਸਜਾਇਆ ਹੈ। ਹਰ ਕਵੀ ਹਰ ਭਾਸ਼ਾ ਵਿਚ ਰਚਨਾ ਕਰਨ ਲਈ ਨਿਪੁੰਨ ਨਹੀਂ ਹੋ ਸਕਦਾ ਪਰ ਗੁਰੂ ਸਾਹਿਬ ਦੀ ਪਤ੍ਰਿਭਾ ਬਹੁਮੁਖੀ ਸੀ ਤੇ ਉਹ ਸਮੇਂ ਦੀਆਂ ਸਾਹਿਤਕ ਭਾਸ਼ਾਵਾਂ ਦੇ ਪਾਰੰਗਤ ਵਿਦਵਾਨ ਸਨ। ਇਸੇ ਕਰ ਕੇ ਜਿਥੇ ਉਨ੍ਹਾਂ ਸੰਤ ਭਾਸ਼ਾ ਵਿਚ ਢੇਰ ਰਚਨਾ ਕੀਤੀ, ਉਥੇ ਗਾਥਾ, ਸਹਿਸਕ੍ਰਿਤੀ ਵਰਗੇ ਪੁਰਾਣੇ ਅਪਭ੍ਰੰਸ਼ੀ ਰੂਪਾਂ ਵਿਚ ਵੀ ਆਪਣੇ ਭਾਵ ਪ੍ਰਗਟ ਕੀਤੇ ਹਨ। ਜੇ ਟਕਸਾਲੀ ਪੰਜਾਬੀ ਨੂੰ ਵਰਤਿਆ, ਨਾਲ ਲਹਿੰਦੀ ਰਚਨਾ ਵਿਚ ਵੀ ਕਮਾਲ ਕਰ ਦਿਖਾਇਆ ਹੈ। ਜੇ ਸੰਸਕ੍ਰਿਤ ਰੰਗ ਵਾਲੇ ਸਲੋਕ ਦਿੱਤੇ ਹਨ ਤਾਂ ਫਾਰਸੀ ਅਸਰ ਹੇਠ ਨਵੀਂ ਬਣ ਰਹੀ ਜ਼ੁਬਾਨ ਰੇਖਤਾ ਦੇ ਨਮੂਨੇ ਵੀ ਆਪ ਦੀ ਬਾਣੀ ਵਿਚੋਂ ਮਿਲ ਜਾਂਦੇ ਹਨ। ਜੈਤਸਰੀ ਦੀ ਵਾਰ ਰਚੀ ਹੀ ਇਸ ਆਧਾਰ 'ਤੇ ਗਈ ਹੈ, ਜਿਸ ਵਿਚ ਇਕ ਸਲੋਕ ਸੰਸਕ੍ਰਿਤਮਈ; ਦੂਜਾ ਨਾਲ ਲਹਿੰਦੀ ਦਾ ਤੇ ਫਿਰ ਸਰਲ ਪੰਜਾਬੀ ਵਿਚ ਪਉੜੀ। ਮਿਸਾਲ ਲਈ ਇਕ ਸਲੋਕ ਲੈ ਲਓ।

**ਸਲੋਕ ॥**
**ਤਿਅਕਤ ਜਲੰ ਨਹ ਜੀਵ ਮੀਨੰ**
**ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥**
**ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥**
**ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥ ੧ ॥**
**ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥**
**ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥ ੨ ॥**
**ਪਉੜੀ ॥**
**ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ**
**ਦੇਖਿ ਦਰਸੁ ਅਘਾਵੈ ॥੧੨॥**

(ਅੰਕ ੭੦੮)

ਲਹਿੰਦੀ ਦੇ ਨਮੂਨੇ ਬਹੁਤ ਸੁਆਦਲੇ ਹਨ, ਖਾਸ ਕਰ ਕੇ ਸ਼ਿੰਗਾਰੀ ਪੱਖ ਤੋਂ ਉਨ੍ਹਾਂ ਦਾ ਰੰਗ ਰੂਪ ਬੜਾ ਹੀ ਆਕਰਸ਼ਕ ਹੈ। ਇਹ ਮਾਰੂ ਵਾਰ ਵਿਚ ਦੇਖੇ ਜਾ ਸਕਦੇ ਹਨ। ਕੁੱਝ ਕੁ ਵੰਨਗੀ ਵਜੋਂ ਇਸ ਤਰ੍ਹਾਂ ਹਨ :-

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ ੧ ॥**

(ਅੰਕ ੧੦੯੪)

**ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥**
**ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥ ੧ ॥**

(ਅੰਕ ੧੦੯੫)

**ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥**

(ਅੰਕ ੧੦੯੪)

**ਨਾਨਕ ਬਿਜੁਲੀਆ ਚਮਕੰਨਿ**
**ਘੁਰਨਿ੍ ਘਟਾ ਅਤਿ ਕਾਲੀਆ ॥**
**ਬਰਸਨਿ ਮੇਘ ਅਪਾਰ ਨਾਨਕ**
**ਸੰਗਮਿ ਪਿਰੀ ਸੁਹੰਦੀਆ ॥ ੨ ॥**

(ਅੰਕ ੧੧੦੨)

ਜਰਮਨ ਪਾਦਰੀ ਮਿਸਟਰ ਟ੍ਰੰਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਹਿੰਦਵੀ ਭਾਸ਼ਾਵਾਂ ਦਾ ਭੰਡਾਰ' ਕਿਹਾ ਹੈ। ਜੇਕਰ ਡੂੰਘੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਭੰਡਾਰ ਵਧੇਰੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸੁਰੱਖਿਅਤ ਹੈ, ਇਸ ਦਾ ਕਾਰਨ ਉਨ੍ਹਾਂ ਦਾ ਵਿਸ਼ਾਲ ਤੇ ਵਿਆਪਕ ਅਨੁਭਵ ਹੈ। ਆਖਿਰ ਸਰਬਪੱਖੀ ਵਿਦਵਤਾ ਦਾ ਸਿੱਟਾ ਸੀ ਕਿ ਉਨ੍ਹਾਂ ਤਿੰਨ ਦਰਜਨ ਵਿਅਕਤੀਆਂ ਦੀ ਬਾਣੀ ਨੂੰ ਰਾਗਾਂ, ਛੰਦਾਂ ਤੇ ਹੋਰ ਪਹਿਲੂਆਂ ਨੂੰ ਸਾਂਹਵੇਂ ਰੱਖ ਕੇ ਸੁਘੜਤਾ ਤੇ ਸੁਚੱਜਤਾ ਨਾਲ ਇਕ ਮਾਲਾ ਵਿਚ ਪਰੋਇਆ। ਫਿਰ ਉਨ੍ਹਾਂ ਵਿਚਾਰ-ਵਿਆਖਿਆ ਕਰਨ ਦੀ ਪਿਰਤ ਵੀ ਪਾਈ। ਪਰੰਤੂ 'ਛਛਾ ਛੋਹਰੇ ਦਾਸ ਤੁਮਾਰੇ॥ ਦਾਸ ਦਾਸਨ ਕੇ ਪਾਨੀਹਾਰੇ॥' ਆਖਣ ਵਾਲੇ ਵਿਦਵਾਨ ਰਚਨਾਕਾਰ ਦੀ ਨਿੰਮ੍ਰਤਾ ਦਾ ਕਮਾਲ ਹੈ ਕਿ ਇਤਨਾ ਕੁੱਝ ਕਰਦਿਆਂ ਵੀ ਆਖਰ ਹਲੀਮੀ ਤੇ ਆਜਜ਼ੀ ਦਾ ਸ਼ਬਦ ਹੀ ਗਾਇਆ :-

**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**
**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ**
**ਆਪੇ ਤਰਸੁ ਪਇਓਈ ॥**
**ਤਰਸੁ ਪਇਆ ਮਿਹਰਾਮਤਿ ਹੋਈ**
**ਸਤਿਗੁਰੁ ਸਜਣੁ ਮਿਲਿਆ ॥**
**ਨਾਨਕ ਨਾਮੁ ਮਿਲੈ ਤਾਂ ਜੀਵਾਂ**
**ਤਨੁ ਮਨੁ ਥੀਵੈ ਹਰਿਆ ॥ ੧ ॥**

(ਅੰਕ ੧੪੨੯)

– ਪ੍ਰੋ. ਪਿਆਰਾ ਸਿੰਘ ਪਦਮ

# ਦੋ ਦੀਵੇ ਇੱਕ ਜੋਤ

ਬੰਦੇ ਨੇ ਬੰਦੇ ਦੇ ਘਰਾਂ ਨੂੰ ਤਾਂ ਸਾੜਿਆ ਹੈ, ਉਸ ਦਾ ਕਾਰਨ ਆਪਸੀ ਦੁਸ਼ਮਣੀ ਹੋਵੇਗੀ, ਪਰ ਹੈਰਾਨਕੁੰਨ ਗੱਲ ਇਹ ਹੈ ਕਿ ਬੰਦੇ ਨੇ ਰੱਬ ਦੇ ਘਰ ਨੂੰ ਵੀ ਸਾੜਿਆ ਹੈ। ਪਤਾ ਨਹੀਂ ਬੰਦੇ ਨੂੰ ਪਰਮਾਤਮਾ ਨਾਲ ਕੀ ਦੁਸ਼ਮਣੀ ਹੈ। ਬੰਦੇ ਨੇ ਧਾਰਮਿਕ ਗ੍ਰੰਥਾਂ ਨੂੰ ਪਾੜਿਆ ਹੈ, ਸਾੜਿਆ ਹੈ ਤੇ ਹੈਰਾਨਕੁੰਨ ਗੱਲ ਹੈ ਕਿ ਐਸਾ ਕਰਨ ਵਾਲੇ ਬੰਦੇ ਵੀ ਸਮਝਦੇ ਹਨ ਕਿ ਅਸੀਂ ਬੜਾ ਹੀ ਧਾਰਮਿਕ ਕੰਮ ਕੀਤਾ ਹੈ। ਪਰ ਐਸਾ ਕੰਮ ਉਹੀ ਬੰਦਾ ਕਰ ਸਕਦਾ ਹੈ ਜਿਸ ਨੇ ਉਹ ਧਾਰਮਿਕ ਗ੍ਰੰਥ ਪੜ੍ਹਿਆ ਨਹੀਂ, ਜੇ ਪੜ੍ਹਿਆ ਹੁੰਦਾ, ਸਮਝਿਆ ਹੁੰਦਾ ਤਾਂ ਉਹ ਕਦੀ ਵੀ ਐਸਾ ਨਹੀਂ ਸੀ ਕਰ ਸਕਦਾ। ਸਮਝਣ ਨਾਲ ਤਾਂ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਕਰੇਗਾ, ਫਿਰ ਤਾਂ ਬੰਦਾ ਬੇ-ਅਦਬੀ ਨਹੀਂ ਕਰ ਸਕਦਾ। ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਹੈ, ਉਹ ਤਾਂ ਸਨਮਾਨ ਨਾਲ ਮੱਥਾ ਟੇਕੇਗਾ। ਜੋ ਤਿੰਨ ਸੌ ਦੇ ਕਰੀਬ ਧਰਮ ਹਨ, ਉਨ੍ਹਾਂ ਸਾਰਿਆਂ ਦੇ ਆਪੋ ਆਪਣੇ ਗ੍ਰੰਥ ਹਨ।

ਸੱਚ ਤਾਂ ਇਹ ਹੈ ਕਿ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਐਸਾ ਨਹੀਂ ਕਿ ਉਹ ਜਲਾਉਣ-ਯੋਗ ਹੋਵੇ। ਜਿਨ੍ਹਾਂ ਨੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ, ਉਨ੍ਹਾਂ ਕਿਹਾ ਹੈ ਕਿ ਸਾਰੇ ਧਾਰਮਿਕ ਗ੍ਰੰਥਾਂ ਦਾ ਤੱਤਸਾਰ ਇਕ ਹੀ ਹੈ ਕਿ ਬੰਦੇ ਦਾ ਮਨ ਨਿਰਮਲ ਹੋਵੇ, ਬੰਦਾ ਰੱਬ ਵਰਗਾ ਪਵਿੱਤਰ ਹੋਵੇ। ਇਸ ਦੇ ਸ਼ੁਭ ਕਰਮ ਹੋਣ। ਭਾਸ਼ਾ ਆਪੋ ਆਪਣੀ ਹੈ, ਪਰ ਹੈ ਤਾਂ ਸਭ ਕੁਝ ਸਾਰਿਆਂ ਦੇ ਭਲੇ ਵਾਸਤੇ ਹੀ। ਧਾਰਮਿਕ ਗ੍ਰੰਥਾਂ ਵਿਚ ਕਿਸੇ ਦਾ ਬੁਰਾ ਕਿਸੇ ਨੂੰ ਨਹੀਂ ਸਿਖਾਇਆ ਗਿਆ। ਭਾਸ਼ਾ ਦਾ ਫਰਕ ਜਾਂ ਪ੍ਰਮਾਣਾਂ ਦਾ ਫਰਕ ਸਮਝਾਉਣ ਦਾ ਢੰਗ ਵੱਖ-ਵੱਖ ਜਾਂ ਸਿਧਾਂਤਾਂ ਦਾ ਵਖੇਵਾਂ ਕੋਈ ਫਰਕ ਨਹੀਂ ਪਾਉਂਦਾ।

ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਕਿੰਨਾਂ ਸੁੰਦਰ ਕਿਹਾ ਹੈ ਕਿ ਛੇ ਦਰਸ਼ਨ ਸ਼ਾਸਤਰ ਹਨ, ਛੇ ਹੀ ਉਨ੍ਹਾਂ ਦੇ ਕਰਤਾ ਹਨ, ਉਨ੍ਹਾਂ ਦੇ ਉਪਦੇਸ਼ ਸਿਧਾਂਤ ਵੀ ਛੇ ਹਨ। ਸਿਧਾਂਤ ਵੱਖ-ਵੱਖ ਹਨ, ਪਰ ਇਕ ਏਕਤਾ ਹੈ, ਉੱਥੇ ਜਾ ਕੇ ਉਹ ਸਾਰੇ ਹੀ ਇਕ ਹਨ। ਇਨ੍ਹਾਂ ਸਾਰੇ ਸ਼ਾਸਤਰਾਂ ਦੇ ਜੋ ਕਰਤਾ ਹਨ, ਉਨ੍ਹਾਂ ਦਾ ਗੁਰੂ ਉਨ੍ਹਾਂ ਨੂੰ ਸੋਝੀ ਦੇਣ ਵਾਲਾ, ਮੱਤ ਦੇਣ ਵਾਲਾ ਪਰਮਾਤਮਾ ਇਕ ਹੈ, ਵਖੇਵਾਂ ਵੇਸਾਂ ਦਾ ਹੈ। ਵੇਸ ਪਹਿਨਣ ਵਾਲਾ ਹੈ। ਗੱਲ ਇਕ ਦੀ ਹੈ। ਕੋਈ ਸਫੈਦ ਰੰਗ ਦਾ ਕਹੇ, ਕੋਈ ਪੀਲੇ ਦਾ, ਕੋਈ ਬਖਸ਼ੰਦ ਕਹੇ, ਕੋਈ ਇਨਸਾਫ਼ ਨਿਆਂ ਕਹੇ, ਗੱਲ ਇਕ ਦੀ ਹੈ।

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥**

**ਗੁਰੁ ਗੁਰੁ ਏਕੋ ਵੇਸ ਅਨੇਕ ॥**

**(ਅੰਕ ੧੨)**

**ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।।**

**(ਸ੍ਰੀ ਦਸਮ ਗ੍ਰੰਥ)**

ਧਾਰਮਿਕ ਗ੍ਰੰਥਾਂ ਬਾਰੇ ਦੂਸਰਿਆਂ ਨੂੰ ਭੜਕਾਉਣਾ ਜਾਂ ਉਨ੍ਹਾਂ ਦੀ ਗਲਤ ਵਰਤੋਂ ਕਰਨੀ, ਇਹ ਧਾਰਮਿਕ ਬੰਦਿਆਂ ਦਾ ਕੰਮ ਨਹੀਂ। ਇਹ ਘਟੀਆ ਰਾਜਨੀਤਿਕ ਬੰਦਿਆ ਦਾ ਕੰਮ ਹੈ। ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੈ ਕਿ ਸਰਹਿੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸੂਬਾ ਵਜ਼ੀਰ ਖਾਂ ਦੀ ਕਚਹਿਰੀ ਵਿਚ ਖੜ੍ਹੇ ਹਨ। ਵਜ਼ੀਰ ਖਾਂ ਸਤਿਗੁਰਾਂ ਦੀ ਮਾਤਾ ਤੇ ਬੱਚਿਆਂ ਨੂੰ ਮਾਰਨਾ ਚਾਹੁੰਦਾ ਸੀ, ਪਰ ਰਾਜਨੀਤਿਕ ਬੰਦਾ ਸੀ, ਉਸਨੇ ਚਾਹਿਆ ਕਿ ਮੈਂ ਇਨ੍ਹਾਂ ਨੂੰ ਮਾਰ ਵੀ ਦੇਵਾਂ ਤੇ ਚੰਗਾ ਹੋਵੇ ਕਿ ਮੇਰੀ ਇਸ ਵਿਚ ਬਦਨਾਮੀ ਵੀ ਨਾ ਹੋਵੇ।

ਉਸਨੇ ਕਾਜ਼ੀ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਇਸਲਾਮ ਪ੍ਰਚਾਰਣ ਲਈ ਸਾਡੇ ਆਗੂ ਹੋ। ਗੁਰੂ ਗੋਬਿੰਦ ਸਿੰਘ ਜੀ ਇਸਲਾਮ ਦੇ ਰਸਤੇ ਵਿਚ ਰੋੜਾ ਹਨ। ਹਾਲਾਂਕਿ ਇਹ ਗੱਲ ਬਿਲਕੁਲ ਹੀ ਗਲਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਮੁਸਲਮਾਨ ਨੂੰ ਮਸੀਤੇ ਜਾਣ ਤੋਂ ਨਹੀਂ ਰੋਕਿਆ। ਨਾ ਹੀ ਪੂਰੀ ਜ਼ਿੰਦਗੀ ਵਿਚ ਕੋਈ ਮਸਜਿਦ ਢਾਹੀ ਹੈ। ਨਾ ਹੀ ਕਦੀ ਇਸਲਾਮ ਦੇ ਧਾਰਮਿਕ ਗ੍ਰੰਥ ਕੁਰਾਨ ਸ਼ਰੀਫ ਦਾ ਅਨਾਦਰ ਕੀਤਾ। ਇਥੋਂ ਤੱਕ ਕਿ ਉਨ੍ਹਾਂ ਦੀ ਬਾਣੀ ਵਿਚ ਵੀ ਕੋਈ ਐਸਾ ਸ਼ਬਦ ਨਹੀਂ ਜੋ ਕੁਰਾਨ ਦਾ ਅਨਾਦਰ ਕਰਦਾ ਹੋਵੇ। ਪਰ ਰਾਜਨੀਤਿਕ ਬੰਦਿਆਂ ਦੀ ਆਪਣੇ ਮਤਲਬ ਦੀ ਵਿਆਖਿਆ ਹੁੰਦੀ ਹੈ। ਵਜ਼ੀਰ ਖਾਂ ਨੇ ਕਿਹਾ, ਇਹ ਬੱਚੇ ਇਸਲਾਮ ਲਈ ਖਤਰਾ ਹਨ, ਕਿਉਂਕਿ ਇਨ੍ਹਾਂ ਦਾ ਬਾਪ ਖਤਰਾ ਹੈ। ਇਨ੍ਹਾਂ ਨੂੰ ਮਾਰ ਦੇਣ ਲਈ ਫੈਸਲਾ ਅਸੀਂ ਆਪ ਪਾਸੋਂ ਚਾਹੁੰਦੇ ਹਾਂ।

ਉਸ ਨੂੰ ਪੂਰੀ ਉਮੀਦ ਸੀ ਕਿ ਕਾਜ਼ੀ ਸਾਹਿਬ ਖਿੜੇ ਮੱਥੇ ਕਹਿਣਗੇ ਕਿ ਜੇ ਇਹ ਇਸਲਾਮ ਲਈ ਖਤਰਾ ਹਨ ਤਾਂ ਕੁਰਾਨ ਆਗਿਆ ਦਿੰਦਾ ਹੈ ਕਿ ਇਨ੍ਹਾਂ ਨੂੰ ਮਾਰ ਦਿੱਤਾ ਜਾਵੇ। ਪਰ ਉਦੋਂ ਸਾਰਿਆਂ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਕਾਜ਼ੀ ਨੇ ਇਹ ਗੱਲ ਕਹੀ ਕਿ ਕੁਰਾਨ ਮਾਸੂਮਾਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦਾ। ਕੁਰਾਨ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਤੇ ਮਾਤਾ ਜੀ ਨੂੰ ਰਿਹਾ ਕਰ ਦੇਣਾ

ਚਾਹੀਦਾ ਹੈ। ਸੁੱਚਾ ਨੰਦ ਨੇ ਜੋ ਦਲੀਲਾਂ ਦਿੱਤੀਆਂ ਸਨ ਤੇ ਵਜ਼ੀਰ ਖਾਂ ਨੂੰ ਪ੍ਰੇਰਿਆ ਸੀ ਤੇ ਫਿਰ ਕਾਜ਼ੀ ਕੋਲੋਂ ਜੋ ਫਤਵਾ ਲਿਆ ਗਿਆ ਸੀ ਕਿ ਇਨ੍ਹਾਂ ਬੱਚਿਆਂ ਨੂੰ ਦੀਵਾਰਾਂ ਵਿਚ ਚਿਣ ਦਿੱਤਾ ਜਾਵੇ। ਇਕ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਇਹ ਫੈਸਲਾ ਧਾਰਮਿਕ ਨਹੀਂ ਸੀ, ਇਹ ਫੈਸਲਾ ਨਿਰੋਲ ਰਾਜਨੀਤਿਕ ਸੀ। ਕੁਰਾਨ ਨੇ ਇਹ ਆਗਿਆ ਨਹੀਂ ਦਿੱਤੀ। ਇਹ ਵਜ਼ੀਰ ਖਾਂ ਤੇ ਉਸਦੇ ਦਰਬਾਰੀਆਂ ਦੀ ਮਰਜ਼ੀ ਅਨੁਸਾਰ ਸ਼ਹਾਦਤ ਹੋਈ ਸੀ, ਕੁਰਾਨ ਅਨੁਸਾਰ ਨਹੀਂ ਸੀ ਹੋਈ। ਧਾਰਮਿਕ ਗ੍ਰੰਥਾਂ ਨੂੰ ਅੱਗੇ ਰੱਖ ਕੇ ਝਗੜਾ ਹੋ ਹੀ ਨਹੀਂ ਸਕਦਾ, ਇਹ ਝਗੜਾ ਰਾਜਨੀਤਿਕ ਬੰਦੇ ਕਰਵਾਉਂਦੇ ਹਨ ਤੇ ਵਰਤਦੇ ਹਨ ਉਨ੍ਹਾਂ ਬੰਦਿਆਂ ਨੂੰ ਜਿਨ੍ਹਾਂ ਨੂੰ ਧਾਰਮਿਕ ਗ੍ਰੰਥਾਂ ਬਾਰੇ ਕੋਈ ਸੋਝੀ ਨਹੀਂ। ਰਾਜਨੀਤਿਕ ਬੰਦਾ ਚੰਗੀ ਤਰ੍ਹਾਂ ਸਮਝਦਾ ਹੈ ਕਿ ਸਿਆਣਾ ਤੇ ਸੂਝਵਾਨ ਬੰਦਾ ਐਸੇ ਕੰਮ ਨਹੀਂ ਆ ਸਕਦਾ ਕਿ ਕਿਸੇ ਧਾਰਮਿਕ ਗ੍ਰੰਥ ਨੂੰ ਸਾੜ ਦੇਵੇ ਜਾਂ ਧਾਰਮਿਕ ਅਸਥਾਨ ਨੂੰ ਸਾੜ ਦੇਵੇ।

ਰਾਜਨੀਤਿਕ ਬੰਦਾ ਦੂਸਰੇ ਨੂੰ ਕਿਵੇਂ ਭੁਲੇਖਾ ਪਾ ਕੇ ਝਗੜੇ ਲਈ ਉਤੇਜਿਤ ਕਰਦਾ ਹੈ। ਉਸ ਦਾ ਢੰਗ ਇਹ ਹੈ ਕਿ ਜੇ ਤੁਸੀਂ ਦੂਸਰੇ ਦਾ ਧਾਰਮਿਕ ਗ੍ਰੰਥ ਨਾ ਸਾੜਿਆ ਤਾਂ ਤੁਹਾਡਾ ਗ੍ਰੰਥ ਖਤਰੇ ਵਿਚ ਹੈ। ਜੇ ਤੁਸੀਂ ਦੂਸਰੇ ਦੇ ਧਾਰਮਿਕ ਅਸਥਾਨ ਨੂੰ ਨਾ ਸਾੜਿਆ ਤਾਂ ਤੁਹਾਡਾ ਧਾਰਮਿਕ ਅਸਥਾਨ ਖਤਰੇ ਵਿਚ ਹੈ।

ਗੁਰੂ ਨਾਨਕ ਦੇਵ ਜੀ ਇਥੋਂ ਤੱਕ ਕਹਿੰਦੇ ਹਨ ਕਿ ਧਾਰਮਿਕ ਗ੍ਰੰਥਾਂ ਤੇ ਪੋਥੀਆਂ ਦੇ ਬਚਨਾਂ ਨੂੰ ਜੇ ਮੰਨ ਕੇ ਕਮਾਈ ਕਰੀਏ, ਤਾਂ ਰੱਬ ਦਾ ਭੈਅ ਹਿਰਦੇ ਵਿਚ ਪੈਦਾ ਹੁੰਦਾ ਹੈ। ਫਿਰ ਸੱਚ ਨਾਲ ਸਾਂਝ ਬਣਦੀ ਹੈ ਤੇ ਹਿਰਦੇ ਵਿਚ ਇਕ ਐਸਾ ਦੀਵਾ ਜਗ ਜਾਂਦਾ ਹੈ, ਜਿਸ ਨਾਲ ਆਤਮਕ ਸੂਝ ਵਿਚ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ, ਰੱਬ ਮਿਲਦਾ ਹੈ। ਸਾਹਿਬ ਫਰਮਾਉਂਦੇ ਨੇ :-

**ਪੋਥੀ ਪੁਰਾਣ ਕਮਾਈਐ ॥**
**ਭਉ ਵਟੀ ਇਤੁ ਤਨਿ ਪਾਈਐ ॥**
**ਸਚੁ ਬੂਝਣੁ ਆਣਿ ਜਲਾਈਐ ॥**
**ਇਹੁ ਤੇਲੁ ਦੀਵਾ ਇਉ ਜਲੈ ॥**
**ਕਰਿ ਚਾਨਣੁ ਸਾਹਿਬ ਤਉ ਮਿਲੈ ॥**

**(ਅੰਕ ੨੫)**

ਇੱਕ ਇਤਿਹਾਸਕ ਘਟਨਾ ਹੈ ਕਿ ਸਿਕੰਦਰੀਆ ਵਿਚ ਇਕ ਖਲੀਫ਼ਾ ਪੁੱਜਦਾ ਹੈ ਤੇ ਜਾ ਕੇ ਲਾਇਬ੍ਰੇਰੀਅਨ ਨੂੰ ਕਹਿੰਦਾ ਹੈ ਕਿ ਜੋ ਤੇਰੇ ਗ੍ਰੰਥਾਂ ਵਿਚ ਹੈ, ਮੈਂ ਸਮਝਣਾ ਚਾਹੁੰਦਾ ਹਾਂ। ਅੱਗੋਂ ਲਾਇਬ੍ਰੇਰੀਅਨ ਨੇ ਉੱਤਰ ਦਿੱਤਾ ਕਿ ਜੋ ਕੁਰਾਨ ਵਿਚ ਹੈ ਸਭ ਕੁਝ ਇਨ੍ਹਾਂ ਕਿਤਾਬਾਂ ਵਿਚ ਹੈ। ਲਾਇਬ੍ਰੇਰੀਅਨ ਚੰਗੀ ਤਰ੍ਹਾਂ ਸਮਝਦਾ ਸੀ ਕਿ ਇਸ ਸੱਜਣ ਦੇ ਇਕ ਹੱਥ ਵਿਚ ਕੁਰਾਨ ਹੈ ਦੂਸਰੇ ਹੱਥ ਵਿਚ ਬਲਦੀ ਮਸ਼ਾਲ ਹੈ। ਇਨ੍ਹਾਂ ਕਿਤਾਬਾਂ ਦੀ ਖ਼ੈਰ ਨਹੀਂ। ਉਹ ਸਮਝਦਾ ਸੀ ਕਿ ਹਰ ਕਿਤਾਬ ਦੀ ਆਪਣੀ ਵਿਲੱਖਣਤਾ ਹੈ, ਆਪਣੀ ਖੂਬੀ ਹੈ। ਪਰ ਉਸਨੇ ਉਹ ਪੁਸਤਕਾਂ ਬਚਾਉਣ ਲਈ ਕਿਹਾ। ਹਾਂ ਜੋ ਕੁਰਾਨ ਵਿਚ ਹੈ, ਉਹੀ ਕੁੱਝ ਇਨ੍ਹਾਂ ਕਿਤਾਬਾਂ ਵਿਚ ਹੈ। ਖਲੀਫੇ ਨੇ ਕਿਹਾ ਫਿਰ ਇੰਨੀਆਂ ਕਿਤਾਬਾਂ ਦੀ ਲੋੜ ਨਹੀਂ, ਇਕ ਹੀ ਕਾਫੀ ਹੈ। ਜੇ ਇਨ੍ਹਾਂ ਵਿਚ ਉਹ ਕੁੱਝ ਨਹੀਂ ਜੋ ਕੁਰਾਨ ਵਿਚ ਹੈ ਤਾਂ ਵੀ ਇਨ੍ਹਾਂ ਦੀ ਲੋੜ ਨਹੀਂ। ਦੋਹਾਂ ਹਾਲਤਾਂ ਵਿਚ ਹੀ ਇਨ੍ਹਾਂ ਨੂੰ ਸਾੜ ਦਿੱਤਾ ਜਾਏਗਾ। ਉਸਨੇ ਲਾਇਬ੍ਰੇਰੀ ਨੂੰ ਅੱਗ ਲਾ ਦਿੱਤੀ ਜੋ ਕਿ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਛੇ ਮਹੀਨੇ ਤੱਕ ਸੜਦੀ ਰਹੀ। ਸਾਰੀ ਦੁਨੀਆਂ ਦੇ ਜਿੰਨੇ ਧਾਰਮਿਕ ਗ੍ਰੰਥ ਹਨ, ਇਨ੍ਹਾਂ ਨੂੰ ਇਕ ਥਾਂ 'ਤੇ ਰੱਖ ਦਿਓ ਤਾਂ ਇਨ੍ਹਾਂ ਦਾ ਕੋਈ ਝਗੜਾ ਨਹੀਂ। ਝਗੜਾ ਜੇਕਰ ਕੋਈ ਹੈ ਤਾਂ ਉਹ ਬੰਦਿਆਂ ਦੇ ਹੰਕਾਰ ਦਾ ਹੈ। ਬੰਦਾ ਹੰਕਾਰ ਵਿਚ ਏਨਾ ਅੰਨ੍ਹਾਂ-ਬੋਲਾ ਹੋ ਜਾਂਦਾ ਹੈ ਕਿ ਉਹ ਇੱਕ ਸ਼ਬਦ ਵੀ ਸੁਣਦਾ ਨਹੀਂ। ਇਸ ਦੇ ਅੰਦਰ ਸਤ ਦੀ ਸੋਝੀ ਨਹੀਂ ਹੁੰਦੀ, ਸਗੋਂ ਰੌਲਾ-ਗੌਲਾ ਹੀ ਹੁੰਦਾ ਹੈ। ਹੰਕਾਰੀ ਤੇ ਮਾਇਆਧਾਰੀ ਬਾਰੇ ਬਾਣੀ ਵਿਚ ਲਿਖਿਆ ਹੈ :

**ਮਾਇਆਧਾਰੀ ਅਤਿ ਅੰਨਾ ਬੋਲਾ ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥**

**(ਅੰਕ ੩੧੩)**

ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਕਿੰਨੀ ਵਿਸ਼ਾਲਤਾ ਹੈ। ਉਹ ਸ਼ਬਦ ਨੂੰ ਸੁਣਦੇ ਹਨ, ਸੁਣਾਉਂਦੇ ਹਨ, ਸਮਝਦੇ ਹਨ। ਸਾਂਖ ਸ਼ਾਸਤਰ ਦਾ ਕਰਤਾ ਰੱਬ ਨੂੰ ਮੰਨਦਾ ਹੀ ਨਹੀਂ, ਕਪਲ ਮਨੁੱਖ ਦੀ ਸਾਧਨਾ 'ਤੇ ਜ਼ੋਰ ਦੇਂਦਾ ਹੈ। ਉਹ ਹਰ ਗੱਲ ਦੋ ਤੇ ਦੋ ਚਾਰ ਵਾਂਗੂੰ ਕਰਦਾ ਹੈ। ਸਾਂਖ ਦਾ ਅਰਥ ਹੀ ਹੈ ਸੰਖਿਆ। ਲੇਖਾ-ਪੱਤਾ ਗਿਣਤੀ। ਉਥੇ ਰੱਬ ਲਈ ਕੋਈ ਥਾਂ ਹੀ ਨਹੀਂ, ਬਾਕੀ ਸਭ ਮਿਥਿਆ ਹੈ। ਭਰਮ ਭੁਲੇਖਾ ਹੈ।

ਗੁਰੂ ਨਾਨਕ ਦੇਵ ਕਹਿੰਦੇ ਹਨ, ਦੋਵੇਂ ਇਕ ਦੇ ਬੋਲਾਇ ਹੀ ਬੋਲਦੇ ਹਨ। ਗੁਰੂ ਸਾਹਿਬ ਤਾਂ ਆਸਤਕ ਗ੍ਰੰਥ ਨੂੰ ਤੇ ਨਾਸਤਕ ਗ੍ਰੰਥ ਦੋਵਾਂ ਨੂੰ ਹੀ ਦੋ ਦੀਵੇ ਸਮਝਦੇ ਹਨ। ਜਿਨ੍ਹਾਂ ਦੀ ਰੋਸ਼ਨੀ ਇਕ ਹੈ। ਨਾਸਤਕ ਗ੍ਰੰਥ ਕਹਿੰਦਾ ਹੈ, ਰੱਬ ਕਿੱਥੇ ਹੈ। ਆਖਰ ਇਹ ਕਹਿਣਾ ਵੀ ਤਾਂ ਰੱਬ ਦੀ ਖੋਜ ਵੱਲ ਪ੍ਰੇਰਣਾ ਦਿੰਦਾ ਹੈ। ਚੁਣੌਤੀ ਦਿੱਤੀ ਹੈ ਕਿ ਕੋਈ ਖੋਜੇ ਕਿ ਰੱਬ ਕਿੱਥੇ ਹੈ।

ਨਾਸਤਕ ਇਹੀ ਕਹਿੰਦਾ ਹੈ, ਕਿੱਥੇ ਹੈ ਤੁਹਾਡਾ ਰੱਬ। ਇਸ ਚੁਣੌਤੀ ਨੂੰ ਪ੍ਰਵਾਨ ਕਰ ਕੇ ਕੋਈ ਖੋਜ ਵੱਲ ਪੈ ਗਿਆ ਤੇ ਪ੍ਰਾਪਤੀ ਹੋ ਗਈ। ਉਸ ਨੇ ਕਹਿ ਦਿੱਤਾ ਕਿ ਉਹ ਕਿਹੜੀ ਥਾਂ ਹੈ, ਜਿੱਥੇ ਰੱਬ ਨਹੀਂ। ਪਹਿਲਾ ਨਾਸਤਕ ਗ੍ਰੰਥ ਪ੍ਰਸ਼ਨ ਹੈ। ਦੂਸਰਾ ਆਸਤਕ ਗ੍ਰੰਥ ਉੱਤਰ ਹੈ।

ਹਕੀਕਤ ਵਿਚ ਰੱਬ ਤੋਂ ਬਿਨਾਂ ਕੁੱਝ ਹੋਰ ਵੀ ਹੈ, ਮੈਨੂੰ ਪ੍ਰਵਾਨ ਨਹੀਂ।

ਦਰ ਹਕੀਕਤ ਗੈਰ ਹਕ, ਮਨਜ਼ੂਰੇ ਨੇਸਤ।

ਇੱਕ ਗ੍ਰੰਥ ਖੋਜ ਵੱਲ ਤੋਰ ਰਿਹਾ ਹੈ, ਇੱਕ ਦਰਸ਼ਨ ਕਰਵਾ ਰਿਹਾ ਹੈ। ਦੋਵੇਂ ਹੀ ਦੀਵੇ ਹਨ। ਮਕਸਦ ਤਾਂ ਦੋਵਾਂ ਦਾ ਇੱਕ ਹੈ, ਰੌਸ਼ਨੀ ਤਾਂ ਦੋਵਾਂ ਦੀ ਇੱਕ ਹੈ। ਬੜੀ ਵਿਚਾਰਨ ਵਾਲੀ ਗੱਲ ਹੈ ਕਿ ਖੋਜ ਤੋਂ ਬਿਨਾਂ, ਅਨੁਭਵ ਤੋਂ ਬਿਨਾ, ਕੋਈ ਬੰਦਾ ਕਹਿੰਦਾ ਹੈ ਕਿ ਪਰਮਾਤਮਾ ਹੈ। ਮੈਂ ਪਰਮਾਤਮਾ ਨੂੰ ਮੰਨਦਾ ਹਾਂ, ਐਸਾ ਬੰਦਾ ਰੇਤ ਦੀ ਦੀਵਾਰ ਵਾਂਗੂੰ ਹੈ, ਜਿਹੜੀ ਕਿਸੇ ਵੇਲੇ ਵੀ ਟੁੱਟ ਸਕਦੀ ਹੈ, ਗਿਰ ਸਕਦੀ ਹੈ। ਜਿਸ ਬੰਦੇ ਦਾ ਕੋਈ ਅਨੁਭਵ ਹੀ ਨਹੀਂ, ਸੁਣੀ-ਸੁਣਾਈ ਗੱਲ ਕਰ ਰਿਹਾ ਹੈ, ਕਿਸੇ ਦੂਸਰੇ ਨੇ ਪ੍ਰਬਲ ਦਲੀਲ ਦੇ ਦਿੱਤੀ ਤਾਂ ਪਹਿਲਾ ਵਿਸ਼ਵਾਸ ਗਿਰ ਜਾਏਗਾ। ਪਰ ਅਨੁਭਵ ਤੋਂ ਬਾਅਦ ਜੋ ਸ਼ਰਧਾ ਬਣਦੀ ਹੈ, ਉਸ ਦੇ ਗਿਰਨ ਦਾ, ਟੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਨਾਸਤਕ ਤੇ ਨਾਸਤਕ ਦਾ ਗ੍ਰੰਥ ਜੋ ਕਹਿ ਰਿਹਾ ਹੈ ਕਿੱਥੇ ਹੈ ਤੁਹਾਡਾ ਰੱਬ, ਇਹ ਤਾਂ ਬੰਦੇ ਨੂੰ ਖੋਜ ਵੱਲ ਤੋਰ ਰਿਹਾ ਹੈ। ਉਹ ਬੰਦਾ ਬੜਾ ਹੀ ਨਿਕੰਮਾ ਹੋਵੇਗਾ, ਜਿਹੜਾ ਐਸੀ ਗੱਲ ਸੁਣ ਕੇ ਜਾਂ ਪੜ੍ਹ ਕੇ ਹੱਥ ਤੇ ਹੱਥ ਧਰ ਕੇ ਬੈਠ ਜਾਏ ਕਿ ਰੱਬ ਹੈ ਹੀ ਨਹੀਂ। ਖੋਜਣ ਦੀ ਕੀ ਲੋੜ ਹੈ। ਧਾਰਮਿਕ ਬੰਦਾ ਤਾਂ ਇਹ ਗੱਲ ਪੜ੍ਹ ਕੇ ਖੋਜ ਕੇ ਆਪ ਵੀ ਪ੍ਰਤੱਖ ਦਰਸ਼ਨ ਕਰਦਾ ਹੈ ਤੇ ਦੂਸਰੇ ਨੂੰ ਵੀ ਕਰਾਉਂਦਾ ਹੈ। ਇਹ ਸੱਚ ਹੈ ਕਿ ਹਰਨਾਖਸ਼ ਦੀ ਚੁਨੌਤੀ ਨੇ ਪ੍ਰਹਿਲਾਦ ਨੂੰ ਭਗਤ ਬਣਾ ਦਿੱਤਾ ਤੇ ਪਰਮਾਤਮਾ ਅੰਗ-ਸੰਗ ਨਜ਼ਰ ਆਉਣ ਲੱਗ ਪਿਆ। ਹਰਨਾਖਸ਼ ਕਹਿ ਰਿਹਾ ਸੀ ਕਿ ਕਿੱਥੇ ਹੈ ਤੇਰਾ ਪਰਮਾਤਮਾ। ਪ੍ਰਹਿਲਾਦ ਦੀ ਖੋਜ ਨੇ ਦੱਸ ਦਿੱਤਾ ਕਿ ਆਹ ਹੈ ਮੇਰਾ ਪਰਮਾਤਮਾ।

ਆਸਤਕ ਗ੍ਰੰਥ ਜਾਂ ਨਾਸਤਕ ਗ੍ਰੰਥ ਕੋਈ ਵੀ ਗ੍ਰੰਥ ਸਾੜਨ ਯੋਗ ਨਹੀਂ, ਬਲਕਿ ਖੋਜਣ ਯੋਗ ਹਨ।

– ਗਿਆਨੀ ਜਸਵੰਤ ਸਿੰਘ ਪ੍ਰਵਾਨਾ

## ਮਹਾਂਕਵੀ ਸੰਤੋਖ ਸਿੰਘ ਜੀ ਤੇ ਰਚਨਾ

**ਭਾਈ ਸਾਹਿਬ ਦੀ ਰਚਨਾ ਤੱਕ ਕਿ ਉਹਨਾ ਨੂੰ ਦੁਨੀਆਂ ਦਾ ਸੱਭ ਤੋਂ ਵੱਡਾ ਕਵੀ ਕਹਿਣ ਨੂੰ ਦਿਲ ਕਰਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ਼ਾਇਦ ਇੰਨਾ ਵੱਡਾ ਕੋਈ ਹੋਰ ਗ੍ਰੰਥ ਦੁਨੀਆਂ ਦੇ ਕਿਸੇ ਇਕੱਲੇ ਆਦਮੀ ਦਾ ਰਚਿਆ ਨਹੀਂ ਹੋਣਾ।**

**ਹੁਣ ਤੱਕ (ਅਕਾਰ ਪੱਖੋਂ) ਮਹਾਭਾਰਤ ਨੂੰ ਸੰਸਾਰ ਦਾ ਸੱਭ ਤੋਂ ਵੱਡਾ ਗ੍ਰੰਥ ਮੰਨਿਆ ਜਾਂਦਾ ਹੈ। ਬੰਗਾਲ ਏਸੀਆਟਕ ਸੁਸਾਇਟੀ ਵੱਲੋਂ ਪ੍ਰਕਾਸ਼ਤ ਐਡੀਸ਼ਨ ਦੇ ਇੱਕ ਲੱਖ ਸੱਤ ਹਜ਼ਾਰ ਚਾਰ ਸੋ ਅੱਸੀ ਸਲੋਕ (1,07,480) ਦੱਸੇ ਗਏ ਹਨ। ਮਹਾਭਾਰਤ ਬਾਰੇ ਵਿਦਵਾਨਾਂ ਦੀ ਇਹ ਵੀ ਰਾਏ ਹੈ ਕਿ ਇਹ ਪਹਿਲੇ ਅੱਠ ਹਜ਼ਾਰ ਅੱਠ ਸੋ (8,800) ਸਲੋਕਾਂ ਦੀ ਰਚਨਾ ਸੀ, ਪਿੱਛੋਂ ਵੀਹ ਹਜ਼ਾਰ (20,000) ਸਲੋਕ ਹੋਏ ਤੇ ਬਾਅਦ ਵਿੱਚ ਹੋਰ ਵਾਧਾ ਹੋਇਆ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਇਸਦਾ ਰਚਨਾਕਾਰ ਇੱਕ ਨਹੀਂ, ਕਈ ਕਲਮਾਂ ਦੇ ਮਿਲਵੇਂ ਯਤਨ ਨੇ ਸਦੀਆਂ ਵਿੱਚ ਮਹਾਭਾਰਤ ਨੂੰ ਇਤਨਾ ਵੱਡਾ ਰੂਪ ਦਿੱਤਾ ਹੈ।**

**ਫਾਰਸੀ ਵਿੱਚ ਫਿਰਦੋਸੀ ਦਾ ਸ਼ਾਹਨਾਮਾ, ਨਜ਼ਮੀ ਦਾ ਸਿਕੰਦਰਨਾਮਾ ਤੇ ਮਸਨਵੀ ਮੌਲਾਨਾ ਰੂਮੀ ਆਦਿ ਵੱਡੇ ਗ੍ਰੰਥ ਹਨ। ਸ਼ਾਹਨਾਮਾ ਦੇ ਸੱਠ ਹਜ਼ਾਰ (60,000) ਸ਼ੇਅਰ ਹਨ ਪਰੰਤੂ ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚ ਸ਼ੇਅਰਾਂ ਦੀ ਗਿਣਤੀ ਚੌਂਹਠ ਹਜ਼ਾਰ (64,000) ਤੋਂ ਵੀ ਵੱਧ ਛੱਡ ਹਨ, ਜਿਸਦੀਆਂ ਸਤਰਾਂ ਦੀ ਗਿਣਤੀ ਢਾਈ ਲੱਖ (2,50,000) ਬਣਦੀ ਹੈ। ਇਤਨੀ ਵੱਡੀ ਰਚਨਾ ਸੰਸਕ੍ਰਿਤ, ਫਾਰਸੀ, ਅੰਗਰੇਜ਼ੀ ਤੇ ਹਿੰਦੀ ਆਦਿ ਵਿੱਚ ਹੋਰ ਨਹੀਂ ਮਿਲਦੀ।**

**ਇਸ ਲਈ ਏਸ ਪੱਖੋਂ ਭਾਈ ਸੰਤੋਖ ਸਿੰਘ ਜੀ ਦੀ ਕਲਮੀ ਕ੍ਰਿਤ ਦੁਨੀਆਂ ਵਿੱਚ ਇੱਕ ਲਾਸਾਨੀ ਦਰਜਾ ਰੱਖਦੀ ਹੈ। ਫਿਰ ਖੂਬੀ ਇਹ ਹੈ ਕਿ ਇਸ ਸਾਰੀ ਕਾਵਿਧਾਰਾ ਵਿੱਚ ਕਿਤੇ ਵੀ ਰਸ ਦੀ ਤੋਟ ਨਹੀਂ ਪੈਂਦੀ ਦਿੱਸਦੀ। ਨਦੀ ਦੇ ਪ੍ਰਵਾਹ ਵਾਂਗ ਕਵਿਤਾ ਕਸੀ ਹੋਈ ਵਿਦਵਤਾ ਵਾਲਾ ਸਰੂਰ ਛਿੜਕਦੀ ਆਪਣੇ ਆਪ ਸਹਿਜ ਸੁਭਾਅ ਅੱਗੇ ਅੱਗੇ ਚਲਦੀ ਜਾਂਦੀ ਹੈ।**

**ਮੇਰਾ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਇਸ ਦੀ ਵਡਿਆਈ ਹੋਰ ਵਧੇਗੀ, ਕੇਵਲ ਅਕਾਰ ਕਰਕੇ ਹੀ ਨਹੀਂ, ਸਗੋਂ ਪ੍ਰਕਾਰ ਕਰਕੇ ਵੀ ਇਸ ਕਾਵਿ ਗੰਗਾ ਨੂੰ ਗੰਗਾ ਜਮਨਾ ਵਾਲੇ ਪ੍ਰਣਾਮ ਕਰਨਗੇ ਅਤੇ ਭਾਈ ਸੰਤੋਖ ਸਿੰਘ ਪੰਜਾਬ ਦਾ ਜਾਂ ਸਿੱਖਾਂ ਦਾ ਕਵੀ ਹੀ ਨਹੀਂ ਰਹੇਗਾ, ਬਲਕਿ ਉਹ ਸ਼੍ਰੋਮਣੀ ਭਾਰਤੀ ਕਵੀ ਹੋਣ ਦੇ ਨਾਤੇ ਸੱਭ ਥਾਂ ਸਨਮਾਨਿਆ ਜਾਵੇਗਾ।**

**ਪੁਸਤਕ – ਮਹਾਂਕਵੀ ਸੰਤੋਖ ਸਿੰਘ**
**ਲੇਖਕ– ਪਿਆਰਾ ਸਿੰਘ ਪਦਮ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਧਾਰ ਤੇ ਗੁਰਬਾਣੀ ਦੀ ਵਿਆਖਿਆ

ਪ੍ਰਮਾਤਮਾ ਦੀ ਹੋਂਦ ਨੂੰ ਅਨੁਭਵ ਕਰਨ ਅਤੇ ਸ਼ਬਦਾਂ ਵਿਚ ਬਿਆਨਣ ਲਈ ਢੁਕਵੇਂ ਸੰਬੋਧਕ ਪ੍ਰਤੀਕਾਂ ਦੀ ਲੋੜ ਪੈਂਦੀ ਹੈ। ਹਰ ਮੁੱਖ ਧਰਮ ਦਾ ਆਪਣਾ ਮੁੱਖ ਗ੍ਰੰਥ ਹੁੰਦਾ ਹੈ ਜੋ ਕਿਸੇ ਖਾਸ ਭਾਸ਼ਾ ਵਿਚ ਹੁੰਦਾ ਹੈ ਤੇ ਉਸ ਵਿਚ ਦਰਜ ਸੰਬੋਧਨ ਤੇ ਪ੍ਰਤੀਕ ਵੀ ਉਸੇ ਭਾਸ਼ਾ ਵਿਚ ਹੁੰਦੇ ਹਨ। ਹਰ ਧਾਰਮਿਕ ਗ੍ਰੰਥ ਇੱਕ ਖਾਸ ਧਰਾਤਲ 'ਤੇ ਸਿਰਜਿਆ ਹੁੰਦਾ ਹੈ ਤੇ ਇਹ ਸੰਬੋਧਨ ਤੇ ਪ੍ਰਤੀਕ ਵੀ ਉਸੇ ਧਰਾਤਲ ਵਿੱਚੋਂ ਲਏ ਜਾਂਦੇ ਹਨ। ਸਿੱਖ ਧਰਮ ਦਾ ਮੁਢਲਾ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੀ ਭਾਸ਼ਾ ਗੁਰਮੁਖੀ ਹੈ। ਸਿੱਖ ਧਰਮ ਵਿਚ ਪ੍ਰਮਾਤਮਾ ਦਾ ਸੰਬੋਧਨ ਗੁਰਮੁਖੀ ਭਾਸ਼ਾ ਵਿਚ ਹੈ ਤੇ ਪ੍ਰਤੀਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਰਾਤਲ ਤੇ ਗੁਰਮੁਖੀ ਭਾਸ਼ਾ ਵਿੱਚੋਂ ਹੀ ਲਏ ਗਏ ਹਨ। '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਢਲੇ ਪ੍ਰਤੀਕ ਹਨ ਜਿਨ੍ਹਾਂ ਰਾਹੀਂ ਪ੍ਰਾਮਾਤਮਾ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਖਾਸੀਅਤ ਇਹ ਹੈ ਕਿ ਇਨ੍ਹਾਂ ਸਾਰੇ ਪ੍ਰਤੀਕਾਂ ਦੀ ਵਿਆਖਿਆ ਲੱਭਣ ਲਈ ਸਾਨੂੰ ਕਿਸੇ ਪੁਰਾਤਨ ਜਾਂ ਆਧੁਨਿਕ ਗ੍ਰੰਥ ਦੀ ਲੋੜ ਨਹੀਂ ਕਿਉਂਕਿ ਹਰ ਪ੍ਰਤੀਕ ਦੀ ਢੁੱਕਵੀਂ ਵਿਆਖਿਆ ਦੇ ਮੇਚ ਦੇ ਧਰਾਤਲ ਤਾਂ ਸਾਨੂੰ ਇਸ ਮੁਢਲੇ ਗ੍ਰੰਥ ਵਿੱਚੋਂ ਹੀ ਮਿਲ ਜਾਂਦੇ ਹਨ। ਇਸੇ ਲਈ ਏਥੇ ਇਨ੍ਹਾਂ ਸਾਰੇ ਪ੍ਰਤੀਕਾਂ ਦੀ ਵਿਆਖਿਆ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਧਾਰ ਲਿਆ ਗਿਆ ਹੈ।

੧ੴ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਦੇ ਮੰਗਲਾਚਰਣ ਜਾਂ ਮੂਲ-ਮੰਤ੍ਰ ਦਾ ਪਹਿਲਾ ਸ਼ਬਦ ੧ੴ ਹੈ ਜਿਸ ਨੂੰ ਇੱਕ ਓਅੰਕਾਰੁ ਜਾਂ ਏਕੰਕਾਰੁ ਕਰਕੇ ਉਚਾਰਿਆ ਜਾਂਦਾ ਹੈ।

**ਏਕੰਕਾਰੁ ਨਿਰੰਜਨੁ ਨਿਰਭਉ**
**ਸਭ ਜਲਿ ਥਲਿ ਰਹਿਆ ਸਮਾਈ ॥**

**(ਅੰਕ ੯੧੬)**

ਤੇ

**ਓਅੰਕਾਰਿ ਸਭ ਸ੍ਰਿਸਟਿ ਉਪਾਈ ॥**

**(ਅੰਕ ੧੦੬੧)**

**ਇੱਕ (੧)**

ਹਿੰਦਸਾ '੧' ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਇੱਕ ਸ਼ਬਦ ਨਾਲ ਹੀ ਵਰਤਿਆ ਗਿਆ ਹੈ ਤੇ ਉਹ ਖਾਸ ਸ਼ਬਦ ਹੈ ੧ੴ। ਇਹ ਹਿੰਦਸਾ '੧' ਏਥੇ ਉਸ ਪਰਮ ਪਿਤਾ ਪਰਮੇਸ਼ਰ ਦੀ ਵਿਲੱਖਣਤਾ ਤੇ ਉਸ ਦੀ ਸਮੁੱਚੀ ਪ੍ਰਭੁਸਤਾ ਦਾ ਪ੍ਰਤੀਕ ਹੈ। ਪ੍ਰਮ ਪਿਤਾ ਪ੍ਰਮਾਤਮਾ ਦੇ ਇਕੋ-ਇੱਕ ਆਪਣੇ ਜੇਹਾ ਹੋਣ ਦਾ ਲਖਾਇਕ ਹੈ ਜਿਸ ਬਰਾਬਰ ਦਾ ਹੋਰ ਕੋਈ ਨਹੀਂ।

**ਏਕੋ ਹੈ ਭਾਈ ਏਕੋ ਹੈ॥**

**(ਅੰਕ ੩੫੦)**

ਇਸ ਤਰ੍ਹਾਂ ਇਹ ਪ੍ਰਭੂ ਦਾ ਪ੍ਰਭੂਤਵ, ਏਕਤਾ, ਵਿਲੱਖਣਤਾ ਤੇ ਅਦੁੱਤੀ ਹੋਣ ਦਾ ਵੀ ਪ੍ਰਤੀਕ ਹੈ। ਉਸ ਦੇ ਨਿਰਾਲੇਪਣ ਦਾ ਵੀ ਲਖਾਇਕ ਹੈ:

**ਏਕਮ ਏਕੰਕਾਰੁ ਨਿਰਾਲਾ ॥**

**(ਅੰਕ ੮੩੮)**

ਉਹ ਇੱਕ ਹੀ ਜੋ ਸਾਰੇ ਵਿਸ਼ਵ ਦਾ ਰਚਣਹਾਰਾ ਹੈ ਤੇ ਆਪਣਾ ਵੀ, ਹੋਰ ਕੋਈ ਨਹੀਂ:

**ਏਕੋ ਕਰਤਾ ਜਿਨਿ ਜਗੁ ਕੀਆ ॥**

**(ਅੰਕ ੧੧੮੮)**

ਉਸਨੇ ਸਾਰਾ ਵਿਸ਼ਵ ਆਪਣੇ ਆਪ ਹੀ ਰਚਿਆ ਹੈ, ਕਿਸੇ ਦੀ ਮਦਦ ਨਹੀਂ ਲਈ :-

**ਏਕੋ ਕਰਤਾ ਆਪੇ ਆਪ ॥**

**(ਅੰਕ ੧੨੭੧)**

ਉਸ ਦੇ ਇਕੋ ਬੋਲ ਨਾਲ ਸਾਰਾ ਜਗ ਰਚਿਆ ਗਿਆ :

**ਏਕ ਕਵਾਵੈ ਤੇ ਸਭਿ ਹੋਆ ॥**

**(ਅੰਕ ੧੦੦੩)**

ਉਹ ਸਾਰਾ ਜਗ ਰਚ ਕੇ ਵਿਚ ਆਪ ਵੀ ਹਰ ਥਾਂ ਰਚ ਗਿਆ;

**ਏਕੋ ਏਕੁ ਰਵਿਆ ਸਭ ਠਾਈ ॥**

**(ਅੰਕ ੧੦੮੦)**

ਉਸ ਇਕੋ ਦੇ ਸਰੀਰ ਵਿਚ ਹੀ ਸਾਰੀ ਸਮਗਰੀ ਹੈ ਜਿਸਨੂੰ ਉਹ ਅਨੇਕਾਂ ਰੰਗਾਂ ਵਿਚ ਵੱਖੋ ਵੱਖ ਤਰ੍ਹਾਂ ਦਰਸਾਉਂਦਾ ਹੈ। ਉਸ ਪ੍ਰਭੂ ਦੇ ਨਾਮ ਵਿਚ ਹੀ ਨੌ ਨਿਧਾਂ ਹਨ; ਸਾਰੇ ਵਿਸ਼ਵ ਦੇ ਖਜ਼ਾਨੇ ਹਨ। ਹਰ ਸਰੀਰ ਵਿਚ ਸਮਾਇਆ ਉਹ ਆਰਾਮ ਫੁਰਮਾਉਂਦਾ ਹੈ। ਉਹ ਹੀ ਸੁੰਨ ਅਵਸਥਾ ਵਿਚ ਵੀ ਤੇ ਸਮਾਧੀ ਅਵਸਥਾ ਵਿਚ ਵੀ ਆਪ ਹੀ ਆਉਂਦਾ ਹੈ ਤੇ ਉਸ ਦਾ ਨਾਦ ਅਣਛੋਹ ਹੁੰਦਾ ਹੈ, ਅਨਹਤ ਹੁੰਦਾ ਹੈ। ਉਹ ਜਿਸ ਅਵਸਥਾ ਵਿਚ ਵੀ ਹੋਵੇ, ਉਹ ਬੜੀ ਅਸਚਰਜ ਭਰੀ ਵਿਸਮਾਦੀ

ਪ੍ਰਮਾਤਮਾ ਦੀ ਹੋਂਦ ਨੂੰ ਅਨੁਭਵ ਕਰਨ ਅਤੇ ਸ਼ਬਦਾਂ ਵਿਚ ਬਿਆਨਣ ਲਈ ਢੁਕਵੇਂ ਸੰਬੋਧਕ ਪ੍ਰਤੀਕਾਂ ਦੀ ਲੋੜ ਪੈਂਦੀ ਹੈ। ਹਰ ਮੁੱਖ ਧਰਮ ਦਾ ਆਪਣਾ ਮੁੱਖ ਗ੍ਰੰਥ ਹੁੰਦਾ ਹੈ ਜੋ ਕਿਸੇ ਖਾਸ ਭਾਸ਼ਾ ਵਿਚ ਹੁੰਦਾ ਹੈ ਤੇ ਉਸ ਵਿਚ ਦਰਜ ਸੰਬੋਧਨ ਤੇ ਪ੍ਰਤੀਕ ਵੀ ਉਸੇ ਭਾਸ਼ਾ ਵਿਚ ਹੁੰਦੇ ਹਨ। ਹਰ ਧਾਰਮਿਕ ਗ੍ਰੰਥ ਇੱਕ ਖਾਸ ਧਰਾਤਲ 'ਤੇ ਸਿਰਜਿਆ ਹੁੰਦਾ ਹੈ ਤੇ ਇਹ ਸੰਬੋਧਨ ਤੇ ਪ੍ਰਤੀਕ ਵੀ ਉਸੇ ਧਰਾਤਲ ਵਿੱਚੋਂ ਲਏ ਜਾਂਦੇ ਹਨ। ਸਿੱਖ ਧਰਮ ਦਾ ਮੁਢਲਾ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੀ ਭਾਸ਼ਾ ਗੁਰਮੁਖੀ ਹੈ। ਸਿੱਖ ਧਰਮ ਵਿਚ ਪ੍ਰਮਾਤਮਾ ਦਾ ਸੰਬੋਧਨ ਗੁਰਮੁਖੀ ਭਾਸ਼ਾ ਵਿਚ ਹੈ ਤੇ ਪ੍ਰਤੀਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਰਾਤਲ ਤੇ ਗੁਰਮੁਖੀ ਭਾਸ਼ਾ ਵਿੱਚੋਂ ਹੀ ਲਏ ਗਏ ਹਨ। '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਢਲੇ ਪ੍ਰਤੀਕ ਹਨ ਜਿਨ੍ਹਾਂ ਰਾਹੀਂ ਪ੍ਰਮਾਤਮਾ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਖਾਸੀਅਤ ਇਹ ਹੈ ਕਿ ਇਨ੍ਹਾਂ ਸਾਰੇ ਪ੍ਰਤੀਕਾਂ ਦੀ ਵਿਆਖਿਆ ਲੱਭਣ ਲਈ ਸਾਨੂੰ ਕਿਸੇ ਪੁਰਾਤਨ ਜਾਂ ਆਧੁਨਿਕ ਗ੍ਰੰਥ ਦੀ ਲੋੜ ਨਹੀਂ ਕਿਉਂਕਿ ਹਰ ਪ੍ਰਤੀਕ ਦੀ ਢੁੱਕਵੀਂ ਵਿਆਖਿਆ ਦੇ ਮੇਚ ਦੇ ਧਰਾਤਲ ਤਾਂ ਸਾਨੂੰ ਇਸ ਮੁਢਲੇ ਗ੍ਰੰਥ ਵਿੱਚੋਂ ਹੀ ਮਿਲ ਜਾਂਦੇ ਹਨ। ਇਸੇ ਲਈ ਏਥੇ ਇਨ੍ਹਾਂ ਸਾਰੇ ਪ੍ਰਤੀਕਾਂ ਦੀ ਵਿਆਖਿਆ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਧਾਰ ਲਿਆ ਗਿਆ ਹੈ।

੧ੴ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਦੇ ਮੰਗਲਾਚਰਣ ਜਾਂ ਮੂਲ-ਮੰਤ੍ਰ ਦਾ ਪਹਿਲਾ ਸ਼ਬਦ ੧ੴ ਹੈ ਜਿਸ ਨੂੰ ਇੱਕ ਓਅੰਕਾਰੁ ਜਾਂ ਏਕੰਕਾਰੁ ਕਰਕੇ ਉਚਾਰਿਆ ਜਾਂਦਾ ਹੈ।

**ਏਕੰਕਾਰੁ ਨਿਰੰਜਨੁ ਨਿਰਭਉ**
**ਸਭ ਜਲਿ ਥਲਿ ਰਹਿਆ ਸਮਾਈ ॥**

(ਅੰਕ ੯੧੬)

ਤੇ

**ਓਅੰਕਾਰਿ ਸਭ ਸ੍ਰਿਸਟਿ ਉਪਾਈ ॥**

(ਅੰਕ ੧੦੬੧)

**ਇੱਕ** (੧)

ਹਿੰਦਸਾ '੧' ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਇੱਕ ਸ਼ਬਦ ਨਾਲ ਹੀ ਵਰਤਿਆ ਗਿਆ ਹੈ ਤੇ ਉਹ ਖਾਸ ਸ਼ਬਦ ਹੈ ੧ੴ। ਇਹ ਹਿੰਦਸਾ '੧' ਏਥੇ ਉਸ ਪਰਮ ਪਿਤਾ ਪਰਮੇਸ਼ਰ ਦੀ ਵਿਲੱਖਣਤਾ ਤੇ ਉਸ ਦੀ ਸਮੁੱਚੀ ਪ੍ਰਭੂਸਤਾ ਦਾ ਪ੍ਰਤੀਕ ਹੈ। ਪ੍ਰਮ ਪਿਤਾ ਪ੍ਰਮਾਤਮਾ ਦੇ ਇਕੋ-ਇੱਕ ਆਪਣੇ ਜੇਹਾ ਹੋਣ ਦਾ ਲਖਾਇਕ ਹੈ ਜਿਸ ਬਰਾਬਰ ਦਾ ਹੋਰ ਕੋਈ ਨਹੀਂ।

**ਏਕੋ ਹੈ ਭਾਈ ਏਕੋ ਹੈ॥**

(ਅੰਕ ੩੫੦)

ਇਸ ਤਰ੍ਹਾਂ ਇਹ ਪ੍ਰਭੂ ਦਾ ਪ੍ਰਭੁਤਵ, ਏਕਤਾ, ਵਿਲੱਖਣਤਾ ਤੇ ਅਦੁੱਤੀ ਹੋਣ ਦਾ ਵੀ ਪ੍ਰਤੀਕ ਹੈ। ਉਸ ਦੇ ਨਿਰਾਲੇਪਣ ਦਾ ਵੀ ਲਖਾਇਕ ਹੈ:

**ਏਕਮ ਏਕੰਕਾਰੁ ਨਿਰਾਲਾ ॥**

(ਅੰਕ ੮੩੮)

ਉਹ ਇੱਕ ਹੀ ਜੋ ਸਾਰੇ ਵਿਸ਼ਵ ਦਾ ਰਚਣਹਾਰਾ ਹੈ ਤੇ ਆਪਣਾ ਵੀ, ਹੋਰ ਕੋਈ ਨਹੀਂ:

**ਏਕੋ ਕਰਤਾ ਜਿਨਿ ਜਗੁ ਕੀਆ ॥**

(ਅੰਕ ੧੧੮੮)

ਉਸਨੇ ਸਾਰਾ ਵਿਸ਼ਵ ਆਪਣੇ ਆਪ ਹੀ ਰਚਿਆ ਹੈ, ਕਿਸੇ ਦੀ ਮਦਦ ਨਹੀਂ ਲਈ :-

**ਏਕੋ ਕਰਤਾ ਆਪੇ ਆਪ ॥**

(ਅੰਕ ੧੨੭੧)

ਉਸ ਦੇ ਇਕੋ ਬੋਲ ਨਾਲ ਸਾਰਾ ਜਗ ਰਚਿਆ ਗਿਆ :

**ਏਕ ਕਵਾਵੈ ਤੇ ਸਭਿ ਹੋਆ ॥**

(ਅੰਕ ੧੦੦੩)

ਉਹ ਸਾਰਾ ਜਗ ਰਚ ਕੇ ਵਿਚ ਆਪ ਵੀ ਹਰ ਥਾਂ ਰਚ ਗਿਆ;

**ਏਕੋ ਏਕੁ ਰਵਿਆ ਸਭ ਠਾਈ ॥**

(ਅੰਕ ੧੦੮੦)

ਉਸ ਇਕੋ ਦੇ ਸਰੀਰ ਵਿਚ ਹੀ ਸਾਰੀ ਸਮਗਰੀ ਹੈ ਜਿਸਨੂੰ ਉਹ ਅਨੇਕਾਂ ਰੰਗਾਂ ਵਿਚ ਵੱਖੋ ਵੱਖ ਤਰ੍ਹਾਂ ਦਰਸਾਉਂਦਾ ਹੈ। ਉਸ ਪ੍ਰਭੂ ਦੇ ਨਾਮ ਵਿਚ ਹੀ ਨੌ ਨਿਧਾਂ ਹਨ; ਸਾਰੇ ਵਿਸ਼ਵ ਦੇ ਖਜ਼ਾਨੇ ਹਨ। ਹਰ ਸਰੀਰ ਵਿਚ ਸਮਾਇਆ ਉਹ ਆਰਾਮ ਫੁਰਮਾਉਂਦਾ ਹੈ। ਉਹ ਹੀ ਸੁੰਨ ਅਵਸਥਾ ਵਿਚ ਵੀ ਤੇ ਸਮਾਧੀ ਅਵਸਥਾ ਵਿਚ ਵੀ ਆਪ ਹੀ ਆਉਂਦਾ ਹੈ ਤੇ ਉਸ ਦਾ ਨਾਦ ਅਣਛੋਹ ਹੁੰਦਾ ਹੈ, ਅਨਹਤ ਹੁੰਦਾ ਹੈ। ਉਹ ਜਿਸ ਅਵਸਥਾ ਵਿਚ ਵੀ ਹੋਵੇ, ਉਹ ਬੜੀ ਅਸਚਰਜ ਭਰੀ ਵਿਸਮਾਦੀ ਅਵਸਥਾ ਹੁੰਦੀ ਹੈ। ਉਸ ਦੇ ਦੀਦ ਉਹ ਹੀ ਪਾ ਸਕਦਾ ਹੈ, ਜਿਸ ਨੂੰ ਉਹ ਆਪ ਵਿਖਾਉਂਦਾ ਹੈ ਤੇ ਜਿਸ ਦੀ ਨਜ਼ਰੀਂ ਆਉਣਾ ਹੋਵੇ ਉਸ ਦੇ ਮਨ ਵਿਚ ਢੁਕਵੀਂ ਸੋਝੀ ਭਰ ਦਿੰਦਾ ਹੈ। ਜੋ ਉਹ ਅੰਦਰ ਹੈ ਤਾਂ ਉਹ ਬਾਹਰ ਵੀ ਅਨੰਤ ਤੱਕ ਫੈਲਿਆ ਹੋਇਆ ਹੈ। ਉਹ ਭਗਵਾਨ ਹਰ ਮਨ ਸਰੀਰ ਵਿਚ ਵੱਸ ਰਿਹਾ ਹੈ; ਧਰਤੀ, ਜਲ ਤੇ ਆਕਾਸ਼ ਸਭ ਵਿਚ ਹੈ। ਉਹ ਪਾਰਬ੍ਰਹਮ ਹਰ ਵਣ, ਹਰ ਤਿਨਕੇ, ਹਰ ਪਰਬਤ ਵਿਚ ਹੈ। ਸਾਰੇ ਲੋਕਾਂ ਨੂੰ ਉਹ ਹਰ ਪੱਖੋਂ ਪੂਰੀ ਤਰ੍ਹਾਂ ਪ੍ਰਤਿਪਾਲਦਾ ਹੈ। ਜਿਹੋ ਜਿਹਾ ਉਸ ਦਾ ਹੁਕਮ ਹੁੰਦਾ ਹੈ ਉਸ ਤਰ੍ਹਾਂ ਦੇ ਕਰਮ ਬਣਦੇ ਜਾਂਦੇ ਹਨ। ਪੌਣ, ਪਾਣੀ ਤੇ ਅਗਨੀ ਵਿਚਕਾਰ, ਗੱਲ ਕੀ ਉਹ ਸਾਰੇ ਦਿਸ਼ਾਵਾਂ ਵਿਚ ਨਜ਼ਰ ਆਉਂਦਾ ਹੈ। ਕੋਈ ਵੀ ਥਾਂ ਉਸ ਤੋਂ ਵੱਖਰੀ ਨਹੀਂ। ਗੁਰੂ ਦੀ

ਮਿਹਰ ਹੋਣ 'ਤੇ ਹੀ ਉਸ ਬਾਰੇ ਗਿਆਨ ਤੇ ਮਿਲਣੀ ਦਾ ਸੁੱਖ ਪ੍ਰਾਪਤ ਹੁੰਦਾ ਹੈ।

**ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥**
**ਅਨਿਕ ਰੰਗ ਨਾਨਾ ਦ੍ਰਿਸਟਾਹਿ ॥**
**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥**
**ਦੇਹੀ ਮਹਿ ਇਸ ਕਾ ਬਿਸ੍ਰਾਮੁ ॥**
**ਸੁੰਨ ਸਮਾਧਿ ਅਨਹਤ ਤਹ ਨਾਦ ॥**
**ਕਹਨੁ ਨ ਜਾਈ ਅਚਰਜ ਬਿਸਮਾਦ ॥**
**ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥**
**ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥**
**ਸੋ ਅੰਤਰਿ ਸੋ ਬਾਹਰਿ ਅਨੰਤ ॥**
**ਘਟਿ ਘਟਿ ਬਿਆਪਿ ਰਹਿਆ ਭਗਵੰਤ ॥**
**ਧਰਨਿ ਮਾਹਿ ਆਕਾਸ ਪਇਆਲ ॥**
**ਸਰਬ ਲੋਕ ਪੂਰਨ ਪ੍ਰਤਿਪਾਲ ॥**
**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ ॥**
**ਪਉਣ ਪਾਣੀ ਬੈਸੰਤਰ ਮਾਹਿ ॥**
**ਚਾਰਿ ਕੁੰਟ ਦਹ ਦਿਸੇ ਸਮਾਹਿ ॥**
**ਤਿਸ ਤੇ ਭਿੰਨ ਨਹੀ ਕੋ ਠਾਉ ॥**
**ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥**

ਚਾਹੇ ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਵਿਚ ਦੇਖੀਏ ਤੇ ਜਾਂ ਫਿਰ ਚੰਦ, ਸੂਰਜ ਤੇ ਤਾਰਿਆਂ ਵਿਚ ਵੇਖੀਏ ਤਾਂ ਸਭ ਥਾਂ ਉਹ ਇਕੋ ਹੀ ਹੈ। ਹਰ ਕੋਈ ਪ੍ਰਭੂ ਦੇ ਬਖਸ਼ੇ ਬੋਲ ਬੋਲਦਾ ਹੈ। ਉਹ ਆਪ ਅਡੋਲ ਹੈ; ਕਦੇ ਵੀ ਡੋਲਦਾ ਨਹੀਂ। ਹਰ ਢੰਗ ਦੀ ਖੇਲ੍ਹ ਖੇਲ੍ਹਦਾ ਹੈ। ਉਸ ਦੇ ਗੁਣ ਅਣਮੁਲ ਹਨ ਜਿਸ ਦੀ ਕੀਮਤ ਪਾਈ ਹੀ ਨਹੀਂ ਜਾ ਸਕਦੀ। ਹਰ ਜੋਤ ਵਿਚ ਉਸਦੀ ਜੋਤ ਹਾਜ਼ਿਰ ਹੈ। ਉਪਰ ਥੱਲੇ ਸਭ ਥਾਂ ਸੁਆਮੀ ਪਰਮਾਤਮਾ ਨੇ ਆਪਣਾ ਆਪਾ ਫੈਲਾਇਆ ਹੋਇਆ ਹੈ। ਗੁਰੂ (ਪ੍ਰਮਾਤਮਾ) ਦੀ ਮਿਹਰ ਸਦਕਾ ਸਾਡੇ ਸਾਰੇ ਭਰਮ ਤੇ ਡਰ ਦਾ ਨਾਸ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਸ ਵਿਚ ਏਨਾ ਵਿਸ਼ਵਾਸ਼ ਹੋਣਾ ਚਾਹੀਦਾ ਹੈ।

**ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥**
**ਸਸੀਅਰ ਸੂਰ ਨਖ੍ਹਤ੍ਰ ਮਹਿ ਏਕੁ ॥**
**ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥**
**ਆਪਿ ਅਡੋਲੁ ਨ ਕਬਹੂ ਡੋਲੈ ॥**
**ਸਰਬ ਕਲਾ ਕਰਿ ਖੇਲੈ ਖੇਲ ॥**
**ਮੋਲਿ ਨ ਪਾਈਐ ਗੁਣਹ ਅਮੋਲ ॥**
**ਸਰਬ ਜੋਤਿ ਮਹਿ ਜਾ ਕੀ ਜੋਤਿ ॥**
**ਧਾਰਿ ਰਹਿਓ ਸੁਆਮੀ ਓਤਿ ਪੋਤਿ ॥**
**ਗੁਰ ਪਰਸਾਦਿ ਭਰਮ ਕਾ ਨਾਸੁ ॥**
**ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥**

ਉਹ ਆਪ ਵੀ ਸਤਿ (ਸਦੀਵੀ) ਹੈ ਤੇ ਉਸ ਦਾ ਸਭ ਕੀਤਾ ਵੀ ਸੱਚ ਹੈ। ਉਸ ਪ੍ਰਭੂ ਤੋਂ ਸਾਰਾ ਬ੍ਰਹਿਮੰਡ ਉਪਜਿਆ ਹੈ। ਜਦ ਉਸ ਨੂੰ ਭਾਉਂਦਾ ਹੈ ਤਾਂ ਬ੍ਰਹਮੰਡੀ ਵਿਸਥਾਰ ਕਰ ਦਿੰਦਾ ਹੈ ਤੇ ਫਿਰ ਜਦ ਭਾਉਂਦਾ ਹੈ ਤਾਂ ਸਭ ਨੂੰ ਮਿਟਾ ਕੇ ਆਪਣੇ ਆਪ ਵਿਚ ਮਿਲਾ ਕੇ ਇੱਕ ਕਰ ਲੈਂਦਾ ਹੈ। ਉਸ ਦੀਆਂ ਕਲਾਵਾਂ ਅਣਗਿਣਤ ਹਨ, ਬਿਆਨੋਂ ਬਾਹਰ ਹਨ। ਜਿਸ ਨੂੰ ਚਾਹੁੰਦਾ ਹੈ ਆਪਣੇ ਆਪ ਵਿਚ ਮਿਲਾ ਲੈਂਦਾ ਹੈ। ਉਸ ਦੇ ਕਿਹੜਾ ਨੇੜੇ ਹੈ ਕਿਹੜਾ ਦੂਰ, ਜਦ ਉਹ ਵਿਸ਼ਵ ਦੀ ਹਰ ਕਿਰਤ ਵਿਚ ਆਪ ਹਾਜ਼ਿਰ ਹੈ। ਜਿਸ ਨੂੰ ਵੀ ਉਹ ਆਤਮ ਗਿਆਨ ਆਪ ਦਿੰਦਾ ਹੈ, ਗੁਰੂ ਜੀ ਫੁਰਮਾਉਂਦੇ ਹਨ ਉਸ ਜੀਵ ਨੂੰ ਆਪਣੀ ਅਸਲੀਅਤ ਉਹ ਆਪ ਹੀ ਬੁਝਾ ਦਿੰਦਾ ਹੈ।

**ਆਪਿ ਸਤਿ ਕੀਆ ਸਭੁ ਸਤਿ ॥**
**ਤਿਸੁ ਪ੍ਰਭ ਤੇ ਸਗਲੀ ਉਤਪਤਿ ॥**
**ਤਿਸੁ ਭਾਵੈ ਤਾ ਕਰੇ ਬਿਸਥਾਰੁ ॥**
**ਤਿਸੁ ਭਾਵੈ ਤਾ ਏਕੰਕਾਰੁ ॥**
**ਅਨਿਕ ਕਲਾ ਲਖੀ ਨਹ ਜਾਇ ॥**
**ਜਿਸੁ ਭਾਵੈ ਤਿਸੁ ਲਏ ਮਿਲਾਇ ॥**
**ਕਵਨ ਨਿਕਟਿ ਕਵਨ ਕਹੀਐ ਦੂਰਿ ॥**
**ਆਪੇ ਆਪਿ ਆਪ ਭਰਪੂਰਿ ॥**
**ਅੰਤਰਗਤਿ ਜਿਸੁ ਆਪਿ ਜਨਾਏ ॥**
**ਨਾਨਕ ਤਿਸੁ ਜਨ ਆਪਿ ਬੁਝਾਏ ॥ ੫ ॥**

ਬੀਤੇ ਵਿਚ ਜੋ ਵੀ ਹੋਇਆ ਉਸ ਨੇ ਆਪ ਹੀ ਕੀਤਾ। ਉਹਦੀਆਂ ਏਨੀਆਂ ਨਜ਼ਰਾਂ ਹਨ ਕਿ ਉਹ ਸਭ ਨੂੰ ਆਪ ਹੀ ਵੇਖਦਾ ਹੈ ਭਾਵ ਉਹ ਸਭ ਦੇ ਕੰਮ 'ਤੇ ਨਜ਼ਰ ਰੱਖਦਾ ਹੈ। ਵਿਸ਼ਵ ਦੀ ਸਾਰੀ ਸਮਗਰੀ ਉਸੇ ਦੇ ਆਧਾਰ 'ਤੇ ਹੈ; ਜੋ ਵੀ ਜੱਸ ਹੁੰਦਾ ਹੈ ਉਹ ਕਰਨ ਵਾਲਾ ਵੀ ਤੇ ਸੁਣਨ ਵਾਲਾ ਵੀ ਆਪ ਹੈ। ਉਸ ਨੇ ਆਉਣ ਜਾਣ ਦਾ ਤਾਂ ਇੱਕ ਖੇਡ ਬਣਾਇਆ ਹੈ ਜਿਸ ਵਿਚ 'ਆਗਿਆਕਾਰੀ ਕੀਨੀ ਮਾਇਆ' ਕਰ ਸਭ ਖੇਡ ਰਚਾਇਆ ਹੋਇਆ ਹੈ। ਉਹ ਸਭ ਵਿਚਕਾਰ ਰਹਿੰਦਾ ਹੋਇਆ ਵੀ ਅਲਿਪਿਤ ਅਛੂਹ ਰਹਿੰਦਾ ਹੈ। ਜੋ ਕਹਿਣਾ ਹੁੰਦਾ ਹੈ ਆਪ ਹੀ ਕਹਿੰਦਾ ਹੈ। ਜੋ ਵੀ ਇਸ ਜਗ 'ਤੇ ਆਉਂਦਾ ਹੈ ਉਸ ਦੇ ਹੁਕਮ ਨਾਲ ਹੀ ਆਉਂਦਾ ਹੈ ਤੇ ਜਾਂਦਾ ਵੀ ਉਸਦੇ ਹੁਕਮ ਨਾਲ ਹੀ ਹੈ। ਗੁਰੂ ਜੀ ਕਹਿੰਦੇ ਹਨ ਜੋ ਉਸ ਨੂੰ ਚੰਗਾ ਲੱਗਦਾ ਹੈ ਉਸਨੂੰ ਆਪਣੇ ਵਿਚ ਸਮਾ ਲੈਂਦਾ ਹੈ ਮੁਕਤ ਕਰ ਦਿੰਦਾ ਹੈ।

**ਸਰਬ ਭੂਤ ਆਪਿ ਵਰਤਾਰਾ ॥**
**ਸਰਬ ਨੈਨ ਆਪਿ ਪੇਖਨਹਾਰਾ ॥**

# ਅਨੰਦੁ ਸਾਹਿਬ
## ਬਾਣੀ ਦਾ ਸੰਕਲਪ

ਸੰਸਾਰ ਦਾ ਹਰੇਕ ਮਨੁੱਖ ਦੁਨਿਆਵੀ ਪਦਾਰਥ ਅਤੇ ਸੁੱਖਾਂ ਦਾ ਚਾਹਵਾਨ ਹੈ ਕਿਉਂਕਿ ਉਸ ਦੀ ਪਹੁੰਚ ਆਰਥਿਕ ਹੈ। ਉਸ ਦੀ ਸੁਰਤਿ ਦ੍ਰਿਸ਼ ਤੱਕ ਸੀਮਤ ਹੈ, ਦ੍ਰਿਸ਼ਟੇ ਨਾਲ ਅਜੇ ਉਸ ਦਾ ਸੰਪਰਕ ਨਹੀਂ ਬਣਿਆ। ਆਰਥਿਕ ਮਾਰਗ ਉਤੇ ਚੱਲਣ ਵਾਲਾ ਮਨੁੱਖ ਅਗਿਆਨ ਵੱਸ ਹੋ ਕੇ ਬਿਨਾਂ ਕਿਸੇ ਸੇਧ ਤੋਂ, ਦਸਾਂ ਦਿਸ਼ਾਵਾਂ ਵੱਲ ਭਟਕਦਾ ਰਹਿੰਦਾ ਹੈ। ਜਦੋਂ ਤੱਕ ਮਨੁੱਖ ਨੂੰ ਆਤਮਿਕ ਜੀਵਨ ਦੇ ਆਦਰਸ਼ ਦਾ ਚੰਗੀ ਤਰ੍ਹਾਂ ਬੋਧ ਨਹੀਂ ਹੁੰਦਾ, ਉਸ ਨੂੰ ਆਤਮਿਕ ਅਨੰਦ ਦੀ ਲਖਤਾ ਹੋਣੀ ਤਾਂ ਇਕ ਪਾਸੇ ਰਹੀ, ਉਸ ਅਨੰਦ ਦੀ ਇਕ ਨਿੱਕੀ ਜਿਹੀ ਛੋਹ ਦਾ ਰਸ ਵੀ ਨਹੀਂ ਮਾਣ ਸਕਦਾ।

ਸ੍ਰੀ ਗੁਰੂ ਅਮਰ ਦਾਸ ਜੀ ਨੇ 'ਅਨੰਦੁ ਬਾਣੀ' ਵਿਚ ਪ੍ਰਮਾਰਥਕ ਅਨੰਦ ਦੀ ਗੱਲ ਕੀਤੀ ਹੈ ਪ੍ਰੰਤੂ ਸਾਰਥਕ ਅਨੰਦ ਨੂੰ ਵੀ ਅੱਖੋ ਓਹਲੇ ਨਹੀਂ ਹੋਣ ਦਿੱਤਾ। ਸਰੀਰਕ ਇੰਦਰਿਆਂ ਦਾ ਸਾਰਥਕ ਸੁੱਖ ਨਾਮ-ਸਿਮਰਨ ਵਿਚ ਲੀਨ ਹੋਇਆਂ ਹੀ ਸੁਖਦਾਈ ਹੈ ਅਤੇ ਇਸ ਦੇ ਉਲਟ ਵਿਸ਼ੇ ਵਿਕਾਰਾਂ ਵਿਚ ਲਿਪਾਇਮਾਨ ਹੋਇਆ ਦੁਖਦਾਈ ਹੈ। ਸਾਧਾਰਨ ਬੁੱਧੀ ਵਾਲਾ ਪੁਰਸ਼ ਇਹ ਸਮਝਦਾ ਹੈ ਕਿ ਮਨ ਵਿਚ ਵਿਕਲਪਾਂ ਦਾ ਅਭਾਵ ਹੋ ਜਾਵੇ ਤਾਂ ਮੌਜ ਬਣ ਜਾਂਦੀ ਹੈ ਭਾਵ ਅਨੰਦ ਪ੍ਰਾਪਤ ਹੋ ਜਾਂਦਾ ਹੈ। ਪਰ ਇਹ ਵੀ ਇਕ ਭੁੱਲ ਹੈ। ਜੇ ਮਨ ਵਿਚ ਵਿਕਲਪਾਂ ਦੀ ਥਾਂ ਤੇ ਸੰਕਲਪ ਹੋਣ ਤਾਂ ਉਨ੍ਹਾਂ ਦੀ ਅਪੂਰਤੀ ਭੀ ਵਿਕਲਪਾਂ ਦੀ ਪੂਰਤੀ ਸਮਾਨ ਹੀ ਹੁੰਦੀ ਹੈ। ਅਸਲ ਵਿਚ ਸੰਕਲਪਾਂ ਵਿਕਲਪਾਂ ਤੋਂ ਉਪਰ ਉਠੇ ਹੋਏ ਮਨ ਅੰਦਰ ਹੀ ਆਤਮਿਕ ਅਨੰਦ ਦਾ ਪ੍ਰਕਾਸ਼ ਹੁੰਦਾ ਹੈ।

'ਅਨੰਦ' ਸੰਕਲਪ ਦਾ ਰੂਪ ਨਹੀਂ ਹੈ। ਅਨੰਦ ਇਕ ਅਵਸਥਾ ਹੈ ਜਿਥੇ ਹਰਖ-ਸੋਗ, ਦੁਖ-ਸੁਖ, ਮਾਨ-ਅਪਮਾਨ, ਸੋਨਾ-ਮਿੱਟੀ ਸਮਾਨ ਦ੍ਰਿਸ਼ਟੀ ਆਉਂਦੇ ਹਨ। ਇਹ ਅਨੰਦ ਸੁਪਨੇ ਵਾਲਾ ਅਨੰਦ ਨਹੀਂ ਜਿਸ ਵਿਚ ਕਦੇ ਮਨੁੱਖ ਰਾਜਾ ਬਣ ਜਾਂਦਾ ਹੈ, ਕਦੇ ਭਿਖਾਰੀ ਤੇ ਕਦੇ ਕੁੱਝ ਹੋਰ ਰੂਪ ਧਾਰਨ ਕਰ ਲੈਂਦਾ ਹੈ। ਅਨੰਦ ਦੇ ਮਾਰਗੀ ਨੂੰ ਹਰੀ ਦੀ ਹਜ਼ੂਰੀ ਦਾ ਗਿਆਨ ਹੋਣਾ ਜ਼ਰੂਰੀ ਹੈ।

ਵਿਦਵਾਨਾਂ ਨੇ ਅਨੰਦ ਦੇ ਸੰਕਲਪ ਦੀ ਵਿਆਖਿਆ ਆਪੋ ਆਪਣੇ ਢੰਗ ਨਾਲ ਕੀਤੀ ਹੈ ਪਰ ਇਕ ਗੱਲ ਤਾਂ ਬੜੀ ਸਪਸ਼ਟ ਹੈ ਕਿ ਅਨੰਦ, ਖੇੜਾ ਜਾਂ ਖੁਸ਼ੀ ਉਹ ਸ਼ਬਦ ਹਨ ਜੋ ਸਾਡੀ ਅੰਤਰਮੁਖੀ ਅਵਸਥਾ ਨੂੰ ਬੋਲੀ ਦੀ ਪੋਸ਼ਾਕ ਪਹਿਨਾਉਂਦੇ ਹਨ। ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਾਡੀਆਂ ਇੰਦਰੀਆਂ ਨੂੰ ਜਦੋਂ ਸੰਤੁਸ਼ਟੀ ਹੁੰਦੀ ਹੈ, ਉਸ ਹਾਲਤ ਨੂੰ **PLEASURE** ਅਤੇ **JOYAND DELIGHT** ਤੱਕ ਦੀ ਅਵਸਥਾ ਮੰਨਿਆ ਜਾਏ ਕਿਉਂਕਿ ਇਹ ਸਭ ਕੁੱਝ ਸਥੂਲ ਅਵਸਥਾ ਤੱਕ ਵਾਪਰ ਰਿਹਾ ਹੁੰਦਾ ਹੈ ਪਰ ਇਹ ਖੁਸ਼ੀ ਜਾਂ ਸੁਖ ਥੋੜਾ ਚਿਰ ਹੀ ਹੁੰਦਾ ਹੈ।

ਅਨੰਦ ਉਹ ਖੇੜਾ ਹੈ ਜੋ ਸਥੂਲ ਇੰਦਰਿਆਂ ਦੇ ਸੁਖ ਤੋਂ ਉਠ ਕੇ ਮਾਨਸਿਕ ਜਾਂ ਧੁਰ ਅੰਦਰ ਆਤਮਿਕ ਹੁਲਾਸ ਤੱਕ ਜਾ ਪਹੁੰਚਦਾ ਹੈ। ਇਸ ਵਿਚ ਤੇ ਇੰਦਰਿਆਵੀ ਸੁਖ ਵਿਚ ਸਥੂਲ ਅਤੇ ਸੂਖਮ ਹੋਣ ਦਾ ਫ਼ਰਕ ਹੈ, ਪ੍ਰੰਤੂ ਇਹ ਸੂਖਮ ਖੇੜਾ ਥੋੜਾ ਚਿਰ ਹੀ ਹੁੰਦਾ ਹੈ। ਅਨੰਦ ਦਾ ਦੂਜਾ ਨਾਮ 'ਨਿਰੰਤਰ ਸੁਖ' ਅਥਵਾ 'ਨਿੱਤ ਸੁਖ' ਭੀ ਕਿਹਾ ਜਾ ਸਕਦਾ ਹੈ :

**ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ**
**ਨਾਮੁ ਗੋਬਿੰਦ ਕਾ ਸਦਾ ਲੀਜੈ ॥**

**(ਅੰਕ ੬੮੩)**

ਮਨੁੱਖ ਦੇ ਸਦੀਆਂ ਤੋਂ ਚੱਲੇ ਆ ਰਹੇ ਮਾਨਸਿਕ ਵਿਕਾਸ ਨੇ 'ਆਰਜੀ ਸੁਖ' ਅਤੇ 'ਨਿੱਤ ਸੁਖ' ਵਿਚਕਾਰ ਇਕ ਰੇਖਾ ਸੰਭਵ ਬਣਾ ਦਿਤੀ ਹੈ। ਇਸ ਲਈ 'ਸਦਾ ਸੁਖ' ਦੇ ਅਭਿਲਾਸ਼ੀ 'ਆਰਜ਼ੀ ਸੁਖ' ਮਗਰ ਨਹੀਂ ਦੌੜਦੇ। ਉਹ ਅੰਤਰਮੁਖੀ ਬ੍ਰਿਤੀ ਦੁਆਰਾ ਅਨੰਦ ਦਾ ਥਹੁ ਟਿਕਾਣਾ ਹਿਰਦੇ ਵਿਚ ਹੀ ਲੱਭ ਲੈਂਦੇ ਹਨ :

**ਜਿਨ ਗੁਰਮੁਖਿ ਖੋਜਿ ਢੰਢੋਲਿਆ**
**ਤਿਨ ਅੰਦਰਹੁ ਹੀ ਸਚੁ ਲਾਧਿਆ ॥**

**(ਅੰਕ ੩੧੩)**

ਜਿਨ੍ਹਾਂ ਨੇ ਗੁਰੂ ਦੀ ਅਗਵਾਈ ਵਿਚ ਅੰਤਰ ਆਤਮੇ ਪ੍ਰਭੂ ਨੂੰ ਲੱਭਣ ਦਾ ਜਤਨ ਕੀਤਾ ਹੈ, ਉਨ੍ਹਾਂ ਨੂੰ ਅੰਦਰੋਂ ਹੀ ਪ੍ਰਭੂ ਦੇ ਮਿਲਾਪ ਦਾ ਪਰਸਾਦਿ (ਅਨੰਦ) ਪ੍ਰਾਪਤ ਹੋ ਗਿਆ ਹੈ। ਪ੍ਰਭੂ ਦਾ ਮਿਲਾਪ ਅਤੇ ਉਸ ਨੂੰ ਸਭ ਵਿਚ ਰਵਿਆ ਵੇਖਣਾ ਦੋਵੇਂ ਵੱਖਰੀਆਂ ਗੱਲਾਂ ਹਨ, ਪਰ ਉਸ ਨੂੰ ਜਾਹਰਾ ਜਹੂਰ ਵੇਖ-ਵੇਖ ਕੇ ਬਿਸਮਾਦੀ ਰੰਗਾਂ ਵਿਚ ਵਿਗਸਣਾ ਇੱਕ ਅਨੁਭਵੀ ਪ੍ਰਤੀਕਰਮ ਹੈ, ਜੋ ਕਿ 'ਅਨੰਦੁ'ਹੈ।

ਅਨੰਦੁ ਦੀ ਪ੍ਰਾਪਤੀ ਲਈ ਹਿਰਦੇ ਵਿਚ ਭਉ ਅਤੇ ਭਾਵਨੀ ਦਾ ਦ੍ਰਿੜ ਹੋਣਾ ਜ਼ਰੂਰੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਿਆਰ ਤੋਂ ਬਿਨਾਂ ਨਾ ਗੁਰੂ ਅੱਗੇ ਤਨ, ਮਨ, ਧਨ ਭੇਟਾ ਕੀਤਾ ਜਾ ਸਕਦਾ ਹੈ ਅਤੇ ਨਾ ਅਨੰਦਮਈ ਅਵਸਥਾ ਦਾ ਰਸ ਮਾਣਿਆ ਜਾ ਸਕਦਾ ਹੈ।

ਇਥੇ ਹੀ ਬੱਸ ਨਹੀਂ ਜੇ ਭਉ ਅਤੇ ਭਾਵਨੀ ਨਾਲ 'ਸਾਚੀ ਲਿਵ' ਦੀ ਘਾਟ ਹੋਵੇ ਤਾਂ ਵੀ ਜੀਵਨ ਬੇੜਾ ਬੰਨੇ ਨਹੀਂ ਲੱਗਦਾ। ਸਾਰਾ ਕੀਤਾ ਕਰਮ ਮਾਨੋ ਬੇ-ਅਰਥ ਜਿਹਾ ਹੋ ਜਾਂਦਾ ਹੈ।

ਲਿਵ ਭੀ ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਦੀ ਲੱਗਦੀ ਹੈ। ਮਨਮੁੱਖ ਜੀਉੜਾ ਭੰਭੀਰੀ ਵਾਂਗੂੰ ਮਾਇਆ ਦੇ ਆਲੇ ਦੁਆਲੇ ਹੀ ਫਿਰਦਾ ਰਹਿੰਦਾ ਹੈ। ਪਰਮਾਰਥਕ ਮਾਰਗ ਵਿਚ ਸਾਰੀ ਖੇਡ ਲਿਵ ਦੀ ਹੈ। ਗੁਰਮੁਖ ਮਾਇਆ ਦੇ ਪਸਾਰੇ ਵਿਚ ਰਹਿੰਦਾ ਹੋਇਆ ਭੀ ਅਨੰਦ ਨੂੰ ਪਾ ਲੈਂਦਾ ਹੈ। 'ਲਿਵ' ਦੇ ਅਰਥ ਹਨ: ਲਗਨ, ਲਗਾਉ ਸੁਰਤਿ ਦੀ ਇਕ-ਸੁਰਤਾ। ਸੰਸਾਰ ਦਾ ਹਰੇਕ ਕੰਮ ਕਿਸੇ ਲਿਵ ਦੇ ਅਧੀਨ ਹੁੰਦਾ ਹੈ। ਬਾਹਰਮੁਖੀ ਲੋਇਣ ਜਗਤ ਨੂੰ ਮੋਹ ਸਕਦੇ ਹਨ ਪਰ ਅੰਤਰਮੁਖੀ ਆਤਮਿਕ-ਲੋਇਣਾ ਰਾਹੀਂ ਹਰੀ ਨਾਲ ਸੱਚੀ ਤਾੜੀ (ਲਿਵ) ਲੱਗਦੀ ਹੈ। ''ਨੈਨੀ ਹਰਿ ਹਰਿ ਲਾਗੀ ਤਾਰੀ।।''

ਜੇ ਲਿਵ ਨਾ ਹੋਵੇ ਤਾਂ ਦੇਹ ਨਿਮਾਣੀ ਹੋ ਜਾਂਦੀ ਹੈ। ਲਿਵ ਵਿਚ ਨਾ ਭੁੱਖ ਲੱਗਦੀ ਹੈ, ਨਾ ਨੀਂਦ ਆਉਂਦੀ ਹੈ ਅਤੇ ਨਾ ਹੀ ਦੁਖ ਸੁਖ ਪ੍ਰਤੀਤ ਹੁੰਦਾ ਹੈ। ਅਕੇਵਾਂ ਜਾਂ ਥਕੇਵਾਂ ਤਾਂ ਨੇੜੇ ਹੀ ਨਹੀਂ ਲੱਗਦਾ। 'ਅਨੰਦ' 'ਚ ਜਿਤਨਾ ਲਿਵ ਦਾ ਯੋਗਦਾਨ ਹੈ ਉਤਨਾ ਸ਼ਾਇਦ ਹੀ ਕਿਸੇ ਵਸਤੂ ਦਾ ਹੋਵੇ। ਹਾਂ, ਲਿਵ ਭੀ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਲਿਵ ਨਾਲ ਝੂਠੇ ਕੰਮਾਂ ਦੀ ਪੂਰਤੀ ਹੁੰਦੀ ਹੈ, ਦੂਜੀ ਸੱਚੀ ਲਿਵ 'ਸੋ ਦਰੁ' ਦੇ ਦਰਸ਼ਨ ਕਰਾਉਂਦੀ ਹੈ। ਸੱਚੀ ਲਿਵ ਗੁਰਮੁਖਤਾ ਦੀ ਨਿਸ਼ਾਨੀ ਹੈ, ਇਸ ਲਈ ਸੱਚੀ ਲਿਵ ਹੀ ਗੁਰਮਤਿ ਪਾਂਧੀ ਦੇ ਜੀਵਨ ਨੂੰ ਸਫਲ ਬਣਾ ਸਕਦੀ ਹੈ।

'ਅਨੰਦ' ਸ਼ਬਦ ਦੇ ਭਾਵ-ਅਰਥ ਦਾ ਅਧਿਐਨ ਕਰਨਾ ਭੀ ਇਕ ਤਰ੍ਹਾਂ ਅਨੰਦ ਦੇ ਸੰਕਲਪ ਨਾਲ ਜਾ ਜੁੜਨਾ ਹੈ। ਸਾਧਾਰਨ ਮਨੁੱਖ ਜਦੋਂ ਮਨ ਭਾਉਂਦੇ ਮਿੱਠੇ ਪਦਾਰਥਾਂ ਦੀ ਪ੍ਰਾਪਤੀ ਨਾਲ ਤ੍ਰਿਪਤ ਹੋ ਜਾਂਦਾ ਹੈ ਤਾਂ ਇਉਂ ਆਖਦਾ ਹੈ 'ਅੱਜ ਤਾਂ ਬੜਾ ਅਨੰਦ ਆਇਆ ਹੈ।' ਜਦੋਂ ਉਹ ਕਿਸੇ ਮਾਇਆਧਾਰੀ ਨੂੰ ਮਾਇਆ ਦੇ ਹਾਵਾਂ, ਭਾਵਾਂ ਵਿਚ ਮਸਤ ਹੋਇਆ ਵੇਖਦਾ ਹੈ ਤਾਂ ਆਖਣ ਲੱਗ ਜਾਂਦਾ ਹੈ, 'ਜੀ ਅਮਕਾ ਮਨੁੱਖ ਉੱਤੇ ਰੱਬ ਦੀ ਮਿਹਰ ਹੈ, ਬੜਾ ਸੌਖਾ ਅਤੇ ਅਨੰਦ ਵਿਚ ਹੈ।' ਇਸੇ ਤਰ੍ਹਾਂ ਜਦੋਂ ਕਿਸੇ ਨਿਰਧਨ ਦੇ ਜੀਵਨ ਵੱਲ ਝਾਤ ਮਾਰਦਾ ਹੈ ਤਾਂ ਉਸਨੂੰ ਉਹ ਦੁਖੀ ਦਿਖਾਈ ਦਿੰਦਾ ਹੈ। ਦੁਨੀਆਵੀ ਪ੍ਰਸੰਗ ਵਿਚ ਅਨੰਦ ਦਾ ਸਬੰਧ ਮਾਇਕ ਅਤੇ ਸਰੀਰਕ ਸੁਖਾਂ ਨਾਲ ਹੋ ਸਕਦਾ ਹੈ ਪਰ ਅਧਿਆਤਮਕ ਮੰਡਲ 'ਚ ਕੇਵਲ ਸਰੀਰਕ ਸੁਖ ਜਾਂ ਪਦਾਰਥਾਂ ਦੀ ਪ੍ਰਾਪਤੀ 'ਅਨੰਦੁ' ਦਾ ਪ੍ਰਤੀਕ ਨਹੀਂ ਹੁੰਦੇ। ਸਰੀਰਕ ਸੁਖ ਤੋਂ ਅਗਲਾ ਪੜਾਅ ਮਾਨਸਿਕ ਸੁਖ ਦਾ ਹੈ। ਮਾਨਸਿਕ ਸੁਖ ਦਾ ਸਬੰਧ ਮਨ ਦੀ ਸ਼ਾਂਤੀ ਨਾਲ ਹੁੰਦਾ ਹੈ ਅਤੇ ਇਹ ਸੁਖ ਸਰੀਰਕ ਸੁਖ ਨਾਲੋਂ ਚੰਗੇਰਾ ਹੁੰਦਾ ਹੈ।

ਪਰ ਸ੍ਰੀ ਗੁਰੂ ਅਮਰ ਦਾਸ ਜੀ ਦਾ 'ਅਨੰਦੁ' ਇਹ ਅਰਥ ਨਹੀਂ ਰੱਖਦਾ। ਰਜੋ, ਤਮੋ, ਸਤੋ ਤੋਂ ਉਪਰਲੀ ਅਵਸਥਾ ਜਿਸ ਨੂੰ ਗੁਰਬਾਣੀ ਵਿਚ 'ਚਉਥੇ ਪਦ ਮਹਿ ਜਨ ਕੀ ਜਿੰਦੁ' (ਪੰਨਾ 871) ਆਖਿਆ ਗਿਆ ਹੈ, ਸਹੀ ਅਰਥਾਂ ਵਿਚ ਨਾਮ ਰਸੀਆ ਉਸ ਅਵਸਥਾ ਵਿਚ ਇਕ ਅਲੌਕਿਕ ਅਨੰਦ ਮਾਣਦਾ ਹੈ। ਉਹ ਅਵਸਥਾ, ਜਾਗਰਤ, ਸੁਪਨ, ਸਖੋਪਤ ਵਾਲੀ ਨਹੀਂ, ਤੁਰੀਆ ਅਵਸਥਾ ਹੈ :

**ਆਸਾ ਮਨਸਾ ਦੋਊ ਬਿਨਾਸਤ**
**ਤ੍ਰਿਹੁ ਗੁਣ ਆਸ ਨਿਰਾਸ ਭਈ ॥**
**ਤੁਰੀਆਵਸਥਾ ਗੁਰਮੁਖਿ ਪਾਈਐ**
**ਸੰਤ ਸਭਾ ਕੀ ਓਟ ਲਹੀ॥**

**(ਅੰਕ ੩੫੬)**

'ਅਨੰਦ' ਦੀ ਸੋਝੀ ਦੁਨਿਆਵੀ ਵਿਦਿਆ ਜਾਂ ਉਕਤੀਆਂ ਉਤੇ ਨਿਰਭਰ ਨਹੀਂ ਕਰਦੀ। ਇਸ ਮਾਰਗ ਉਤੇ ਚੱਲਣ ਦੀ ਸਹੀ ਅਗਵਾਈ ਸਤਿਗੁਰੂ ਪਾਸੋਂ ਮਿਲਦੀ ਹੈ। ਸੱਚੇ ਗੁਰਦੇਵ ਜਦੋਂ ਜਗਿਆਸੂ ਦੇ ਨੇਤਰਾਂ ਵਿਚ ਗਿਆਨ ਅੰਜਨ ਪਾਉਂਦੇ ਹਨ ਤਾਂ ਉਸ ਦੇ ਮਨ ਵਿਚੋਂ ਮਾਇਆ ਦੀ ਮਮਤਾ ਅਤੇ ਪਰਿਵਾਰਕ ਮੋਹ ਦਾ ਪੜਦਾ ਟੁੱਟ ਜਾਂਦਾ ਹੈ। ਫਿਰ ਉਸ ਦੇ ਮਨ ਨੂੰ ਕੂੜ ਅਤੇ ਵਿਕਾਰਾਂ ਦੀ ਸੋ ਤੱਕ ਨਹੀਂ ਲੱਗਦੀ, ਉਹ ਅੰਦਰੋਂ-ਬਾਹਰੋਂ ਨਿਰਮਲ ਹੋ ਜਾਂਦਾ ਹੈ। ਉਸ ਦੇ ਹਿਰਦੇ ਵਿਚ ਪ੍ਰਭੂ ਦੀ ਸਦੀਵੀ ਸਾਥ ਵਾਲਾ ਵਿਸ਼ਵਾਸ ਪੱਕਾ ਹੋ ਜਾਦਾ ਹੈ। ਇਹ ਸ਼ਕਤੀ ਉਸ ਨੂੰ ਅਨੁਭਵ ਪ੍ਰਕਾਸ਼ ਦੇ ਅਨੰਦ ਮੰਡਲ ਵਿਚ ਲੈ ਜਾਂਦੀ ਹੈ ਫਿਰ ਪ੍ਰਭੂ ਦੇ ਵਿਸ਼ਾਲ ਪਸਾਰੇ ਵਿਚ ਪਦਾਰਥਾਂ ਦੀ ਬਹੁਲਤਾ ਅਨੰਦ ਦੇ ਅਭਿਲਾਸ਼ੀ ਨੂੰ ਆਪਣੇ ਅਕੀਦੇ ਤੋਂ ਇਧਰ ਉਧਰ ਨਹੀਂ ਕਰ ਸਕਦੀ। ਉਹ ਇਸ ਸੰਸਾਰ ਵਿਚੋਂ ਕਰਤਾਰ ਦੇ ਦੀਦਾਰ ਕਰਦਾ ਹੈ। ਇਸ ਤਰ੍ਹਾਂ ਉਸ ਦੇ ਹਿਰਦੇ ਵਿਚ ਅਜਪਾ ਜਾਪ ਨਾਲ ਸਦੀਵੀ ਅਨੰਦ ਦਾ ਪਰਤਾਪ ਬਣਿਆ ਰਹਿੰਦਾ ਹੈ।

ਅਨੰਦੁ ਦੀ ਪ੍ਰਾਪਤੀ ਦੀ ਵੱਡੀ ਨਿਸ਼ਾਨੀ ਇਹ ਹੈ ਕਿ ਮਨੁੱਖ ਦੀਆਂ ਸਾਰੀਆਂ ਭੁੱਖਾਂ ਨਾਸ਼ ਹੋ ਜਾਂਦੀਆਂ ਹਨ, ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਨਿਰੋਲ ਸ਼ਾਂਤੀ ਦਾ ਵਾਤਾਵਰਨ ਬਣ ਜਾਂਦਾ ਹੈ ਅਤੇ ਅਨੰਦ ਦਾ ਦਾਤਾ ਮਨ ਵਿਚ ਆ ਕੇ ਵੱਸ ਜਾਂਦਾ ਹੈ। ਅਨੰਦ ਮਈ ਅਵਸਥਾ ਵਿਚ ਸਦਾ ਚੜ੍ਹਦੀ ਕਲਾ ਰਹਿੰਦੀ ਹੈ। ਦੁਖ ਤੇ ਬੁਰਾ ਤਾਂ ਭਾਸਦੇ ਹੀ ਨਹੀਂ, ਸਭ ਸੁਖ ਤੇ ਭਲਾ ਹੀ ਪ੍ਰਤੀਤ ਹੁੰਦਾ ਹੈ। ਹਾਰ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ, ਜੀਤ ਹੀ ਜੀਤ ਹੁੰਦੀ ਹੈ :

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀਂ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥**

**(ਅੰਕ ੧੩੦੨)**

ਗੁਰੂ ਅਮਰ ਦਾਸ ਜੀ ਦਾ ਨਿਜੀ ਅਭਿਆਸ ਇਸ ਸਿਧਾਂਤ ਉਤੇ ਮੋਹਰ ਲਗਾਉਂਦਾ ਹੈ ਕਿ 'ਅਨੰਦੁ' ਸਿਮਰਨ ਦੀ ਸਿਖਰ ਹੈ। ਇਸ ਅਵਸਥਾ ਵਿਚ ਸਾਰੇ ਵਿਸੂਰੇ ਮਿਟ ਜਾਂਦੇ ਹਨ ਅਤੇ ਸਾਰੇ

ਮਨੋਰਥ ਪੂਰੇ ਹੋ ਜਾਂਦੇ ਹਨ। ਇਸ ਲਈ ਜੇ ਅਨੰਦ ਨੂੰ 'ਸੰਤ ਕਾ ਮਾਰਗੁ ਧਰਮ ਕੀ ਪਉੜੀ' ਆਖਿਆ ਜਾਏ ਤਾਂ ਇਹ ਵੀ ਇਕ ਤੱਤ ਹੈ ਕਿਉਂਕਿ ਇਸ ਅਵਸਥਾ ਵਿਚ 'ਚਿੰਤ ਅਚਿੰਤਾ' ਲਈ ਕੋਈ ਥਾਂ ਨਹੀਂ ਰਹਿੰਦੀ :

**ਚਿੰਤ ਅਚਿੰਤਾ ਸਗਲੀ ਗਈ ॥**
**ਪ੍ਰਭ ਨਾਨਕ ਨਾਨਕ ਨਾਨਕ ਮਈ ॥**

**(ਅੰਕ ੧੧੫੭)**

**ਹਰਖ ਅਨੰਤ ਸੋਗ ਨਹੀ ਬੀਆ ॥**
**ਸੋ ਘਰੁ ਗੁਰਿ ਨਾਨਕ ਕਉ ਦੀਆ ॥**

**(ਅੰਕ ੧੮੬)**

**ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥**
**ਸਾਚ ਨਾਮ ਕੀ ਅੰਮ੍ਰਿਤ ਵਰਖਾ ॥**

**(ਅੰਕ ੭੩੯)**

ਸੋ 'ਅਨੰਦੁ' ਦਾ ਸੰਕਲਪ ਤਾਂ ਮਨ ਨੂੰ ਇਹ ਸਮਝਾਉਣਾ ਕਿ ਤੂੰ ਜੋਤਿ ਸਰੂਪ ਹੈਂ। ਜਦੋਂ ਮਨੁੱਖਾ ਸਰੀਰ ਵਿਚ ਜੋਤਿ ਜੀਵ ਆਤਮਾ ਦਾ ਪ੍ਰਵੇਸ਼ ਹੁੰਦਾ ਹੈ ਉਦੋਂ ਇਸ ਨੂੰ ਸੋਝੀ ਹੁੰਦੀ ਹੈ ਕਿ ਹਰੀ ਜੀ ਆਪ ਹੀ ਜੀਵ ਦੇ ਮਾਤਾ ਪਿਤਾ ਹਨ। ਬੱਸ ਅਨੰਦ ਬਾਣੀ ਦਾ ਸਭ ਤੋਂ ਵੱਡਾ ਸੰਕਲਪ ਸਰੀਰ ਨੂੰ ਇਉਂ ਸੰਬੋਧਨ ਕਰਕੇ ਗੁਰੂ ਅਮਰ ਦਾਸ ਜੀ ਦਾ ਸੰਦੇਸ਼ ਪਹੁੰਚਾਉਣਾ ਹੈ :

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**
**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥**
**ਹਰਿ ਆਪੇ ਮਾਤਾ ਆਪੇ ਪਿਤਾ**
**ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**
**ਗੁਰ ਪਰਸਾਦੀ ਬੁਝਿਆ**
**ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**
**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ**
**ਤਾ ਤੂ ਜਗ ਮਹਿ ਆਇਆ ॥**

**(ਅੰਕ ੯੨੧)**

ਜੇ ਮਾਨਵੀ ਸਰੀਰ ਵਿਚ ਅਨੰਦੁ ਦੇ ਸੰਕਲਪ ਦਾ ਸਰੂਰ ਮਾਨਣਾ ਹੋਵੇ ਤਾਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਗਾਗਰ ਢੋਂਦਿਆ, ਲੰਗਰ ਵਿਚ 'ਖੀਰਿ ਘਿਆਲੀ' ਵੰਡਦਿਆਂ ਚਾਵਲ ਤੇ ਦਾਲ ਜਾਂ ਓਗਾਰਾ ਛਕਦਿਆਂ ਦਰਸ਼ਨ ਕਰੋ ਤਾਂ ਇਸ ਤਰ੍ਹਾਂ ਅਨੰਦ ਦਾ ਸੰਕਲਪ ਸਾਧ ਸੰਗਤ ਦੀ ਸੇਵਾ ਅਤੇ 'ਮਹਾ ਅਨੰਦੁ ਗੁਰ ਸਬਦੁ ਵੀਚਾਰਿ' ਹੀ ਸਿੱਧ ਹੋਵੇਗਾ।

ਵਿਦਿਆ ਦੇ ਸੰਦਰਭ ਵਿਚ ਇਹ ਇਕ ਮੰਨੀ ਪ੍ਰਮੰਨੀ ਸਚਾਈ ਹੈ ਕਿ ਜਿਸ ਰਚਨਾ ਦਾ ਵਿਸ਼ੈ ਵਸਤੂ ਮਹਾਨ ਹੋਵੇ, ਹਮੇਸ਼ਾ ਉਹੀ ਰਚਨਾ ਮਹਾਨ ਹੁੰਦੀ ਹੈ। ਰਾਮਕਲੀ ਰਾਗ ਦੀ ਬੰਦਸ਼ ਵਿਚ ਆਕਾਰ ਵਿਚਾਰ ਤੇ ਪਿਆਰ ਦੇ ਪੱਖੋਂ ਅਨੰਦ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੀ ਇਕ ਮਹੱਤਵਪੂਰਨ ਰਚਨਾ ਹੈ। ਇਹ ਰਾਗ ਜੋਗੀਆਂ ਅਤੇ ਸਿੱਧਾਂ ਦਾ ਅਤਿ ਪਿਆਰਾ ਰਾਗ ਹੈ। 'ਅਨੰਦ' ਵਿਚ ਵੀ ਜੋਗੀਆਂ ਨਾਲ ਸਬੰਧਤ ਸ਼ਬਦਾਵਲੀ: ਨੌਂ ਨਿਧੀਆਂ, ਗੁਫਾ, ਨਉਂ ਦੁਆਰੇ ਤੇ ਦਸਵਾ ਦੁਆਰ ਆਦਿ ਉਪਲਭਦ ਹੈ। ਇਸ ਰਚਨਾ ਵਿਚ ਜਿਸ ਮੂਲ ਭਾਵ ਨੂੰ ਪ੍ਰਗਟਾਇਆ ਗਿਆ ਹੈ ਉਹ ਸਦੀਵੀ ਤੇ ਅਧਿਆਤਮਿਕ ਅਨੰਦ ਨਾਲ ਸੰਬੰਧਤ ਹੈ।

(ੳ) ਅਨੰਦ ਕੀ ਹੈ ?
(ਅ) ਇਸ ਅਮੋਲਕ ਵਸਤੂ ਦੀ ਪ੍ਰਾਪਤੀ ਦੇ ਕਿਹੜੇ 2 ਸਾਧਨ ਹਨ ?
(ੲ) ਮਾਇਆ ਦਾ ਕੀ ਰੂਪ ਹੈ ?
(ਸ) ਇਸ ਦਾ ਜੀਵ ਆਤਮਾ 'ਤੇ ਕੀ ਅਸਰ ਪੈਂਦਾ ਹੈ ?
(ਹ) ਸੱਚੀ ਅਤੇ ਕੱਚੀ ਬਾਣੀ ਦੀ ਕੀ ਪਛਾਣ ਹੈ ?
(ਕ) ਤੱਤ ਗਿਆਨ ਕਿਵੇਂ ਪ੍ਰਾਪਤ ਹੁੰਦਾ ਹੈ ?
(ਖ) ਸਾਚੀ ਲਿਵ
(ਗ) ਸਾਚਾ ਸੋਹਿਲਾ
(ਘ) ਸਹਜ, ਅਨਹਦ ਵਾਜੇ ਆਦਿ ਕਈ ਵਿਸ਼ੇ ਹਨ ਜਿਨ੍ਹਾਂ ਉਤੇ ਪੂਰੇ ਲੇਖ ਲਿਖੇ ਜਾ ਸਕਦੇ ਹਨ।

ਭਾਵੇ ਇਸ ਰਚਨਾ ਦੀਆਂ ਪਉੜੀਆਂ ਵਿਚ ਦਿੱਤਾ ਉਪਦੇਸ਼ ਭਿੰਨ ਭਿੰਨ ਜਾਪਦਾ ਹੈ ਪਰ ਜੇ ਇਨ੍ਹਾਂ 40 ਮਣਕਿਆਂ ਨੂੰ ਉਪਦੇਸ਼ ਰੂਪ ਇਕ ਮਾਲਾ ਵਿਚ ਪਰੋਇਆ ਜਾਵੇ ਤਾਂ ਇਸਦਾ 'ਅਨੰਦ' ਹੀ ਹੋਵੇਗਾ। ਜਿਵੇਂ ਵਾਹਿਗੁਰੂ ਏਕ ਤੋਂ ਅਨੇਕ ਅਤੇ ਫਿਰ ਏਕ ਹੈ, ਇਸ ਤਰ੍ਹਾਂ ਅਨੰਦੁ ਵਿਸਤ੍ਰਿਤ ਰੂਪ ਵਿਚ ਹਰੇਕ ਹਿਰਦੇ ਵਿਚ ਜ਼ਰੇ ਜ਼ਰੇ ਵਿਚ ਪ੍ਰਵੇਸ਼ ਕਰਦਾ ਹੋਇਆ ਭੀ ਸਦਾ ਇਕ ਹੀ ਰਹਿੰਦਾ ਹੈ, ਇਸ ਵਿਚ ਉਤਰਾਅ ਚੜ੍ਹਾਅ ਕਦੀ ਨਹੀਂ ਹੁੰਦਾ।

ਪ੍ਰਭੂ ਦੇ ਸੱਚੇ ਮਾਰਗ ਉਤੇ ਚੱਲਣ ਦਾ ਪਹਿਲਾ ਚਰਨ ਚਾਉ (ਅਨੰਦੁ) ਹੈ :

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥**
**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥**
**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ**
**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥**
**ਅਨਹਤ ਬਾਣੀ ਗੁਰ ਸਬਦਿ ਜਾਣੀ**
**ਹਰਿ ਨਾਮੁ ਹਰਿ ਰਸੁ ਭੋਗੋ ॥**
**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥**

**(ਅੰਕ ੯੨੧)**

ਇਹ ਚਾਉ ਮਨੁੱਖੀ ਮਨ ਨੂੰ ਪ੍ਰੇਰਨਾ ਦਿੰਦਾ ਹੋਇਆ ਜਿਉਂ

ਜਿਉਂ ਵਧਦਾ ਹੈ, ਸਥਿਰ ਹੁੰਦਾ ਹੈ, ਅਨੰਦ ਦਾ ਰੂਪ ਬਣ ਜਾਂਦਾ ਹੈ। ਅਨਿੰਨ ਸੇਵਕ ਗੁਰਬਾਣੀ ਵਿਚ ਰੰਗੀਜ ਕੇ ਮਨ ਨੂੰ ਇਉਂ ਆਖਦਾ ਹੈ :

**1. ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

**2. ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

ਅਨੰਦ ਦਾ ਅਰੰਭ ਗੁਰੂ ਦੀ ਦੱਸੀ ਹੋਈ ਪ੍ਰੇਮਾ ਭਗਤੀ ਨਾਲ ਹੁੰਦਾ ਹੈ। ਪ੍ਰਭੂ ਦੀ ਸਦਾ ਸਿਫਤ ਸਲਾਹ ਤੋਂ ਉਪਜੀ ਸ਼ਕਤੀ ਨਾਲ ਹੀ ਗਿਆਨ ਇੰਦਰਿਆਂ ਉਤੇ ਕਾਬੂ ਪਾਇਆ ਜਾ ਸਕਦਾ ਹੈ। ਨਾਮ ਸਿਮਰਨ ਦੇ ਨਿਰੰਤਰ ਅਭਿਆਸ ਨਾਲ ਜਗਿਆਸੂ ਸਰੀਰ ਨੂੰ ਗੁਫਾ ਸਮਝ ਕੇ ਇਸ ਵਿਚ ਹੀ ਸੁੰਨ ਸਮਾਧੀ ਲਾਉਂਦਾ ਹੈ ਅਤੇ ਇਥੇ ਹੀ ਜਾਗਤਿ ਜੋਤਿ ਦੇ ਸਾਖਿਆਤ ਦਰਸ਼ਨ ਹੁੰਦੇ ਹਨ। ਹਰ ਸਮੇਂ 'ਹਰ ਪ੍ਰਾਨ ਪ੍ਰਭੂ ਸੁਖਦਾਤੇ' ਨਾਲ ਜੁੜੇ ਰਹਿਣਾ, ਕਦੇ ਵਿਥ ਨਾ ਪੈਣ ਦੇਣੀ, ਇਹ ਅਨੰਦ ਦੀ ਸੱਚੀ ਸਰੋਤ ਹੈ। ਜਿਹੜਾ ਫੁੱਲ ਬ੍ਰਿਛ ਦੀ ਟਹਿਣੀ ਨਾਲ ਜੁੜਿਆ ਰਹਿੰਦਾ ਹੈ, ਭਾਵੇਂ ਲੱਖਾਂ ਝੱਖੜ ਅਤੇ ਹਨੇਰੀਆਂ ਕਿਉਂ ਨਾ ਆਉਣ, ਉਸ ਦਾ ਖੇੜਾ ਕਾਇਮ ਰਹਿੰਦਾ ਹੈ। ਪਰ ਜਿਹੜਾ ਫੁੱਲ ਟਹਿਣੀ ਨਾਲੋ ਆਪਣਾ ਨਾਤਾ ਤੋੜ ਲੈਂਦਾ ਹੈ ਉਹ ਕੇਵਲ ਮੁਰਝਾ ਹੀ ਨਹੀਂ ਜਾਂਦਾ ਸਗੋਂ ਸਦਾ ਲਈ ਆਪਣਾ ਖੇੜਾ ਖਤਮ ਕਰ ਲੈਂਦਾ ਹੈ। ਇਸ ਬਾਰੇ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜੋ ਪ੍ਰਸ਼ਨੋਤਰੀ 'ਸਲੋਕ ਵਾਰਾਂ ਤੇ ਵਧੀਕ' ਵਿਚ ਦਿਤੀ ਹੈ, ਉਸ ਤੋਂ ਜਗਿਆਸੂ ਨੂੰ ਅਨੰਦਮਈ ਜੀਵਨ ਮਾਰਗ ਦੀ ਇੱਕ ਸੁੰਦਰ ਸੇਧ ਮਿਲਦੀ ਹੈ:

**ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥**
**ਕੈ ਦੋਖੜੈ ਸੜਿਓਹਿ ਕਾਲੀ ਹੋਈਆ**
**ਦੇਹੁਰੀ ਨਾਨਕ ਮੈ ਤਨਿ ਭੰਗੁ ॥**
**ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥**
**ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥**

**(ਅੰਕ ੧੪੧੨)**

ਅਰਥ: ਹੇ ਸਰੋਵਰ ! ਤੂੰ (ਕਦੇ) ਚਾਰ ਚੁਫੇਰੇ ਹਰਾ ਹੀ ਹਰਾ ਦਿਸਦਾ ਸੈਂ, ਤੇਰੇ (ਵਿਚ) ਸੋਨੇ ਦੇ ਰੰਗ ਵਾਲੇ ਕੌਲ-ਫੁੱਲ ਖਿੜੇ ਹੋਏ ਲਹਿ ਲਹਾ ਰਹੇ ਸਨ (ਪਰ ਅੱਜ ਤੇਰੀ ਹਾਲਤ ਉਸ ਦੇ ਉਲਟ ਹੈ)। ਦੱਸ ! ਤੂੰ ਕਿਸ ਕਮੀ ਕਾਰਨ ਸੜ ਗਿਆ ਹੈਂ ? ਤੇਰਾ ਸੁੰਦਰ (ਚਮਕਦਾ) ਸਰੀਰ ਕਿਉਂ ਕਾਲਾ ਪੈ ਗਿਆ ਹੈ ? (ਸਰੋਵਰ ਨੇ ਉੱਤਰ ਦਿੱਤਾ) 'ਭਾਈ ਮੇਰੇ ਸਰੀਰ ਦੇ ਕਾਲੇਪਣ ਦਾ ਕਾਰਨ ਇਹ ਹੈ ਕਿ ਮੇਰੇ ਸਰੀਰ ਵਿਚ ਪਾਣੀ ਦੀ ਅਣਹੋਂਦ ਹੈ।' ਮੈਂ ਸਮਝ ਲਿਆ ਹੈ ਕਿ ਜਿਸ (ਪਾਣੀ) ਨਾਲ ਮੇਰਾ (ਹਰ ਵੇਲੇ) ਸੰਗ ਰਹਿੰਦਾ ਸੀ, ਜਿਸ (ਪਾਣੀ) ਨੂੰ ਵੇਖ ਕੇ ਮੇਰਾ ਸਰੀਰ ਪ੍ਰਫੁਲਤ ਰਹਿੰਦਾ ਸੀ, ਰੌਣਕ ਬਣੀ ਰਹਿੰਦੀ ਸੀ, ਚਾਰ ਗੁਣਾ ਰੰਗ ਚੜ੍ਹਿਆ ਰਹਿੰਦਾ ਸੀ ਉਹ ਪਾਣੀ ਹੁਣ ਮੈਨੂੰ ਨਹੀਂ ਮਿਲ ਰਿਹਾ। ਸੋ ਜਦੋਂ ਤਕ ਹਿਰਦੇ ਰੂਪੀ ਘਰ ਵਿਚ ਚਿੰਤਾਵਾਂ ਈਰਖਾ ਦਵੈਤ, ਮਰ-ਤਰ ਦਾ ਡੇਰਾ ਹੈ, ਕੰਵਲ ਮੁਧਾ ਪਿਆ ਹੈ ਝੋਰਾ ਅਤੇ ਰੋਗ-ਸੋਗ ਬਣਿਆ ਰਹਿੰਦਾ ਹੈ। ਪ੍ਰਭੂ ਦੀ ਪ੍ਰੇਮਾ ਰੂਪੀ ਭਗਤੀ ਦੇ ਪਾਣੀ ਤੋਂ ਬਿਨਾਂ 'ਅਨੰਦ' ਨਹੀਂ ਹੁੰਦਾ। ਸੱਚ ਜਾਣੋ, ਸਮੂਹ ਦੁੱਖਾਂ ਰੋਗਾਂ ਤੋਂ ਮੁਕਤ ਹੋਣ ਵਿਚ ਭੀ ਨਹੀਂ ਹੈ ਅਨੰਦ, ਇਹ ਤਾਂ ਕੇਵਲ ਹਰੀ ਨਾਲ ਜੁੜੇ ਰਹਿਣ ਵਿਚ ਹੈ। ਹਰੀ ਨਾਲ ਜੁੜਨ ਦੀ ਜੁਗਤੀ 'ਨਾਮ' ਹੈ। ਨਾਮ ਨੂੰ ਮਨ ਵਿਚ ਵਸਾਉਣ ਨਾਲ 'ਵਾਜੇ ਸਬਦ ਘਨੇਰੇ' ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ।

'ਅਨੰਦੁ' ਪ੍ਰਭੂ ਦੇ ਹੁਕਮ ਨੂੰ ਸਤਿ ਸਤਿ ਕਰਕੇ ਮੰਨਣਾ ਹੈ। 'ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ' ਇਹ ਅਨੰਦ ਦੀ ਅਵਸਥਾ ਹੈ। ਭੁੱਖ ਵਿਚ ਰਜਵਾਂ ਪ੍ਰਤੀਤ ਕਰਨਾ, ਸੁਖ ਦੁਖ ਨੂੰ ਸਮਾਨ ਹੀ ਨਹੀਂ ਜਾਣਨਾ ਸਗੋਂ 'ਦੁਖ ਵਿਚ ਸੁਖ ਮਨਾਉਣ' ਵਾਲਾ ਟਿਕਾਉ ਪ੍ਰਾਪਤ ਹੋਣਾ ਤੇ ਸਾਈਂ ਦੀ ਰਜ਼ਾ ਨੂੰ ਰੱਬੀ ਰਹਿਮਤ ਸਮਝਣਾ : 'ਜੇ ਤਖ਼ਤਿ ਬੈਸਾਲਹਿ ਤਉ ਦਾਸ ਤੁਮ੍ਾਰੇ ਘਾਸੁ ਬਢਾਵਹਿ ਕੇਤਕ ਬੋਲਾ। (ਅੰਕ ੧੨੭੧), ਫਿਰ ਪ੍ਰਭੂ ਦੇ ਦਰਸ਼ਨਾਂ ਲਈ ਦੀਵਾਨਾ ਹੋਣਾ, ਆਦਿ 'ਅਨੰਦੁ' ਦੇ ਨਿਰੇ ਝਲਕਾਰੇ ਨਹੀਂ, ਪ੍ਰਤੱਖ ਦਰਸ਼ਨ ਹਨ।

ਗੁਰਸਿੱਖਾਂ ਦਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਅੰਮ੍ਰਿਤ ਵੇਲੇ ਇਕ ਚਿੱਤ ਹੋ ਕੇ 'ਅਨੰਦੁ ਸਾਹਿਬ ਜੀ ਦੀ ਬਾਣੀ' ਦਾ ਪਾਠ ਕਰਨ ਨਾਲ ਸਾਰਾ ਦਿਨ ਖੁਸ਼ੀਆਂ ਭਰਿਆ ਬਤੀਤ ਹੁੰਦਾ ਹੈ। ਗੁਰਮਤਿ ਨਗਰੀ ਵਿਚ ਵੱਸਣ ਵਾਲੇ ਲਈ ਸਦਾ ਹੀ ਅਨੰਦ ਮਾਣਨ ਵਾਲੀ ਮੌਜ ਬਣੀ ਰਹਿੰਦੀ ਹੈ। ਕੋਈ ਮਨੁੱਖ ਇਸ ਅਨੰਦ ਦਾ ਅਨੁਮਾਨ ਨਹੀਂ ਲਾ ਸਕਦਾ ਕਿਉਂਕਿ ਸਤਿਗੁਰੂ ਦੀ ਪ੍ਰਾਪਤੀ 'ਅਨੰਦੁ' ਦਾ ਸਿਖਰ ਹੈ। ਸਤਿਗੁਰੂ ਆਪ ਅਮਿਤ ਹੈ, ਇਸ ਲਈ ਉਸ ਦਾ ਅਨੰਦੁ ਭੀ ਅਮਿਤ ਹੈ।

ਅਨੰਦੁ ਸਾਹਿਬ ਵਿਚ ਸਿੰਮ੍ਰਤੀਆਂ, ਸ਼ਾਸਤਰਾਂ ਵਾਂਗੂ ਪਾਪ-ਪੁੰਨ ਦੀਆਂ ਮਿਥਹਾਸਕ ਕਹਾਣੀਆਂ ਅਤੇ ਕਰਮਕਾਂਡਾਂ ਦੇ ਕਿੱਸੇ ਨਹੀਂ ਹਨ। ਇਹ 'ਸਗਲ ਮਨੋਰਥ ਪੂਰੇ' ਕਰਨ ਵਾਲੀ ਸੱਚੀ ਬਾਣੀ ਹੈ। ਇਸ ਬਾਣੀ ਨੂੰ ਕਹਿਣ ਅਤੇ ਸੁਣਨ ਵਾਲੇ ਸਾਰੇ ਹੀ ਪਾਵਨ, ਪਵਿੱਤਰ ਅਤੇ ਪੁਨੀਤ ਹੋ ਜਾਂਦੇ ਹਨ। ਇਸ ਬਾਣੀ ਦੇ ਆਦਿ ਵਿਚ 'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ' ਅਤੇ ਅੰਤ ਵਿਚ 'ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ' ਦਾ ਇਹ ਭਾਵ ਹੈ ਕਿ 'ਅਨੰਦੁ ਅਤੇ ਅਨਹਦ ਤੂਰੇ' ਇਸ ਬਾਣੀ ਦਾ ਕੇਂਦਰ-ਬਿੰਦੂ ਹਨ।

ਇਸ ਰਚਨਾ ਵਿਚ ਅਕਥ ਕਹਾਣੀ ਦਾ ਵਿਸ਼ੇ-ਵਸਤੂ ਵਾਸਤਵਿਕ ਅਤੇ ਅਨੰਦਮਈ ਹੈ। ਕਿਉਂਕਿ ਅਨੰਦ ਦਾ ਸੌਮਾਂ ਸਤਿਗੁਰੂ ਹੈ, ਇਸ ਲਈ ਅਨੰਦੁ ਇਕ ਪ੍ਰਕਾਰ ਦਾ ਸਤਿਗੁਰੂ ਦਾ ਸਤੋਤਰ ਭੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਸਾਰੀਆਂ ਰਚਨਾਵਾਂ ਵਿਚ

'ਅਨੰਦੁ' ਵੀ ਇਕ ਸ਼ਾਹਕਾਰ ਹੈ। ਇਸ ਰਚਨਾ ਵਿਚ ਸੱਚ ਨੂੰ ਸਮਾਲਣਾ, ਸੱਚ ਨਾਲ ਪ੍ਰੇਮ ਲਾਉਣਾ, ਸ਼ਬਦ ਨਾਲ ਮਨ ਦਾ ਮੇਲ ਕਰਕੇ ਸੁਰਤਿ ਨੂੰ ਸ਼ਬਦ ਵਿਚ ਲੀਨ ਕਰਨਾ, ਸ਼ਬਦ ਦੇ ਭਾਵ ਵਿਚ ਸਮਾਉਣਾ, ਇਤਆਦਿਕ ਤੱਤ ਉਪਦੇਸ਼ ਅੰਕਿਤ ਹਨ। ਇਹੋ ਸੱਚ ਦੀ ਪ੍ਰਾਪਤੀ ਦੇ ਤੱਤ ਸਾਧਨ ਹਨ।

'ਸਚੁ ਪਰਮੇਸਰੁ ਨਿਤ ਨਵਾ' (ਅੰਕ ੧੧੯੩) ਨੂੰ ਮਿਲਣ ਦੀ ਜੁਗਤੀ ਜੋ ਅਨੰਦੁ ਸਾਹਿਬ ਵਿਚ ਸਮਝਾਈ ਗਈ ਹੈ, ਉਹ ਬੜੀ ਸਰਲ ਅਤੇ ਸਪਸ਼ਟ ਹੈ ਕਿ ਮਨੁੱਖ ਆਪਣੇ ਨੇਤਰਾਂ, ਕੰਨਾਂ ਅਤੇ ਰਸਨਾ ਨੂੰ ਸਚ ਸਮ੍ਾਲਣ ਦਾ ਗੁਰ ਸੰਦੇਸ਼ ਸੁਣਾਏ। 'ਜਾਗਤ ਰੈਣਿ ਵਿਹਾਣੀ' ਵਾਲੀ ਅਵਸਥਾ ਨੂੰ ਅਪਣਾਏ। ਇਸ ਤੋਂ ਉਰੇ ਤੱਤ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੀਵ ਸੰਸਿਆਂ ਨਾਲ ਭਰਿਆ ਹੋਣ ਕਰਕੇ ਮਲੀਣ ਹੈ। ਜਦੋਂ ਤੱਕ ਇਹ ਸੰਸਿਆਂ ਤੋਂ ਰਹਿਤ ਨਹੀਂ ਹੁੰਦਾ, ਨਾ ਇਸ ਦੀ ਭਟਕਣਾ ਮੁੱਕ ਸਕਦੀ ਹੈ ਅਤੇ ਨਾ ਹੀ ਇਸ ਦੇ ਹਿਰਦੇ ਵਿਚ 'ਸਹਜ ਅਨੰਦ' ਪ੍ਰਵੇਸ਼ ਕਰ ਸਕਦਾ ਹੈ, ਹਾਂ ਜੇ ਗੁਰੂ ਦੀ ਕ੍ਰਿਪਾ ਹੋ ਜਾਵੇ, ਜਗਿਆਸੂ ਨੂੰ ਗੁਰੂ ਦੇ ਸਨਮੁਖ ਰਹਿਣ ਦੀ ਜਾਚ ਆ ਜਾਵੇ, ਮਾਇਆ ਤੋਂ ਨਿਰਲੇਪ ਹੋ ਕੇ ਗੁਰੂ ਬਾਬੇ ਦੀ ਸਿਫਤ-ਸਲਾਹ ਵਿਚ ਸਮਾਅ ਜਾਵੇ, ਤਾਂ ਇਕ ਦਿਨ 'ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ' ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਅਸਲ ਵਿਚ ਅਵਿਦਿਆ ਦੀ ਨੀਂਦ ਵਿਚੋਂ ਜਾਗ ਕੇ ਹੀ ਸੁਰਤਿ ਸਾਈਂ ਦੇ ਸਿਮਰਨ ਨਾਲ ਜੁੜਦੀ ਹੈ ਜਿਸਦੇ ਫਲ ਸਰੂਪ ਦਿਬ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਫਿਰ ਸਾਰਾ ਸੰਸਾਰ ਹੀ ਹਰੀ ਦਾ ਰੂਪ ਪ੍ਰਤੀਤ ਹੋਣ ਲੱਗ ਪੈਂਦਾ ਹੈ। ਇਸ ਤੋਂ ਪਹਿਲਾਂ 'ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ' ਵਾਲੀ ਅਵਸਥਾ ਬਣੀ ਰਹਿੰਦੀ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਨੇ 'ਅਨੰਦੁ' ਬਾਰੇ ਇਹ ਨਿਚੋੜ ਕੱਢਿਆ ਹੈ :

**ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥**

**(ਅੰਕ ੩੭੦)**

ਇਹ ਬਾਣੀ ਅਧਿਆਤਮਿਕ ਪਿੜ ਵਿਚ ਇੱਕ ਮਹਾਨ ਚਾਨਣ ਹੈ ਜਿਸ ਦੀ ਸੋਧ ਵਿਚ ਅਨਗਿਣਤ ਸਿਖਿਆਰਥੀ ਗੁਰਮਤਿ ਅਨੁਸਾਰ ਸੱਚਾ ਅਨੰਦ ਪ੍ਰਾਪਤ ਕਰ ਚੁੱਕੇ ਹਨ। ਗੁਰੂ ਅਮਰ ਦਾਸ ਜੀ ਨੇ ਅਨੰਦੁ ਸਾਹਿਬ ਵਿਚ ਗੁਰਬਾਣੀ ਨੂੰ ਸਿਰਮੌਰ ਮੰਨਿਆ ਹੈ ਅਤੇ ਇਸ ਨੂੰ ਗਾਉਣ ਉਤੇ ਵਿਸ਼ੇਸ਼ ਬਲ ਦਿੱਤਾ ਹੈ। ਜੇ ਇਹ ਆਖਿਆ ਜਾਵੇ ਕਿ ਗੁਰਬਾਣੀ ਰਾਹੀਂ ਹੀ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਗੁਰੂ-ਜੋਤਿ, ਗੁਰੂ ਦੀ ਬਾਣੀ ਵਿਚ ਓਤਿ ਪੋਤਿ ਹੈ।

ਇਸ ਬਾਣੀ ਵਿਚ ਮਨ ਮੈਲ ਹੋਣ ਦੇ ਕਾਰਨ ਸਹਸਾ ਅਤੇ ਦੁਬਿਧਾ ਦੱਸੇ ਹਨ। ਮਨ ਨੂੰ ਪਵਿੱਤਰ ਕਰਨ ਦੀ ਜੁਗਤੀ ਇਹ ਦੱਸੀ ਹੈ ਕਿ ਗੁਰੂ ਦੇ ਸ਼ਬਦ ਦੁਆਰਾ ਮਨ ਸਾਫ਼ ਕਰਕੇ ਹਰੀ ਵਿਚ ਆਪਣਾ ਚਿੱਤ ਲਾਉ।

**ਮੰਨੁ ਧੋਵਹੁ ਸਬਦਿ ਲਾਗਹੁ**
**ਹਰਿ ਸਿਉ ਰਹਹੁ ਚਿਤੁ ਲਾਇ ॥**

**(ਅੰਕ ੯੧੯)**

ਸ਼ਬਦ ਦੀ ਘਾਲ ਕਮਾਈ ਤੋਂ ਬਿਨਾਂ ਸਾਦਾਚਾਰਕ ਗੁਣਾਂ ਵਾਲੀ ਗੁੜਤੀ ਪ੍ਰਾਪਤ ਹੀ ਨਹੀਂ ਹੋ ਸਕਦੀ। ਸਦਾਚਾਰਕ ਗੁਣਾਂ ਨਾਲ ਮਨੁੱਖ ਦਾ ਦ੍ਰਿਸ਼ਟੀ ਕੋਣ ਵਿਸ਼ਾਲ ਹੁੰਦਾ ਹੈ। ਈਸ਼ਵਰੀ ਸ਼ਕਤੀ ਨਾਲ ਈਰਖਾ, ਵੈਰ, ਭਾਵਨਾ ਅਤੇ ਇੱਕ ਦੂਜੇ ਨਾਲ ਵਿਤਕਰਾ ਕਰਨ ਵਾਲੀਆਂ ਪ੍ਰਵਿਰਤੀਆਂ ਦਾ ਅਭਾਵ ਹੋ ਜਾਂਦਾ ਹੈ। ਸਤਿਗੁਰਾਂ ਨੇ ਸੱਚੇ ਮੰਦਰ ਵਿਚ ਸੰਤਾਂ ਤੇ ਸਿੱਖਾਂ ਨੂੰ ਇਕੱਤਰ ਹੋ ਕੇ ਅਕਥ ਪ੍ਰਭੂ ਦੀ ਕਹਾਣੀ ਕਰਨ ਲਈ ਸੱਦਾ ਦਿਤਾ ਹੈ। ਅਨੰਦ ਵਾਲੀ ਅਵਸਥਾ ਵਿਚ ਕਿਸੇ ਦੀ ਅਧੀਨਤਾ ਨਹੀਂ ਹੁੰਦੀ, ਨਾ ਕੋਈ ਅਨਿਆਂ ਵਾਲੀ ਗੱਲ ਹੁੰਦੀ ਹੈ। ਉਥੇ ਸਦਾ ਹੀ ਵਿਗਾਸ ਹੁੰਦਾ ਹੈ। ਸੋ ਥੋੜੇ ਸ਼ਬਦਾਂ ਵਿਚ ਇਹ ਕਹਿਣਾ ਹੀ ਯੋਗ ਹੈ ਕਿ ਭਾਵੇਂ ਅਨੰਦੁ ਬਾਣੀ ਵਿਚ ਛੋਟੇ ਛੋਟੇ ਕਈ ਵਿਸ਼ੇ ਹਨ ਪਰ ਮੁੱਖ ਵਿਸ਼ਾ ਆਤਮ ਵਿਗਾਸ ਅਥਵਾ ਅਨੰਦ ਦਾ ਹੈ, ਜਿਸ ਦੇ ਚਾਨਣ ਨਾਲ ਸਭ ਵਿਚ ਚਾਨਣ ਹੋ ਰਿਹਾ ਹੈ।

ਅਨੰਦੁ ਸਾਹਿਬ ਦੀ ਬਾਣੀ ਦੀਆਂ 40 ਪਉੜੀਆਂ ਦੀ ਵਾਕ ਵਿਲੱਖਣਤਾ ਰਸ ਭਰਪੂਰ ਹੈ ਪਰ ਪਹਿਲੀ, ਸੱਤਵੀਂ ਤੇ ਚਾਲੀਸਵੀਂ ਪਉੜੀ ਵਿਚ 'ਅਨੰਦੁ' ਸ਼ਬਦ ਦੀ ਵਰਤੋਂ ਨੇ ਇਸ ਰਚਨਾ ਦੇ ਵਿਸ਼ੈ ਵਸਤੂ ਨੂੰ ਵਿਸਥਾਰ ਸਹਿਤ ਨਿਰੂਪਣ ਕਰ ਦਿੱਤਾ ਹੈ। ਇਸ ਰਚਨਾ 'ਚ ਦਿੱਤੇ ਹੋਏ ਤੱਥ ਕਿਸੇ ਮਾਨਵੀ ਕਲਪਣਾ 'ਤੇ ਅਧਾਰਤ ਨਹੀਂ ਹਨ। 'ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ' ਵਿਚੋਂ ਨਿਕਲੇ ਹੋਏ ਆਤਮਿਕ ਰਮਜ਼ਾਂ ਦੇ ਗੁੱਝੇ ਭੇਦਾਂ ਨੂੰ ਖੋਲਣ ਵਾਲੇ ਅਨਭਵੀ ਅਤੇ ਅਮੋਲ ਬਚਨ ਕਰਤਾ ਪੁਰਖ ਨੇ ਆਪੇ ਕਢਵਾਏ ਹਨ। ਇੰਦਰਿਆਂ ਦਾ ਅਨੰਦ 'ਵਿਸ਼ੈ-ਅਨੰਦ' ਹੈ ਜਿਸ ਵਿਚ ਦੁੰਦ ਤੇ ਧੁੰਧ ਹੈ ਪਰ ਸੁਖ-ਸਾਗਰ ਸਤਿਗੁਰੂ ਜੀ ਦੇ ਸ਼ਬਦ ਅਨੰਦੁ ਦਾ ਬਾਲ ਜੁਆਨੀ ਅਤੇ ਬੁਢੇਪੇ ਨਾਲ ਕੋਈ ਸਬੰਧ ਨਹੀਂ ਹੈ। ਇਹ ਅਨੰਦੁ ਵਾਲੀ ਅਵਸਥਾ ਹੈ ਜਿਸ ਬਾਰੇ ਗੁਰੂ ਅਮਰ ਦਾਸ ਜੀ ਦੇ ਆਪਣੇ ਬਚਨ ਹਨ :

**ਓਇ ਸਦਾ ਅਨੰਦਿ ਬਿਬੇਕ ਰਹਹਿ**
**ਦੁਖਿ ਸੁਖਿ ਏਕ ਸਮਾਨਿ ॥**
**ਤਿਨਾ ਨਦਰੀ ਇਕੋ ਆਇਆ**
**ਸਭੁ ਆਤਮ ਰਾਮੁ ਪਛਾਨੁ ॥**

**(ਅੰਕ ੧੪੧੮)**

- ਗਿਆਨੀ ਹਰਿਬੰਸ ਸਿੰਘ
ਚੰਡੀਗੜ੍ਹ / ਪਟਿਆਲਾ

# ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

## ਪ੍ਰਭੂ ਭਗਤੀ, ਮਨੁੱਖੀ ਭਾਈਚਾਰਕ ਏਕਤਾ ਅਤੇ ਨਿਡੱਰਤਾ ਦਾ ਹੋਕਾ

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਇਹ ਇਕ ਵਿਲੱਖਣਤਾ ਹੈ ਕਿ ਇਹ ਇਕ ਪ੍ਰਭੂ-ਪ੍ਰੇਮ ਦੇ ਗੁਣ-ਗਾਨ ਕਰਦੇ ਹੋਏ, ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ ਅਤੇ ਸਮਾਜਿਕ ਕਲਿਆਣ ਦੀ ਗੱਲ ਕਰਦੀ ਹੈ। ਇਸ ਵਿਚਾਰਧਾਰਾ ਵਿਚ ਜਾਤ-ਪਾਤ, ਊਚ-ਨੀਚ, ਵਹਿਮ-ਭਰਮ ਅਤੇ ਹੋਰ ਕਿਸੀ ਪ੍ਰਕਾਰ ਦੇ ਵਿਤਕਰੇ ਲਈ ਕੋਈ ਸਥਾਨ ਨਹੀਂ ਹੈ। ਇਹ ਵਿਚਾਰਧਾਰਾ ਮਨੁੱਖ ਨੂੰ ਇਕ ਸੱਚਾ ਸੁੱਚਾ, ਵਧੀਆ ਅਤੇ ਨਿਡਰ ਇਨਸਾਨ ਬਣਨ ਲਈ ਪ੍ਰੇਰਨਾ ਦਿੰਦੀ ਹੈ। ਗੁਰੂ ਸਾਹਿਬ ਦੀਆਂ ਸਿਖਿਆਵਾਂ ਦੀ ਮਹੱਤਤਾ 'ਤੇ ਰੋਸ਼ਨੀ ਪਾਉਂਦੇ ਹੋਏ ਪ੍ਰਸਿੱਧ ਉਰਦੂ ਸ਼ਾਇਰ ਸਰ ਮੁਹੰਮਦ ਇਕਬਾਲ ਲਿਖਦਾ ਹੈ:-

ਫਿਰ ਉਠੀ ਆਖਰ ਸਦਾਅ ਤੋਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਪੰਜਾਬ ਸੇ

ਭਾਵ : ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਤੋਂ ਇਕ ਪ੍ਰਭੂ ਅਤੇ ਮਨੁੱਖੀ ਭਾਈਚਾਰਕ ਏਕਤਾ ਦਾ ਨਾਹਰਾ ਬੁਲੰਦ ਕੀਤਾ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਸੁਫਨਿਆਂ ਦੀ ਦੁਨੀਆਂ ਵਿਚੋਂ ਬਾਹਰ ਕੱਢਕੇ, ਉਨ੍ਹਾਂ ਨੂੰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਜੂਝਣ ਦੀ ਜਾਚ ਸਿਖਾਈ।

ਗੁਰੂ ਨਾਨਕ ਦੇਵ ਜੀ ਨੂੰ ਸੰਸਕ੍ਰਿਤ, ਫਾਰਸੀ, ਅਰਬੀ ਅਤੇ ਪੰਜਾਬ ਦੀਆਂ ਸਾਰੀਆਂ ਉਪ ਬੋਲੀਆਂ ਦਾ ਪੂਰਾ ਗਿਆਨ ਪ੍ਰਾਪਤ ਸੀ। ਗੁਰੂ ਸਾਹਿਬ ਨੇ ਆਪਣੀ ਬਾਣੀ ਨੂੰ ਮੁੱਖ ਰੂਪ ਵਿਚ ਪੰਜਾਬੀ ਵਿਚ ਉਚਾਰਨ ਕੀਤਾ ਹੈ। ਪਰ ਉਨ੍ਹਾਂ ਨੇ ਬਾਕੀ ਦੀਆਂ ਬੋਲੀਆਂ ਦੀ ਵੀ ਲੋੜ ਅਨੁਸਾਰ ਖੁਲ੍ਹ ਕੇ ਵਰਤੋਂ ਕੀਤੀ ਹੈ। ਉਹ ਪਹਿਲੇ ਪੈਗੰਬਰ ਸਨ, ਜਿਨ੍ਹਾਂ ਨੂੰ ਸੰਗੀਤ ਦਾ ਬਹੁਤ ਵਧੀਆ ਗਿਆਨ ਪ੍ਰਾਪਤ ਸੀ। ਉਹ ਆਪਣੀ ਬਾਣੀ ਦਾ ਗਾਇਨ ਰਾਗਾਂ ਦੇ ਆਧਾਰ 'ਤੇ ਕਰਦੇ ਹੁੰਦੇ ਸਨ, ਜਿਸ ਦਾ ਸੁਣਨ ਵਾਲੇ ਵਿਅਕਤੀ 'ਤੇ ਜਾਦੂਮਈ ਪ੍ਰਭਾਵ ਪੈਂਦਾ ਸੀ। ਇਸ ਤਰ੍ਹਾਂ ਗੁਰੂ ਜੀ ਨੂੰ ਸੁਣਨ ਵਾਲੇ ਸਾਰੇ ਵਿਅਕਤੀ ਸਹਿਜੇ ਹੀ ਉਨ੍ਹਾਂ ਦੀ ਬਾਣੀ ਦੇ ਅਸਰ ਨੂੰ ਕਬੂਲਦੇ ਹੋਏ, ਉਨ੍ਹਾਂ ਦੇ ਸ਼ਰਧਾਲੂ ਬਣ ਜਾਂਦੇ ਸਨ। ਅਲਾਹੀ ਗਿਆਨ ਦੀਆਂ ਗੱਲਾਂ ਨੂੰ ਕਾਵਿ ਰੂਪ ਵਿਚ ਸੰਗੀਤ ਦੀਆਂ ਤਰੰਗਾਂ ਨਾਲ ਸੁਣ ਕੇ ਪੱਥਰ ਤੋਂ ਪੱਥਰ ਦਿਲ ਵੀ ਪਿੰਘਲ ਜਾਂਦੇ ਸਨ। ਗੁਰੂ ਸਾਹਿਬ ਜਿਥੇ ਵੀ ਜਾਂਦੇ ਸਨ, ਉਹ ਬਾਣੀ ਦਾ ਗਾਇਨ ਕਰਦੇ ਹੋਏ ਜਾਂਦੇ ਸਨ ਅਤੇ ਉਨ੍ਹਾਂ ਦਾ ਸਾਥੀ ਭਾਈ ਮਰਦਾਨਾ ਰਬਾਬ ਵਜਾਉਂਦਾ ਹੋਇਆ ਉਨ੍ਹਾਂ ਦੇ ਨਾਲ ਨਾਲ ਤੁਰਦਾ ਜਾਂਦਾ ਸੀ। ਗੁਰੂ ਸਾਹਿਬ ਦੇ ਪ੍ਰਚਾਰ ਕਰਨ ਦਾ ਇਹ ਢੰਗ ਤਰੀਕਾ ਇਤਨਾ ਪ੍ਰਬਲ ਸਾਬਿਤ ਹੋਇਆ ਕਿ ਇਸ ਦੇ ਜਾਦੂਮਈ ਅਸਰ ਕਾਰਨ ਠੱਗ ਵੀ ਆਪਣੇ ਮੰਦੇ ਕੰਮ ਛੱਡ ਕੇ ਸੱਚੇ ਸੁੱਚੇ ਸਹੀ ਅਰਥਾਂ ਵਿਚ ਸੱਜਣ ਬਣ ਜਾਂਦੇ ਸਨ। ਅਜਿਹੇ ਸੱਜਣ ਆਪਣੇ ਮਹਿਲਾਂ ਨੂੰ ਧਰਮਸ਼ਾਲਾ ਵਿਚ ਤਬਦੀਲ ਕਰਕੇ ਉਥੇ ਗੁਰਬਾਣੀ ਦਾ ਕੀਰਤਨ ਪ੍ਰਵਾਹ ਚਲਾ ਦਿੰਦੇ ਸਨ ਅਤੇ ਆਉਣ ਜਾਣ ਵਾਲੇ ਮੁਸਾਫਰਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੀ ਕਰ ਦਿੰਦੇ ਸਨ। ਗੁਰੂ ਸਾਹਿਬ ਦੇ ਪ੍ਰਭਾਵ ਹੇਠ ਆ ਕੇ ਕੌਡੇ ਰਾਕਸ਼ ਵਰਗੇ ਆਪਣੇ ਮਨੁੱਖਹੀਣ ਕੰਮਾਂ ਨੂੰ ਛੱਡ ਕੇ ਬਾਕੀ ਦੀ ਸਾਰੀ ਜ਼ਿੰਦਗੀ ਮਨੁੱਖਤਾ ਦੇ ਭਲੇ ਲਈ ਕੰਮ ਕਰਦੇ ਰਹੇ ਸਨ। ਵਲੀ-ਕੰਧਾਰੀ ਦਾ ਜਦੋਂ ਹੰਕਾਰ ਟੁੱਟ ਗਿਆ ਤਾਂ ਉਹ ਵੀ ਨਿਮਰਤਾ ਦਾ ਲੜ ਫੜ ਕੇ ਗੁਰੂ ਸਾਹਿਬ ਵਲੋਂ ਦਰਸਾਏ ਰਸਤੇ 'ਤੇ ਤੁਰ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਲੱਗ ਪਿਆ। ਇਸ ਤਰ੍ਹਾਂ ਗੁਰੂ ਸਾਹਿਬ ਤੋਂ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਕੇ ਉਨ੍ਹਾਂ ਦੇ ਸ਼ਰਧਾਲੂ-ਸਿੱਖ ਸਹਿਜ ਅਵਸਥਾ ਦਾ ਜੀਵਨ ਬਤੀਤ ਕਰਨ ਲੱਗ ਪੈਂਦੇ ਸਨ। ਉਹ ਦੁੱਖ-ਸੁੱਖ, ਆਸ਼ਾ-ਨਿਰਾਸ਼ਾ ਤੋਂ ਉਪਰ ਉਠ ਕੇ ਸਵਰਗੀ ਨਜ਼ਾਰੇ ਮਾਣਨ ਲੱਗ ਪੈਂਦੇ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਕ ਪ੍ਰਭੂ-ਸਿਮਰਨ, ਮਨੁੱਖੀ ਭਾਈਚਾਰਕ ਏਕਤਾ ਅਤੇ ਨਿਡਰਤਾ ਦਾ ਸੁਨੇਹਾ ਹਰ ਪਿੰਡ, ਸ਼ਹਿਰ ਦੇ ਘਰ ਘਰ ਵਿਚ ਪਹੁੰਚਾ ਦਿੱਤਾ ਸੀ। ਅਜਿਹੇ ਮਨੁੱਖੀ ਭਾਈਚਾਰੇ ਵਿਚ ਊਚ-ਨੀਚ, ਜਾਤ-ਪਾਤ ਅਤੇ ਹਰ ਪ੍ਰਕਾਰ ਦੇ ਵਿਤਕਰਿਆਂ ਦਾ ਪ੍ਰਭਾਵ ਬਿਲਕੁਲ ਖਤਮ ਹੋ ਗਿਆ ਸੀ। ਅਜਿਹੇ ਭਾਈਚਾਰੇ ਵਿਚ ਆਪਸੀ ਪ੍ਰੇਮ ਅਤੇ ਮੇਲ ਜੋਲ ਦਾ ਵਰਤਾਰਾ ਸਪਸ਼ਟ ਨਜ਼ਰ ਆਉਂਦਾ ਸੀ। ਅਜਿਹੇ ਮਨੁੱਖੀ ਭਾਈਚਾਰਕ ਏਕਤਾ ਬਾਰੇ ਹਿੰਦੀ ਦਾ ਇਕ ਕਵੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ : ਏਕ ਨੇ ਕਹੀ ਦੂਸਰੇ ਨੇ ਮਾਨੀ.....

ਗੁਰੂ ਨਾਨਕ ਦੇਵ ਜੀ ਦੇ ਗੱਲਬਾਤ ਕਰਨ ਦਾ ਢੰਗ ਬਹੁਤ ਹੀ ਵਧੀਆ ਅਤੇ ਨਿਰਾਲਾ ਸੀ। ਉਹ ਹਰੇਕ ਵਿਅਕਤੀ ਨਾਲ ਬੜੀ ਨਿਮਰਤਾ, ਪਿਆਰ ਅਤੇ ਮਿਠਾਸ ਭਰੇ ਸ਼ਬਦਾਂ ਨਾਲ ਗੱਲ ਕਰਦੇ ਹੁੰਦੇ ਸਨ। ਉਨ੍ਹਾਂ ਦੀ ਬਾਣੀ ਵਿਚ ਦਰਜ ਹੈ :-

**ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤ ॥**

ਗੁਰੂ ਸਾਹਿਬ ਆਪਣੇ ਕੱਟੜ ਵਿਰੋਧੀਆਂ ਲਈ ਵੀ ਕਦੇ ਕੌੜੇ ਸ਼ਬਦਾਂ ਦੀ ਵਰਤੋਂ ਨਹੀਂ ਕਰਦੇ ਸਨ। ਇਸ ਤਰ੍ਹਾਂ ਉਹ ਇਕ ਉਚ ਕੋਟੀ ਦੇ ਮਨੋ-ਵਿਗਿਆਨੀ ਦੇ ਤੌਰ ਤੇ, ਭੁੱਲੇ-ਭਟਕੇ ਲੋਕਾਂ ਨੂੰ ਬੜੀ ਅਸਾਨੀ ਨਾਲ ਜ਼ਿੰਦਗੀ ਦੇ ਸਹੀ ਰਸਤੇ 'ਤੇ ਲੈ ਆਉਂਦੇ ਸਨ। ਉਨ੍ਹਾਂ ਦਾ ਕਥਨ ਹੈ :

**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਇਹੋ ਬੁਝੀਐ ॥**

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਪ੍ਰਚਾਰ-ਯਾਤਰਾਵਾਂ ਸ਼ੁਰੂ ਕਰਨ ਤੋਂ ਪਹਿਲਾ ਇਕ ਨਾਹਰਾ ਬੁਲੰਦ ਕੀਤਾ ਸੀ- "ਨਾ ਕੋਈ ਹਿੰਦੂ ਨ ਕੋਈ ਮੁਸਲਮਾਨ"। ਅਰਥਾਤ ਸਾਰੀ ਮਨੁੱਖ ਜਾਤੀ ਹੀ ਇਕ ਅਕਾਲ ਪੁਰਖ ਦੀ ਸੰਤਾਨ ਹੈ ਅਤੇ ਧਰਮ ਦੇ ਨਾਂ 'ਤੇ ਲੜਾਈ ਝਗੜੇ ਕਰਨੇ ਗਲਤ ਹਨ। ਉਸ ਸਮੇਂ ਗੁਰੂ ਸਾਹਿਬ ਨੇ ਆਪਣਾ ਸਭ ਕੁੱਝ ਗਰੀਬਾਂ ਅਤੇ ਲੋੜਵੰਦ ਲੋਕਾਂ ਨੂੰ ਵੰਡ ਦਿੱਤਾ ਸੀ। ਗੁਰੂ ਸਾਹਿਬ ਨੇ ਹਰ ਪ੍ਰਕਾਰ ਦੇ ਧਾਰਮਿਕ ਵਿਤਕਿਰਿਆ ਤੋਂ ਉਪਰ ਉਠਕੇ ਸਮੁੱਚੀ ਮਨੁੱਖ ਜਾਤੀ ਦੇ ਕਲਿਆਣ ਲਈ ਅਤੇ ਮਨੁੱਖ ਜਾਤੀ ਨੂੰ ਪ੍ਰੇਮ ਪਿਆਰ ਦੀ ਇਕ ਲੜੀ ਵਿਚ ਪ੍ਰੋਣ ਲਈ ਪ੍ਰਚਾਰ-ਯਾਤਰਾਵਾਂ ਅਧੀਨ ਪੰਜਾਹ ਹਜ਼ਾਰ ਕਿਲੋਮੀਟਰ ਤੋਂ ਵੀ ਵੱਧ ਦਾ ਪੈਦਲ ਸਫਰ ਕੀਤਾ ਸੀ। ਉਨ੍ਹਾਂ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਉਨ੍ਹਾਂ ਦੁਆਰਾ ਪ੍ਰਚਾਰਤ ਸਿਖਿਆਵਾਂ ਦੀ ਪੁਸ਼ਟੀ ਕਰਦੀਆਂ ਹਨ।

ਭਾਈ ਮਰਦਾਨਾ ਜੀ ਇਕ ਮੁਸਲਮਾਨ ਮਰਾਸੀ ਸੀ। ਉਸ ਸਮੇਂ ਮਰਾਸੀ ਨੂੰ ਨੀਚ ਜਾਤ ਦਾ ਸਮਝਿਆ ਜਾਂਦਾ ਸੀ। ਇਸ ਲਈ ਉਚ ਜਾਤੀ ਦੇ ਲੋਕ ਨੀਚ ਜਾਤ ਵਾਲੇ ਲੋਕਾਂ ਨਾਲ ਸਮਾਜਿਕ ਪੱਧਰ 'ਤੇ ਲੈਣ ਦੇਣ ਨਹੀਂ ਕਰਦੇ ਸਨ। ਪਰ ਗੁਰੂ ਸਾਹਿਬ ਨੇ ਭਾਈ ਮਰਦਾਨਾ ਨੂੰ ਆਪਣੇ ਜੀਵਨ ਦਾ ਸੱਚਾ ਸਾਥੀ ਮੰਨ ਲਿਆ ਸੀ। ਗੁਰੂ ਸਾਹਿਬ ਨੂੰ ਵਿਆਹ ਸਮੇਂ ਜੋ ਪੁਸ਼ਾਕ ਮਿਲੀ ਸੀ, ਉਹ ਪੁਸ਼ਾਕ ਉਨ੍ਹਾਂ ਨੇ ਭਾਈ ਮਰਦਾਨਾ ਨੂੰ ਦੇ ਦਿੱਤੀ ਸੀ। ਗੁਰੂ ਸਾਹਿਬ ਭਾਈ ਮਰਦਾਨਾ ਨਾਲ ਭਰਾਵਾਂ ਵਰਗਾ ਸਲੂਕ ਕਰਦੇ ਸਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਭਾਈ ਮਰਦਾਨਾ ਨੂੰ ਹਮੇਸ਼ਾ ਆਪਣੇ ਨਾਲ ਰਖਿਆ ਸੀ।

ਗੁਰੂ ਸਾਹਿਬ ਦਾ ਇਕ ਹੋਰ ਸ਼ਰਧਾਲੂ ਸਿੱਖ ਭਾਈ ਲਾਲੋ ਸੀ। ਭਾਈ ਲਾਲੋ ਜਾਤ ਦਾ ਤਰਖਾਣ ਸੀ। ਭਾਰਤੀ ਸਮਾਜ ਵਿਚ ਤਰਖਾਣ ਨੂੰ ਵੀ ਨੀਚ ਜਾਤ ਦਾ ਮੰਨਿਆ ਜਾਂਦਾ ਸੀ। ਭਾਈ ਲਾਲੋ ਦਿਲ ਦਾ ਸੱਚਾ ਸੁੱਚਾ ਵਿਅਕਤੀ ਸੀ ਅਤੇ ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਕਰਕੇ ਗੁਜ਼ਾਰਾ ਕਰਦਾ ਸੀ। ਗੁਰੂ ਸਾਹਿਬ ਉਸ ਦਾ ਬਹੁਤ ਸਤਿਕਾਰ ਕਰਦੇ ਸਨ। ਗੁਰੂ ਸਾਹਿਬ ਜਦੋਂ ਵੀ ਸੈਦਪੁਰ (ਹੁਣ ਐਮਨਾਬਾਦ) ਜਾਂਦੇ ਸਨ ਤਾਂ ਭਾਈ ਲਾਲੋ ਕੋਲ ਹੀ ਰਿਹਾਇਸ਼ ਕਰਦੇ ਸਨ ਅਤੇ ਉਸ ਦੇ ਘਰ ਦੀ ਰੁੱਖੀ ਮਿਸੀ ਰੋਟੀ ਖਾ ਕੇ ਬਹੁਤ ਖੁਸ਼ ਹੁੰਦੇ ਸਨ। ਗੁਰੂ ਸਾਹਿਬ ਨੇ ਬਾਬਰ ਦੇ ਜੁਲਮ ਦੀ ਦਾਸਤਾਨ ਸਬੰਧੀ ਜੋ ਸ਼ਬਦ ਉਚਾਰੇ ਸਨ, ਉਨ੍ਹਾਂ ਵਿਚੋਂ ਇਕ ਸ਼ਬਦ ਭਾਈ ਲਾਲੋ ਨੂੰ ਸੰਬੋਧਨ ਕੀਤਾ ਗਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ ॥**

ਇਸ ਤਰ੍ਹਾਂ ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਵੀ ਅਮਰ ਪਦਵੀ ਪ੍ਰਦਾਨ ਕਰ ਦਿੱਤੀ ਸੀ।

ਗੁਰੂ ਸਾਹਿਬ ਦੀਆਂ ਯਾਤਰਾਵਾਂ ਵਿਚ ਸਮੁੱਚਾ ਭਾਰਤ, ਸ੍ਰੀ ਲੰਕਾਂ, ਬੰਗਲਾ ਦੇਸ਼, ਤਿੱਬਤ, ਪਾਕਿਸਤਾਨ, ਅਫਗਾਨਿਸਤਾਨ, ਈਰਾਨ, ਈਰਾਕ, ਤੁਰਕੀ ਯੂਰੋਸਲਮ, ਮਿਸਰ, ਸੂਡਾਨ ਅਤੇ ਹੋਰ ਸਾਰੇ ਅਰਬ ਦੇਸ਼ ਸ਼ਾਮਲ ਸਨ। ਉਨ੍ਹਾਂ ਨੇ ਇਹਨਾਂ ਦੇਸ਼ਾਂ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਅਤੇ ਹੋਰ ਧਾਰਮਿਕ ਅਸਥਾਨਾਂ ਦਾ ਦੌਰਾ ਕੀਤਾ ਸੀ। ਮੁਸਲਮਾਨਾ ਦੇ ਕਈ ਇਕ ਧਾਰਮਿਕ ਕਟੜ ਵਰਗ ਸੰਗੀਤ ਤੋਂ ਨਫਰਤ ਕਰਦੇ ਸਨ। ਪਰ ਗੁਰੂ ਸਾਹਿਬ ਇਨ੍ਹਾਂ ਸਾਰੇ ਦੇਸ਼ਾਂ ਵਿਚ ਸੰਗੀਤ ਦੀਆਂ ਤਰੰਗਾਂ 'ਤੇ ਇਲਾਹੀ ਬਾਣੀ ਦਾ ਪ੍ਰਚਾਰ ਕਰਦੇ ਰਹੇ ਅਤੇ ਮੁਸਲਿਮ ਭਾਈਚਾਰੇ ਨੂੰ ਵੀ ਪ੍ਰਭਾਵਿਤ ਕਰਦੇ ਰਹੇ। ਉਸ ਸਮੇਂ ਮੁਸਲਿਮ ਜਗਤ ਦੇ ਧਾਰਮਿਕ ਖੇਤਰ ਵਿਚ ਬਗਦਾਦ ਸ਼ਹਿਰ ਦਾ ਬਹੁਤ ਮਹੱਤਵਪੂਰਨ ਸਥਾਨ ਬਣ ਗਿਆ ਸੀ। ਬਗਦਾਦ ਸ਼ਹਿਰ ਦਾ ਸਭ ਤੋਂ ਵੱਡਾ ਪੀਰ ਬਹਿਲੋਲ ਦਾਨਾ ਸੀ। ਉਹ ਪੀਰ ਗੁਰੂ ਸਾਹਿਬ ਦੀਆਂ ਸਿੱਖਿਆਵਾ ਤੋਂ ਬਹੁਤ ਪ੍ਰਭਾਵਤ ਹੋ ਗਿਆ ਸੀ ਅਤੇ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ ਸੀ। ਬਗਦਾਦ ਦੇ ਪੀਰ ਨੇ ਗੁਰੂ ਸਾਹਿਬ ਨੂੰ ਕਈ ਮਹੀਨੇ ਤੱਕ ਆਪਣੇ ਕੋਲ ਰਖਿਆ ਸੀ। ਜਦੋਂ ਗੁਰੂ ਸਾਹਿਬ ਵਾਪਸ ਭਾਰਤ ਆ ਗਏ ਸਨ ਤਾਂ ਪੀਰ ਹਰ ਰੋਜ਼ ਸਵੇਰੇ ਨਮਾਜ ਪੜ੍ਹਨ ਤੋਂ ਪਹਿਲਾਂ ਪੂਰਬ (ਹਿੰਦੁਸਤਾਨ) ਵੱਲ ਮੂੰਹ ਕਰਕੇ ਸਿਜਦਾ ਜ਼ਰੂਰ ਕਰਦਾ ਸੀ। ਪੀਰ ਨੇ ਬਗਦਾਦ ਵਿਚ ਆਪਣੀ ਰਿਹਾਇਸ਼ ਵਾਲੇ ਉਸ ਅਸਥਾਨ 'ਤੇ ਜਿਥੇ ਗੁਰੂ ਸਾਹਿਬ ਠਹਿਰੇ ਸਨ, ਇਕ ਪੱਥਰ ਲਗਵਾਇਆ ਸੀ। ਜਿਸ ਵਿਚ ਲਿਖੀ ਇਬਾਰਤ ਦਾ ਤਰਜਮਾ ਹੇਠ ਲਿਖੇ ਅਨੁਸਾਰ ਹੈ :-

"ਬਾਬਾ ਨਾਨਕ ਸੰਸਾਰ ਵਿਚੋਂ ਜ਼ੁਲਮ ਦਾ ਖਾਤਮਾ ਕਰਨਾ ਚਾਹੁੰਦੇ ਹਨ। ਉਹ ਸਚਾਈ ਦੇ ਝੰਡਾ ਬਰਦਾਰ ਹਨ ਅਤੇ ਝੂਠ ਦੀ ਦੀਵਾਰ ਤੋੜਨਾ ਚਾਹੁੰਦੇ ਹਨ। ਉਹ ਗਰੀਬਾਂ ਅਤੇ ਮੁਜਲੂਮਾਂ ਦੇ ਹੱਕਾਂ ਲਈ ਡਟ ਕੇ ਖੜੋਤੇ ਹੋਏ ਹਨ। ਸੰਸਾਰ ਵਿਚ ਹੰਕਾਰਿਆਂ ਨੂੰ ਪਿਆਰ ਨਾਲ ਸਿਧੇ ਰਸਤੇ ਲਿਆਉਣਾ ਹੀ ਉਨ੍ਹਾਂ ਦਾ ਨਿਸ਼ਾਨਾ ਹੈ।" ਉਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੀ ਯਾਦ ਵਿਚ ਅੱਜ ਤੱਕ ਇਕ ਗੁਰਦੁਆਰਾ ਮੌਜੂਦ ਹੈ। ਇਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਇਰਾਕ ਵਿਚ ਮੁਸਲਿਮ ਮਸਜਿਦਾਂ ਤੋਂ ਇਲਾਵਾ ਕੇਵਲ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਹ ਗੁਰਦੁਆਰਾ ਕਾਇਮ ਹੈ। ਉਥੇ ਕਿਸੇ ਹੋਰ ਧਰਮ ਦਾ ਕੋਈ ਪੂਜਾ ਅਸਥਾਨ ਬਣਾਉਣ ਦੀ ਇਜਾਜ਼ਤ ਨਹੀਂ ਹੈ। ਗੁਰੂ ਸਾਹਿਬ ਨੇ ਹੱਕ ਹਲਾਲ ਦੀ ਕਮਾਈ (ਦਸਾਂ ਨਹੁੰਆ ਦੀ ਕਿਰਤ ਕਮਾਈ) ਨੂੰ ਉੱਚਾ ਦਰਜਾ ਦਿੱਤਾ ਹੈ। ਉਨ੍ਹਾਂ ਅਨੁਸਾਰ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਕੇ ਛਕਣਾ" ਦੇ ਸਿਧਾਂਤ 'ਤੇ ਟੁਰ ਕੇ ਮਨੁੱਖ ਸੱਚਾ ਸੁੱਚਾ ਧਾਰਮਿਕ ਵਿਅਕਤੀ ਬਣ ਜਾਂਦਾ ਹੈ। ਉਨ੍ਹਾਂ ਦਾ ਕਥਨ ਹੈ :-

**ਘਾਲਿ ਖਾਇ ਕਿਛੁ ਹਥਹੁ ਦੇਹਿ ॥**

**ਨਾਨਕ ਰਾਹੁ ਪਛਾਣਹਿ ਸੇਇ ॥**

ਹੱਕ ਹਲਾਲ ਦੀ ਕਮਾਈ ਨਾਲ ਸਬੰਧਤ ਇਕ ਸਾਖੀ ਇਸ ਪ੍ਰਕਾਰ ਹੈ : ਮਲਿਕ ਭਾਗੋ, ਸੈਦਪੁਰ ਦੇ ਨਵਾਬ ਦਾ ਇਕ ਅਹਿਲਕਾਰ ਸੀ। ਉਹ ਬਹੁਤ ਜ਼ਾਲਮ ਅਤੇ ਰਿਸ਼ਵਤਖੋਰ ਸੀ। ਉਹ ਗਰੀਬਾਂ ਨੂੰ ਵੀ ਨਹੀਂ ਬਖਸ਼ਦਾ ਸੀ। ਮਲਿਕ ਨੇ ਆਪਣੇ ਪਿਤਰਾਂ ਦੇ ਸ਼ਰਾਧ ਦੇ ਸਬੰਧ ਵਿਚ ਇਕ ਵਿਸ਼ਾਲ ਯੱਗ ਅਤੇ ਬ੍ਰਹਮ ਭੋਜ ਦਾ ਆਯੋਜਨ ਕੀਤਾ ਸੀ। ਇਸ ਯੱਗ ਵਿਚ ਵੱਡੇ ਵੱਡੇ ਸੰਤਾਂ ਮਹੰਤਾਂ ਨੂੰ ਬੁਲਾਇਆ ਗਿਆ ਸੀ। ਮਲਿਕ ਨੇ ਇਹ ਵੀ ਐਲਾਨ ਕਰਵਾ ਦਿੱਤਾ ਸੀ ਕਿ ਇਲਾਕੇ ਦੇ ਸਾਰੇ ਹਿੰਦੂ ਲੋਕ ਇਸ ਬ੍ਰਹਮ ਭੋਜ ਵਿਚ ਜਰੂਰ ਸ਼ਾਮਲ ਹੋਣ। ਬ੍ਰਹਮ ਭੋਜ ਲਈ ਵੱਖ ਵੱਖ ਵਰਣਾਂ ਲਈ ਅਲੱਗ ਅਲੱਗ ਪ੍ਰਬੰਧ ਕੀਤਾ ਹੋਇਆ ਸੀ। ਉਨਾਂ ਦਿਨਾਂ ਵਿਚ ਗੁਰੂ ਸਾਹਿਬ ਵੀ ਆਪਣੇ ਸ਼ਰਧਾਲੂ ਸਿੱਖ ਭਾਈ ਲਾਲੋ ਨੂੰ ਮਿਲਣ ਸੈਦਪੁਰ ਆਏ ਹੋਏ ਸਨ। ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਕਿਹਾ ਕਿ ਅਸੀਂ ਮਲਿਕ ਦੇ ਬ੍ਰਹਮ ਭੋਜ ਵਿਚ ਸ਼ਾਮਲ ਨਹੀਂ ਹੋਣਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਭਾਈ ਲਾਲੋ ਦੇ ਘਰ ਤਿਆਰ ਹੋਈ ਰੁਖੀ ਮਿਸੀ ਰੋਟੀ ਖਾਣ ਨੂੰ ਪਹਿਲ ਦਿੱਤੀ। ਸਾਰੇ ਇਲਾਕੇ ਵਿਚ ਕਿਸੇ ਨੇ ਵੀ ਘਰ ਵਿਚ ਅੱਗ ਨਹੀਂ ਬਾਲੀ ਸੀ ਕਿਉਂਕਿ ਉਨ੍ਹਾਂ ਸਾਰਿਆਂ ਨੇ ਬ੍ਰਹਮ ਭੋਜ ਵਿਚ ਸ਼ਾਮਲ ਹੋਣਾ ਸੀ। ਜਦੋਂ ਭਾਈ ਲਾਲੋ ਦੇ ਘਰ ਵਿਚੋਂ ਚੁਲ੍ਹੇ ਦਾ ਧੂੰਆਂ ਉਠਦਾ ਨਜ਼ਰ ਆਇਆ ਤਾਂ ਸਾਰੇ ਲੋਕ ਸਹਿਮ ਗਏ ਕਿ ਹੁਣ ਭਾਈ ਲਾਲੋ ਦੀ ਖੈਰ ਨਹੀਂ ਕਿਉਂਕਿ ਉਸ ਨੇ ਮਲਿਕ ਭਾਗੋ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਮਲਿਕ ਨੇ ਤੁਰੰਤ ਸਿਪਾਹੀ ਭੇਜ ਕੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਲਾਲੋ ਜੀ ਨੂੰ ਬੁਲਾ ਭੇਜਿਆ। ਮਲਿਕ ਗੁਸੇ ਵਿਚ ਲਾਲ ਪੀਲਾ ਹੋਇਆ ਬੈਠਾ ਸੀ। ਮਲਿਕ ਨੇ ਗੁਰੂ ਜੀ ਨੂੰ ਆਖਿਆ ਉਨ੍ਹਾਂ ਨੇ ਨੀਚ ਜਾਤੀ ਦੇ ਲਾਲੋ ਦੇ ਘਰ ਦੀ ਰੋਟੀ ਖਾ ਕੇ ਅਤੇ ਮੇਰੇ ਬ੍ਰਹਮ ਭੋਜ ਵਿਚ ਸ਼ਾਮਲ ਨਾ ਹੋ ਕੇ ਮੇਰਾ ਅਪਮਾਨ ਕੀਤਾ ਹੈ। ਬ੍ਰਹਮ ਭੋਜ ਵਿਚ ਸ਼ਾਮਲ ਹੋਏ ਸਾਰੇ ਲੋਕ ਉਥੇ ਇੱਕਠੇ ਹੋ ਗਏ ਸਨ। ਗੁਰੂ ਸਾਹਿਬ ਨੇ ਬੜੀ ਨਿਮਰਤਾ ਅਤੇ ਨਿਡਰਤਾ ਨਾਲ ਉਤੱਰ ਦਿੱਤਾ ਕਿ ''ਐ ਮਲਿਕ ਭਾਗੋ। ਤੇਰੇ ਬ੍ਰਹਮ ਭੋਜ ਵਿਚੋਂ ਗਰੀਬਾਂ ਦਾ ਖ਼ੂਨ ਨੁਚੜ ਰਿਹਾ ਹੈ ਕਿਉਂਕਿ ਤੂੰ ਗਰੀਬਾਂ ਪਾਸੋਂ ਜ਼ਬਰਦਸਤੀ ਪੈਸੇ ਵਸੂਲਦਾ ਹੈਂ। ਤੂੰ ਹਰੇਕ ਜਾਤ ਵਰਣ ਲਈ ਅਲੱਗ ਅਲੱਗ ਭੋਜਣ ਦਾ ਪ੍ਰਬੰਧ ਕੀਤਾ ਹੈ ਜੋ ਕਿ ਗਲਤ ਹੈ। ਤੇਰੀ ਲੋਕਾਂ ਪਾਸੋਂ ਜਬਰੀ ਇਕੱਠੀ ਕੀਤੀ ਗਈ ਦੌਲਤ ਦੇ ਸਹਾਰੇ ਕੀਤਾ ਬ੍ਰਹਮ ਭੋਜ ਨੂੰ ਕਿਸੀ ਤਰ੍ਹਾਂ ਵੀ ਧਾਰਮਿਕ ਕੰਮ ਨਹੀਂ ਕਿਹਾ ਜਾ ਸਕਦਾ।

''ਦੂਜੇ ਪਾਸੇ ਲਾਲੋ ਦੀ ਰੁੱਖੀ ਮਿਸੀ ਰੋਟੀ ਖਾ ਕੇ ਦੁੱਧ ਦਾ ਸਵਾਦ ਆਉਂਦਾ ਹੈ। ਕਿਉਂਕਿ ਉਸ ਦੀ ਹੱਕ ਹਲਾਲ ਦੀ ਕਮਾਈ ਕੀਤੀ ਹੋਈ ਹੈ'' ਮਲਿਕ ਭਾਗੋ ਬਹੁਤ ਸ਼ਰਮਿੰਦਾ ਹੋਇਆ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਡਿੱਗ ਕੇ ਮਾਫੀ ਮੰਗਣ ਲੱਗ ਪਿਆ। ਗੁਰੂ ਸਾਹਿਬ ਨੇ ਮਲਿਕ ਨੂੰ ਆਖਿਆ ਕਿ ਉਹ ਹੁਣ ਤੱਕ ਦੀ ਕੀਤੀ ਜ਼ਬਰ ਦੀ ਸਾਰੀ ਕਮਾਈ ਗਰੀਬਾਂ ਅਤੇ ਲੋੜਵੰਦਾਂ ਵਿਚ ਵੰਡ ਦੇਵੇ। ਉਸ ਦਿਨ ਤੋਂ ਮਲਿਕ ਭਾਗੋ ਨੇ ਇੱਕ ਸੱਚੇ ਸਿੱਖ ਵਜੋਂ ਨਵੇਂ ਜੀਵਨ ਦੀ ਸ਼ੁਰੂਆਤ ਕਰ ਲਈ ਸੀ। ਗੁਰੂ ਸਾਹਿਬ ਵਿਚਾਰ ਚਰਚਾ (ਗੋਸ਼ਟੀ) ਦੇ ਮੁਦੱਈ ਸਨ। ਇਸ ਢੰਗ ਨਾਲ ਸਭ ਸ਼ੰਕੇ ਨਵਿਰਤ ਹੋ ਜਾਂਦੇ ਹਨ ਅਤੇ ਸਚਾਈ ਉਘੜ ਕੇ ਸਾਮ੍ਹਣੇ ਆ ਜਾਂਦੀ ਹੈ। ਉਨ੍ਹਾਂ ਦਾ ਕਥਨ ਹੈ:-

**ਜਬ ਲਗੁ ਦੁਨੀਆ ਰਹੀਐ ਨਾਨਕ**
**ਕਿਛੁ ਸੁਣੀਐ ਕਿਛੁ ਕਹੀਐ ॥**

ਗੁਰੂ ਸਾਹਿਬ ਸਾਰੀ ਮਨੁੱਖ ਜਾਤੀ ਨੂੰ ਇੱਕ ਸਮਾਨ ਸਮਝਦੇ ਸਨ। ਉਹ ਧਾਰਮਿਕ ਜਾਂ ਸਮਾਜਿਕ ਊਚ-ਨੀਚ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਗੁਰੂ ਸਾਹਿਬ ਉਸ ਵਿਅਕਤੀ ਨੂੰ ਨੀਚ ਜਾਤ ਦਾ ਸਮਝਦੇ ਸਨ, ਜੋ ਸਮਾਜ ਵਿਚ ਵਿਤਕਰੇ ਪੈਦਾ ਕਰਦੇ ਸਨ ਅਤੇ ਇੱਕ ਅਕਾਲ ਪੁਰਖ ਵਿਚ ਯਕੀਨ ਨਹੀਂ ਰੱਖਦੇ ਸਨ। ਉਨ੍ਹਾਂ ਦਾ ਕਥਨ ਹੈ:-

**ਖਸਮੁ ਵਿਸਾਰਹਿ ਤੇ ਕਮਜਾਤਿ**

ਗੁਰੂ ਸਾਹਿਬ ਨੇ ਸਮਾਜਿਕ ਤੌਰ 'ਤੇ ਦੁਰਕਾਰੇ ਜਾ ਰਹੇ ਵਿਅਕਤੀਆਂ ਨਾਲ ਸਾਂਝ ਪਾ ਕੇ ਉਸ ਸਮੇਂ ਦੇ ਧਾਰਮਿਕ ਅਖੌਤੀ ਬ੍ਰਾਹਮਣ ਵਰਗ ਨੂੰ ਵੰਗਾਰ ਪਾਈ ਸੀ। ਗੁਰੂ ਸਾਹਿਬ ਕਹਿੰਦੇ ਹਨ :-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਕੋਈ ਮਨੁੱਖ ਜਨਮ ਦੇ ਆਧਾਰ ਤੇ ਉੱਚਾ ਜਾਂ ਨੀਵਾਂ ਨਹੀਂ ਹੋ ਸਕਦਾ। ਮਨੁੱਖ ਆਪਣੇ ਚੰਗੇ ਜਾਂ ਮੰਦੇ ਕਰਮਾਂ ਕਰਕੇ ਉੱਚੀ ਜਾਤ ਜਾਂ ਨੀਚ ਜਾਤ ਦਾ ਹੋ ਸਕਦਾ ਹੈ। ਜਿਵੇਂ ਕਿ :-

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥**
**ਸਾ ਜਾਤਿ ਸਾ ਪਾਤਿ ਹੈ ਜੇਹੇ ਕਰਮ ਕਮਾਇ ॥**

ਗੁਰੂ ਸਾਹਿਬ ਸਾਰੀ ਲੋਕਾਈ ਲਈ ਸਾਂਝੀ ਤੜਪ ਰਖਦੇ ਸਨ। ਇਸ ਤੜਪ ਕਾਰਨ ਹੀ ਉਹ ਆਪਣਾ ਘਰ ਬਾਰ ਛੱਡ ਕੇ, ਲੋਕਾਂ ਦੇ ਭਲੇ ਲਈ ਅਤੇ ਉਨ੍ਹਾਂ ਨੂੰ ਜਿੰਦਗੀ ਦਾ ਸਹੀ ਰਸਤਾ ਦਿਖਾਉਣ ਲਈ ਪ੍ਰਚਾਰ ਕਰਦੇ ਰਹੇ। ਸਾਰੀ ਮਨੁੱਖ ਜਾਤੀ ਦੇ ਦੁੱਖ ਉਨ੍ਹਾਂ ਦੇ ਆਪਣੇ ਦੁੱਖ ਸਨ। ਇਸ ਤਰ੍ਹਾਂ ਉਨ੍ਹਾਂ ਨੇ ਸਾਰੀ ਮਨੁੱਖ ਜਾਤੀ ਨੂੰ ਸਿੱਧੇ ਰਸਤੇ ਪਾ ਕੇ ਇਕ ਅਕਾਲ ਪੁਰਖ ਦੇ ਲੜ ਲਾ ਦਿੱਤਾ ਸੀ। ਉਹ ਸਾਰੇ ਧਰਮਾਂ ਦੀ ਬਨਿਆਦੀ ਏਕਤਾ ਨੂੰ ਸਮਝਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸਮੁੱਚੇ ਤੌਰ 'ਤੇ ਅਤੇ ਆਤਮਿਕ ਦ੍ਰਿਸ਼ਟੀਕੋਣ ਤੋਂ ਸਾਰੇ ਧਰਮਾਂ ਦਾ ਨਿਸ਼ਾਨਾ ਇਕ ਪ੍ਰਮਾਤਮਾ ਹੈ। ਜਿਵੇਂ ਸਾਰੀਆਂ ਨਦੀਆਂ ਅਤੇ ਸਾਰੇ ਦਰਿਆ ਅੰਤ ਨੂੰ ਸਮੁੰਦਰ ਵਿਚ ਜਾ ਰਲਦੇ ਹਨ, ਭਾਵੇਂ ਉਨ੍ਹਾਂ ਸਾਰਿਆ ਦੇ ਰਾਹ ਵੱਖੋ ਵੱਖਰੇ ਹਨ ਪਰ ਅੰਤਮ ਨਿਸ਼ਾਨਾ ਸਭ ਦਾ ਇਕੋ ਹੀ ਹੈ। ਗੁਰੂ ਸਾਹਿਬ ਇਹ ਵੀ ਜਾਣਦੇ ਸਨ ਕਿ ਧਾਰਮਿਕ ਪ੍ਰੋਹਿਤ ਹੀ ਆਪਣੇ ਸੌੜੇ ਹਿੱਤਾਂ ਦੀ ਖਾਤਰ ਧਰਮ ਦੀ ਵਿਆਖਿਆ ਗਲਤ ਮਲਤ ਕਰਕੇ ਲੋਕਾਂ ਨੂੰ ਗੁੰਮਰਾਹ

ਕਰਦੇ ਰਹਿੰਦੇ ਹਨ ਅਤੇ ਸਮਾਜ ਵਿਚ ਦੰਗਾਂ ਫਸਾਦ ਕਰਾਉਂਦੇ ਰਹਿੰਦੇ ਹਨ।

ਗੁਰੂ ਸਾਹਿਬ ਦਾ ਕਥਨ ਸੀ ਕਿ ਕਿਸੀ ਮਨੁੱਖ ਦਾ ਅਸਲੀ ਧਰਮ ਉਹ ਨਹੀਂ ਹੈ, ਜਿਸ ਦਾ ਉਹ ਦਿਖਾਵਾ ਕਰਦਾ ਹੈ ਜਾਂ ਜਿਸ ਦਾ ਉਹ ਵਿਸ਼ੇਸ਼ ਪ੍ਰਕਾਰ ਦਾ ਪਹਿਰਾਵਾ ਪਾ ਕੇ ਰੱਖਦਾ ਹੈ। ਬਲਕਿ ਮਨੁੱਖ ਦਾ ਅਸਲੀ ਧਰਮ ਉਹ ਹੈ, ਜੋ ਮਨੁੱਖ ਦੇ ਦਿਲ ਵਿਚ ਦਾਖਲ ਹੋ ਕੇ ਸੱਚ ਦੀ ਪ੍ਰਾਪਤੀ ਲਈ ਯਤਨਸ਼ੀਲ ਹੈ। ਗੁਰੂ ਸਾਹਿਬ ਦਾ ਇਹ ਦ੍ਰਿੜ ਵਿਸ਼ਵਾਸ਼ ਸੀ ਕਿ ਧਰਮ ਦੇ ਬੁਨਿਆਦੀ ਅਸੂਲਾਂ ਦੇ ਉਲਟ ਕੋਈ ਮਨੁੱਖ ਲੋਕਾਂ ਨੂੰ ਜਾਂ ਖੁਦ ਨੂੰ ਤਾਂ ਧੋਖਾ ਦੇ ਸਕਦਾ ਹੈ, ਪਰ ਉਹ ਪਰਮਾਤਮਾ ਨੂੰ ਧੋਖਾ ਨਹੀਂ ਦੇ ਸਕਦਾ। ਕਿਉਂਕਿ ਪਰਮਾਤਮਾ ਦੇ ਦਰਬਾਰ ਵਿਚ ਕੇਵਲ ਕਰਮਾਂ ਦੇ ਅਨੁਸਾਰ ਹੀ ਨਿਬੇੜਾ ਹੁੰਦਾ ਹੈ:-

**ਕਰਮੀ ਕਰਮੀ ਹੋਇ ਵੀਚਾਰੁ ॥**
**ਸਚਾ ਆਪਿ ਸਚਾ ਦਰਬਾਰੁ ॥**

ਗੁਰੂ ਸਾਹਿਬ ਨੇ ਲੋਕਾਂ ਨੂੰ ਜੋ ਸਿੱਖਿਆ ਦਿੱਤੀ, ਉਸ ਰਸਤੇ 'ਤੇ ਆਪ ਚੱਲ ਕੇ ਸਾਰੀ ਉਮਰ ਗੁਜਾਰੀ। ਗ੍ਰਹਿਸਤੀ ਬਣ ਕੇ ਰਹੇ, ਨੌਕਰੀ ਕੀਤੀ, ਹਲ ਵਾਹੇ ਅਤੇ ਲੋਕਾਂ ਦੀ ਸੇਵਾ ਕੀਤੀ। ਲੋਕਾਂ ਦੇ ਦੁੱਖ ਦਰਦ ਵਿਚ ਸ਼ਾਮਲ ਹੁੰਦੇ ਰਹੇ। ਉਸ ਸਮੇਂ ਦੇ ਸ਼ਾਸ਼ਕ ਵਰਗ ਦੇ ਜੁਲਮਾਂ ਖਿਲਾਫ ਵੀ ਆਵਾਜ ਬੁਲੰਦ ਕੀਤੀ। ਸ਼ਾਸਕਾਂ ਨੂੰ ਕਸਾਈ ਅਤੇ ਕੁੱਤੇ ਤੱਕ ਆਖ ਕੇ ਦੁਰਕਾਰਿਆ ਅਤੇ ਨਿਡਰਤਾ ਦਾ ਸਬੂਤ ਦਿੱਤਾ। ਬਾਬਰ ਨੂੰ ਜਾਲਮ ਆਖਿਆ। ਬਾਬਰ ਨੇ ਮਾਫੀ ਮੰਗੀ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਸਮਾਜ ਵਿਚ ਰਹਿ ਕੇ ਤਿਆਗ ਅਤੇ ਕੁਰਬਾਨੀ ਦੇ ਪੂਰਨੇ ਪਾਏ ਅਤੇ ਨਿਡਰਤਾ ਦਾ ਸਬੂਤ ਦਿੱਤਾ। ਆਪਣੇ ਜੀਵਨ ਵਿਚ ਸਦਾ ਬਿਖੜੇ ਪੈਂਡਿਆਂ ਨੂੰ ਝਾਗ ਕੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਰਹੇ। ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਸਿੱਖਾਂ ਨੂੰ ਅਜਿਹੇ ਰਸਤੇ 'ਤੇ ਟੁਰਨਾ ਸਿਖਾਇਆ, ਜਿਸ ਰਸਤੇ ਵਿਚ ਮਨੁੱਖ ਦੀ ਹਾਲਤ "ਅਠੇ ਪਹਿਰ ਬਸੰਤ" ਜਾਂ "ਖੇੜਾ ਹੀ ਖੇੜਾ" ਜਾਂ "ਆਨੰਦ ਹੀ ਆਨੰਦ" ਵਾਲੀ ਵਿਵਸਥਾ ਹੋ ਜਾਂਦੀ ਹੈ। ਅਜਿਹੀ ਹਾਲਤ ਵਿਚ ਮਨੁੱਖ ਲਈ ਸਾਰੇ ਵਿਖਰੇਵੇਂ ਮਿਟ ਜਾਂਦੇ ਹਨ ਅਤੇ ਉਸ ਨੂੰ ਜਿੰਦਗੀ ਦੀ ਖੂਬਸੂਰਤੀ ਲੱਭ ਪੈਂਦੀ ਹੈ। ਗੁਰੂ ਸਾਹਿਬ ਦਾ ਕਥਨ ਹੈ :-

**ਅੰਜਨ ਮਾਹਿ ਨਿਰੰਜਨਿ ਰਹੀਐ**
**ਜੋਗ ਜੁਗਤਿ ਇਵ ਪਾਈਐ ॥**

ਗੁਰੂ ਸਾਹਿਬ ਨੇ ਸੰਨ 1516 ਈ. ਵਿਚ ਕਰਤਾਰਪੁਰ ਨਾਂ ਦਾ ਇਕ ਸ਼ਹਿਰ ਵਸਾਇਆ ਸੀ। ਇਹ ਸਥਾਨ ਲਾਹੌਰ ਤੋਂ 25 ਮੀਲ ਦੂਰ ਅਤੇ ਰਾਵੀ ਦਰਿਆ ਦੇ ਕੰਢੇ 'ਤੇ ਸਥਿਤ ਹੈ। ਗੁਰਦਾਸਪੁਰ ਸ਼ਹਿਰ ਤੋਂ ਵੀ ਨੇੜੇ ਪੈਂਦਾ ਹੈ। ਤਲਵੰਡੀ ਦੀ ਬਹੁਤੀ ਵਸੋਂ ਵੀ ਕਰਤਾਰਪੁਰ ਵਿਖੇ ਆ ਗਈ ਸੀ। ਇੱਥੇ ਅਲਾਹੀ ਕੀਰਤਨ ਦਾ ਪ੍ਰਵਾਹ ਚੱਲ ਪਿਆ ਸੀ। ਸਵੇਰੇ ਸ਼ਾਮ ਕੀਰਤਨ ਹੁੰਦਾ ਰਹਿੰਦਾ ਸੀ। ਦਿਨ ਵੇਲੇ ਡੇਰੇ ਵਿਚ ਰਹਿਣ ਵਾਲੇ ਸ਼ਰਧਾਲੂ ਆਪਣੇ ਆਪਣੇ ਕੰਮਾਂ ਵਿਚ ਰੁੱਝ ਜਾਂਦੇ ਸਨ। ਗੁਰੂ ਸਾਹਿਬ ਆਮ ਤੌਰ 'ਤੇ ਖੇਤਾਂ ਵਿਚ ਫਸਲਾਂ ਉਗਾਉਣ ਅਤੇ ਇਨ੍ਹਾਂ ਦੀ ਦੇਖਭਾਲ ਵਿਚ ਹੀ ਦਿਨ ਦਾ ਸਮਾਂ ਬਤੀਤ ਕਰਦੇ ਸਨ। ਕਿਉਂਕਿ ਲੰਗਰ ਲਈ ਲੋੜੀਂਦੀਆਂ ਵਸਤੂਆਂ ਦੀ ਪੂਰਤੀ ਖੇਤਾਂ ਵਿਚ ਫ਼ਸਲ ਬੀਜ ਕੇ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦਾ ਪੂਰਾ ਪੂਰਾ ਧਿਆਨ ਰੱਖਣਾ ਪੈਂਦਾ ਸੀ। ਡੇਰੇ ਵਿਚ ਆਮ ਤੌਰ 'ਤੇ ਸੰਗਤਾਂ ਆਉਂਦੀਆਂ ਰਹਿੰਦੀਆਂ ਸਨ। ਸੰਗਤਾਂ ਨੂੰ ਡੇਰੇ ਵਿਚ ਲੰਗਰ ਹਰ ਸਮੇਂ ਤਿਆਰ ਮਿਲਦਾ ਸੀ। ਗੁਰੂ ਸਾਹਿਬ ਕੀਰਤਨ ਖੁਦ ਕਰਦੇ ਹੁੰਦੇ ਸਨ ਅਤੇ ਸ਼ਰਧਾਲੂਆਂ ਨੂੰ ਲੰਗਰ ਵੀ ਖੁਦ ਵਰਤਾਂਦੇ ਸਨ। ਡੇਰੇ ਵਿਚ ਆਉਣ ਵਾਲੇ ਸ਼ਰਧਾਲੂਆਂ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਲ ਹੁੰਦੇ ਸਨ। ਮੱਕੇ ਦਾ ਮਸ਼ਹੂਰ ਕਾਜੀ ਰੁਕਨ ਦੀਨ ਜਦੋਂ ਭਾਰਤ ਦੇ ਦੌਰੇ 'ਤੇ ਆਇਆ ਤਾਂ ਸਭ ਤੋਂ ਪਹਿਲਾਂ ਉਸਨੇ ਕਰਤਾਰਪੁਰ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਅੱਗੇ ਸਿਜਦਾ ਕੀਤਾ ਸੀ। ਇਸ ਤਰ੍ਹਾਂ ਕੀ ਹਿੰਦੂ ਅਤੇ ਕੀ ਮੁਸਲਮਾਨ, ਉਹ ਸਾਰੇ ਹੀ ਗੁਰੂ ਸਾਹਿਬ ਨੂੰ ਆਪਣਾ ਸਮਝਦੇ ਸਨ। ਇਥੇ ਸਵਾਮੀ ਵਿਵੇਕਾਨੰਦ ਜੀ ਦੇ ਵਿਚਾਰ ਵਾਚਣ ਯੋਗ ਹਨ : "ਗੁਰੂ ਨਾਨਕ ਦੇਵ ਜੀ ਹਿੰਦੁਸਤਾਨ ਦੇ ਪਹਿਲੇ ਪੈਗੰਬਰ ਸਨ, ਜਿਨ੍ਹਾਂ ਨੇ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਦੋਫਾੜ ਹੋਏ ਲੋਕਾਂ ਨੂੰ ਭਰਾਤਰੀ ਭਾਵ ਅਤੇ ਪ੍ਰੇਮ ਪਿਆਰ ਦੀ ਇਕ ਲੜੀ ਵਿਚ ਪਰੋ ਦਿੱਤਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਦੇਸ਼ ਨੂੰ ਖੇਰੂ ਖੇਰੂ ਹੋਣ ਤੋਂ ਬਚਾਅ ਲਿਆ। ਉਨ੍ਹਾਂ ਨੇ ਲੋਕਾਂ ਨੂੰ ਹਰੇਕ ਬੁਰਾਈ ਦਾ ਟਾਕਰਾ ਬੜੇ ਪ੍ਰੇਮ ਭਾਵ, ਦ੍ਰਿੜਤਾ ਅਤੇ ਨਿਡਰਤਾ ਨਾਲ ਕਰਨ ਦੀ ਜਾਂਚ ਸਿਖਾਈ। ਉਨ੍ਹਾਂ ਨੇ ਧਾਰਮਿਕ ਅਤੇ ਸਮਾਜਿਕ ਤੌਰ ਤੇ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਉੱਚਾ ਚੁਕਿਆ ਅਤੇ ਉਨ੍ਹਾਂ ਨੂੰ ਅਣਖ ਨਾਲ ਜਿਉਂਣ ਦੀ ਜਾਂਚ ਸਿਖਾਈ। ਨਾਲ ਇਹ ਵੀ ਸਿਖਾਇਆ ਕਿ ਜ਼ੁਲਮ ਦੇ ਖਿਲਾਫ ਸਫਲਤਾ ਪੂਰਵਕ ਲੜਾਈ ਕਿਵੇਂ ਲੜੀ ਜਾ ਸਕਦੀ ਹੈ।"

ਗੁਰੂ ਨਾਨਕ ਦੇਵ ਜੀ ਦੀ ਇਤਿਹਾਸਕ ਭੂਮਿਕਾ ਦੀ ਤਾਰੀਫ ਕਰਦੇ ਹੋਏ ਡਾ: (ਸਰ) ਗੋਕਲ ਚੰਦ ਨਾਰੰਗ ਲਿਖਦੇ ਹਨ,"ਜਿਸ ਬੂਟੇ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ, ਉਸ ਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਪਾਣੀ ਬਾਕੀ ਗੁਰੂ ਸਾਹਿਬਾਨ ਨੇ ਦਿੱਤਾ ਸੀ। ਜਿਸ ਤੇਗ ਨੇ ਖਾਲਸੇ ਦੀ ਸ਼ਾਨ ਫੈਲਾਈ, ਉਸ ਦਾ ਫੌਲਾਦ ਗੁਰੂ ਨਾਨਕ ਦੇਵ ਜੀ ਹੀ ਕਮਾ ਕੇ ਦੇ ਗਏ ਸਨ।"

ਸਰ ਚਾਰਲਸ ਗਫ ਲਿਖਦਾ ਹੈ,"ਗੁਰੂ ਨਾਨਕ ਦੇਵ ਜੀ ਇਸ ਲਈ ਉਘੇ ਨਹੀਂ ਕਿ ਉਹ ਬੜੇ ਵੱਡੇ ਸੁਧਾਰਕ ਸਨ। ਸਗੋਂ ਇਸ ਲਈ ਕਿ ਸ਼ਾਇਦ ਉਹ ਇਕੋ ਇੱਕ ਅਜਿਹੇ ਇਨਸਾਨ ਸਨ, ਜਿਨ੍ਹਾਂ ਨੂੰ ਹਿੰਦੂਆਂ ਅਤੇ ਮੁਸਲਮਾਨਾ ਦੋਹਾਂ ਨੇ ਬੜੇ ਪਿਆਰ ਨਾਲ ਸੁਣਿਆ ਅਤੇ ਉਨ੍ਹਾਂ ਦੀ ਸਿੱਖਿਆ ਨੂੰ ਮੰਨਿਆਂ ਹੈ।"

– ਹਰਸ਼ਰਨ ਸਿੰਘ ਸਚਦੇਵਾ
43-ਚਰਨ ਬਾਗ, ਪਟਿਆਲਾ (ਫੋਨ : 9417708343)

# ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

ਭਾਈ ਸਾਹਿਬ ਡਾ. ਵੀਰ ਸਿੰਘ ਦੇ ਵੱਡੇ ਵਡੇਰੇ ਦਿਵਾਨ ਚੰਦ ਜੋ ਮੁਗਲ ਸਲਤਨਤ ਵੇਲੇ ਮੁਲਤਾਨ ਦੇ ਦਿਵਾਨ ਰਹਿ ਚੁੱਕੇ ਸਨ। ਅੱਗੋਂ ਉਹਨਾਂ ਦੇ ਪੁੱਤਰ ਦਿਵਾਨ ਵੱਲੂ ਮੱਲ ਤੇ ਫਿਰ ਦਿਵਾਨ ਵਲੂ ਮੱਲ ਦੇ ਪੁੱਤਰ ਦਿਵਾਨ ਕੌੜਾ ਮੱਲ ਵੀ ਮੁਗਲ ਹਕੂਮਤ ਵੇਲੇ ਅਜਿਹੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਸਨ। ਮਹਾਰਾਜਾ ਦਿਵਾਨ ਕੌੜਾ ਮੱਲ ਨੂੰ ਮਹਾਰਾਜਾ ਕੌੜਾ ਕਰਕੇ ਵੀ ਸੱਦਿਆ ਜਾਂਦਾ ਰਿਹਾ ਸੀ ਪਰ ਖ਼ਾਲਸਾ ਪੰਥ ਹਮੇਸ਼ਾ ਮਹਾਰਾਜਾ ਮਿੱਠਾ ਮੱਲ ਕਰਕੇ ਯਾਦ ਕਰਦਾ ਰਿਹਾ ਹੈ। ਇਸੇ ਵੰਸ਼ ਵਿੱਚੋਂ ਹੀ ਬਾਬਾ ਕਾਹਨ ਸਿੰਘ ਜੀ ਹੋਏ ਜਿਨ੍ਹਾਂ ਨੇ ਆਪਣਾ ਰਾਜਸੀ ਠਾਠ ਬਾਠ ਤਿਆਗ ਕੇ ਫਕੀਰੀ ਧਾਰਣ ਕਰ ਲਈ ਸੀ ਅਤੇ ਕਈ ਸਾਲ ਕਠਿਨ ਤਪੱਸਿਆ ਵੀ ਕੀਤੀ।

ਇਨ੍ਹਾਂ ਦੇ ਖ਼ਾਨਦਾਨ ਵਿੱਚੋਂ ਹੀ ਭਾਈ ਸਾਹਿਬ ਡਾ. ਵੀਰ ਸਿੰਘ ਦੇ ਪਿਤਾ ਸ੍ਰ: ਚਰਨ ਸਿੰਘ ਜੋ ਇੱਕ ਪ੍ਰਸਿੱਧ ਡਾਕਟਰ ਵੀ ਸਨ, ਪੈਦਾ ਹੋਏ ਅਤੇ ਲੋਕਾਈ ਦੀ ਸੇਵਾ ਨੂੰ ਸਮਰਪਿਤ ਰਹੇ ਤੇ ਹਮੇਸ਼ਾ ਗਰੀਬਾਂ ਦੇ ਹਮਦਰਦ ਰਹੇ ਸਨ। ਉਹ ਉੱਚ ਕੋਟੀ ਦੇ ਵਿਦਵਾਨ ਤੇ ਲਿਖਾਰੀ ਵੀ ਸਨ ਅਤੇ ਮਹਾਨ ਪੰਥਕ ਸੇਵਕ ਵੀ ਸਨ।



ਡਾ. ਚਰਨ ਸਿੰਘ ਦੇ ਚਾਰ ਸਪੁੱਤਰਾਂ ਅਤੇ ਦੋ ਸਪੁੱਤਰੀਆਂ ਵਿੱਚੋਂ ਭਾਈ ਵੀਰ ਸਿੰਘ ਜੀ ਸਭ ਤੋਂ ਵੱਡੇ ਸਨ। ਜਿਨ੍ਹਾਂ ਦਾ ਜਨਮ 5 ਦਸੰਬਰ 1872, ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਆਪ ਨੇ ਬਚਪਨ ਆਪਣੇ ਦਾਦਾ ਕਾਹਨ ਸਿੰਘ ਦੀ ਗੋਦ ਵਿਚ ਗੁਜਾਰਿਆ।

ਭਾਈ ਵੀਰ ਸਿੰਘ ਜੀ ਦੀ ਮਾਤਾ ਉਤਮ ਕੌਰ ਵੀ ਬੜੇ ਸਹਿਨਸ਼ੀਲਤਾ ਦੇ ਪੁੰਜ, ਮਿਲਾਪੜੇ ਸੁਭਾਅ ਵਾਲੇ, ਬੇਸਹਾਰਾ ਔਰਤਾਂ ਦੀ ਮਦਦ ਕਰਨ ਵਾਲੇ ਗਿਆਨੀ ਹਜਾਰਾ ਸਿੰਘ ਦੀ ਪੁੱਤਰੀ ਸੀ। ਗਿਆਨੀ ਹਜਾਰਾ ਸਿੰਘ ਨੇ ਅੰਗਰੇਜ਼ੀ ਹਕੂਮਤ ਕਾਲ ਵੇਲੇ ਈਸਾਈ ਮੱਤ ਦੇ ਵੱਧ ਰਹੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਉਣ ਵਿੱਚ ਵੱਡਾ ਯੋਗਦਾਨ ਪਾਇਆ ਸੀ। ਇਹ ਅੰਗਰੇਜ਼ੀ ਰਾਜ ਸਮੇਂ ਸਰਕਾਰੀ ਸਕੂਲਾਂ ਵਿੱਚ ਇੰਸਪੈਕਟਰ ਸਨ। ਭਾਈ ਸਾਹਿਬ ਨੇ ਬਚਪਨ ਸਮੇਂ ਪੜ੍ਹਾਈ ਵਿੱਚ ਜਿੱਥੇ ਗਣਿਤ, ਉਰਦੂ ਅਤੇ ਫਾਰਸੀ ਵਿੱਚ ਪੜ੍ਹਨਾ ਸ਼ੁਰੂ ਕੀਤਾ ਤਾਂ ਵਿਦਿਅਕ ਪੜ੍ਹਾਈ ਦੇ ਨਾਲ-ਨਾਲ 8 ਸਾਲ ਦੀ ਉਮਰ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰ ਲੈਂਦੇ ਸਨ। ਉਹਨਾਂ ਨੂੰ ਗੁਰਬਾਣੀ ਨਾਲ ਬਹੁਤ ਪਿਆਰ ਸੀ। ਅੰਮ੍ਰਿਤਸਰ ਰਹਿੰਦਿਆਂ ਸ੍ਰੀ ਦਰਬਾਰ ਸਾਹਿਬ ਜਾਣਾ ਉਨ੍ਹਾਂ ਦਾ ਰੋਜ ਦਾ ਨੇਮ ਸੀ।

ਉਨ੍ਹਾਂ ਦਿਨਾਂ ਵਿੱਚ ਭਾਈ ਵੀਰ ਸਿੰਘ ਚਰਚ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਵਿਖੇ ਪੜ੍ਹ ਰਹੇ ਸਨ, ਜਿੱਥੇ ਈਸਾਈ ਮੱਤ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਇੱਥੇ ਈਸਾਈ ਧਰਮ ਦੀ ਧਰਮ ਪੁਸਤਕ ਬਾਈਬਲ ਵੀ ਪੜ੍ਹਾਈ ਜਾਂਦੀ ਸੀ ਅਤੇ ਇਹ ਪੜ੍ਹੀ ਜਾਣੀ ਲਾਜ਼ਮੀ ਵਿਸ਼ਾ ਕਰਾਰ ਦਿੱਤਾ ਹੋਇਆ ਸੀ। ਕਹਿੰਦੇ ਹਨ ਕਿ ਅੰਗਰੇਜ਼ੀ ਰਾਜ ਸਮੇਂ ਇਸ ਪੜ੍ਹਾਈ ਦਾ ਇੰਨਾ ਜ਼ਿਆਦਾ ਪ੍ਰਭਾਵ ਸੀ ਕਿ ਦੂਸਰੇ ਧਰਮਾਂ ਦੇ ਕਈ ਨੌਜਵਾਨ ਵਿਦਿਆਰਥੀ ਆਪਣਾ ਧਰਮ ਛੱਡ ਕੇ ਈਸਾਈ ਮਤ ਵਿੱਚ ਪ੍ਰਵੇਸ਼ ਹੋ ਰਹੇ ਸਨ।

ਭਾਈ ਸਾਹਿਬ ਵੀ ਇਸੇ ਸਕੂਲ ਦੇ ਵਿਦਿਆਰਥੀ ਹੋਣ ਕਰਕੇ ਈਸਾਈ ਮਤ ਦੀ ਖੋਜ ਤਾਂ ਭਾਵੇਂ ਬੜੀ ਦਿਲਚਸਪੀ ਨਾਲ ਕਰ ਰਹੇ ਸਨ। ਪਰ ਇਸ ਤੋਂ ਭਾਵ ਇਹ ਨਹੀਂ ਕਿ ਈਸਾਈ ਮੱਤ ਦਾ ਪ੍ਰਭਾਵ ਉਹਨਾਂ 'ਤੇ ਅਸਰ ਕਰ ਗਿਆ ਸੀ, ਸਗੋਂ ਉਹ ਲੱਭ ਰਹੇ ਸਨ ਕਿ ਇਸ ਵਿੱਚ ਸਚਾਈ ਕਿੱਥੋਂ ਤੱਕ ਹੈ। ਬਾਈਬਲ ਦੀ ਪੁਸਤਕ ਦੀ ਕਲਾਸ ਅੰਗਰੇਜ਼ ਪ੍ਰਿੰਸੀਪਲ ਆਪ ਲੈਂਦਾ ਸੀ ਅਤੇ ਉਹ ਆਪਣੇ ਤਰੀਕੇ ਨਾਲ ਬੱਚਿਆਂ 'ਤੇ ਅਸਰਦਾਇਕ ਪ੍ਰਭਾਵ ਬਣਾਉਂਦਾ ਸੀ। ਪਰ ਇੱਧਰ ਭਾਈ ਵੀਰ ਸਿੰਘ ਇੱਕ ਵਿਦਿਆਰਥੀ ਹੁੰਦਿਆਂ ਵੀ ਇਸ ਦੇ ਟਾਕਰੇ 'ਤੇ ਸਿੱਖ ਮਤ ਦਾ ਪ੍ਰਭਾਵ ਵੀ ਕਈ ਵਾਰ ਅਜਿਹਾ ਪਾ ਦਿੰਦੇ ਸਨ ਕਿ ਪ੍ਰਿੰਸੀਪਲ ਭਾਈ

ਸਾਹਿਬ ਦੇ ਵਿਚਾਰਾਂ ਤੋਂ ਬੜਾ ਹੈਰਾਨ ਹੋ ਜਾਂਦਾ। ਇਸ ਗੱਲ ਦਾ ਅੰਦਾਜ਼ਾ ਇਸੇ ਪ੍ਰਿੰਸੀਪਲ ਵੱਲੋਂ ਭਾਈ ਵੀਰ ਸਿੰਘ ਨੂੰ ਸਕੂਲ ਛੱਡਣ ਤੋਂ ਬਾਅਦ ਦਿੱਤੇ ਗਏ ਕਰੈਕਟਰ (ਚਾਲ-ਚਲਣ) ਸਰਟੀਫਿਕੇਟ ਦੀ ਲਿਖੀ ਗਈ ਭਾਸ਼ਾ ਤੋਂ ਹੋ ਜਾਂਦਾ ਹੈ ਕਿ ਪ੍ਰਿੰਸੀਪਲ ਭਾਈ ਵੀਰ ਸਿੰਘ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਸੀ।

ਆਪ ਦਾ ਵਿਆਹ ਬੀਬੀ ਚਤੁਰ ਕੌਰ ਨਾਲ ਹੋਇਆ ਜੋ ਨਿਰੋਲ ਸਿੱਖੀ ਸਰੂਪ ਤੇ ਗਰੀਬਾਂ ਉੱਤੇ ਤਰਸ ਤੇ ਉਹਨਾਂ ਦਾ ਦਰਦ ਹਿਰਦੇ ਵਿੱਚ ਰੱਖਣ ਵਾਲੇ ਬੜੇ ਸਾਧੂ ਸੁਭਾਅ ਦੇ ਮਾਲਕ ਸਨ। ਇਨ੍ਹਾਂ ਦੇ ਗ੍ਰਹਿ ਵਿਖੇ ਦੋ ਪੁੱਤਰੀਆਂ- ਬੀਬੀ ਕਰਤਾਰ ਕੌਰ ਤੇ ਬੀਬੀ ਸੁਸ਼ੀਲ ਕੌਰ ਹੋਈਆਂ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਨ੍ਹਾਂ ਦਿਨ੍ਹਾਂ ਵਿੱਚ ਈਸਾਈ ਮਤ ਦਾ ਪ੍ਰਚਾਰ ਜੋਰਾਂ 'ਤੇ ਸੀ ਅਤੇ ਈਸਾਈ ਮਿਸ਼ਨਰੀ ਹਰੇਕ ਤਰੀਕੇ ਨਾਲ ਗੈਰ ਈਸਾਈ ਕੌਮਾਂ ਨੂੰ ਈਸਾਈ ਮਤ ਵਿਚ ਲਿਆਉਣ ਲਈ ਹਰ ਤਰ੍ਹਾਂ ਦੇ ਤਰੀਕੇ ਅਪਨਾ ਰਹੇ ਸਨ।

ਭਾਈ ਸਾਹਿਬ ਜੋ ਆਪਣੇ ਵਿਦਿਆਰਥੀ ਜੀਵਨ ਕਾਲ ਦੌਰਾਨ ਇਹ ਸਭ ਕੁੱਝ ਦੇਖ ਚੁੱਕੇ ਸਨ ਅਤੇ ਆਏ ਦਿਨ ਇਹ ਵਾਕਿਆਤ ਦੇਖ ਰਹੇ ਸਨ, ਪੜ੍ਹਾਈ ਖ਼ਤਮ ਕਰਦਿਆਂ ਸਾਰ ਹੀ ਸਿੱਖੀ ਨੂੰ ਬਚਾਉਣ ਦੇ ਉਪਰਾਲੇ ਸੋਚਣ ਲੱਗੇ।

ਇਸ ਕੰਮ ਵਿੱਚ ਆਪ ਦੇ ਪਿਤਾ ਡਾ. ਚਰਨ ਸਿੰਘ ਤੇ ਆਪ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀਆਂ ਭਰਪੂਰ ਕੋਸ਼ਿਸ਼ਾ ਨਾਲ ਸਿੰਘ ਸਭਾ ਲਹਿਰ ਜੋ ਇਸੇ ਮਕਸਦ ਨਾਲ ਸ਼ੁਰੂ ਕੀਤੀ ਗਈ ਸੀ, ਵਿੱਚ ਭਾਈ ਸਾਹਿਬ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਸੋ ਭਾਈ ਵੀਰ ਸਿੰਘ ਜੀ ਦੀ ਸੋਚ ਸੀ ਕਿ ਕੋਈ ਅਜਿਹਾ ਸਾਹਿਤ ਲਿਖਿਆ ਤੇ ਤਿਆਰ ਕੀਤਾ ਜਾਵੇ ਕਿ ਜੋ ਸਿੱਖ ਨੌਜਵਾਨ ਸਿੱਖੀ ਨੂੰ ਤਿਲਾਜਲੀ ਦੇ ਕੇ ਈਸਾਈ ਧਰਮ ਵਿੱਚ ਪ੍ਰਵੇਸ਼ ਹੋ ਰਹੇ ਹਨ, ਨੂੰ ਰੋਕਿਆ ਜਾਵੇ ਅਤੇ ਸਿੱਖੀ ਦੀ ਗੂੜ੍ਹੀ ਰੰਗਤ ਦਿੱਤੀ ਜਾਵੇ।

ਸੋ ਆਪ ਨੇ ਪਹਿਲੀ ਪੁਸਤਕ ਸੁੰਦਰੀ ਲਿਖੀ, ਦੂਜੀ ਪੁਸਤਕ ਬਿਜੈ ਸਿੰਘ ਤੇ ਤੀਜੀ ਸਤਵੰਤ ਕੌਰ ਲਿਖੀ। ਫਿਰ ਹੋਰ ਸੱਜਣਾਂ ਨਾਲ ਮਿਲ ਕੇ ਖ਼ਾਲਸਾ ਟਰੈਕਟ ਸੁਸਾਇਟੀ ਦੀ ਨੀਂਹ ਰੱਖ ਕੇ ਕਈ ਛੋਟੇ ਛੋਟੇ ਟਰੈਕਟ ਲਿਖ ਕੇ ਸਿੱਖੀ ਪਿਆਰ ਦੀ ਲਗਨ ਜਗਾਉਣ ਹਿਤ ਤਿਆਰ ਕੀਤੇ ਗਏ। ਫਿਰ ਇੱਕ ਹਫ਼ਤਾਵਾਰੀ ਅਖ਼ਬਾਰ "ਖਾਲਸਾ ਸਮਾਚਾਰ" ਚਾਲੂ ਕੀਤਾ। ਇਸ ਤਰ੍ਹਾਂ ਗੁਰੂ ਦੀ ਬਾਣੀ ਦਾ ਅਸਰ, ਸਿੱਖੀ ਆਚਰਨ, ਗੁਰੂ ਦੀ ਰਹਿਤ ਸਬੰਧੀ ਅਤੇ ਸਿੱਖੀ ਦੇ ਅਸੂਲ ਸਬੰਧੀ ਲੇਖ ਪ੍ਰਕਾਸ਼ਤ ਕੀਤੇ ਜਾਣ ਲੱਗੇ। ਇਸ ਕਾਰਜ ਵਿੱਚ ਭਾਈ ਸਾਹਿਬ ਨੂੰ ਵੱਡਾ ਵਿਤੀ ਘਾਟਾ ਵੀ ਝੱਲਣਾ ਪੈਂਦਾ ਸੀ ਪਰ ਉਨ੍ਹਾਂ ਨੇ ਖਿੜੇ ਮੱਥੇ ਇਸ ਘਾਟੇ ਨੂੰ ਪ੍ਰਵਾਨ ਕਰਦਿਆਂ ਜੋ ਅਸਰਦਾਰ ਪ੍ਰਭਾਵ ਲੋਕਾਂ ਦੇ ਮਨਾਂ ਉੱਤੇ ਪਾਇਆ, ਨਿਰਸੰਦੇਹ ਉਹ ਸਿੱਖੀ ਵਿੱਚ ਚੜ੍ਹਦੀ ਕਲਾ ਵਾਲੀ ਸਪਿਰਟ ਪੈਦਾ ਕਰਨ ਵਾਲਾ ਸੀ। ਇਨ੍ਹਾਂ ਕੰਮਾਂ ਤੋਂ ਇਲਾਵਾ ਭਾਈ ਸਾਹਿਬ ਨੇ ਆਪਣੇ ਜੀਵਨ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਸਬੰਧੀ ਪੁਸਤਕਾਂ ਲਿਖੀਆਂ, ਇਸ ਤੋਂ ਇਲਾਵਾ ਅਨੇਕਾਂ ਕਵਿਤਾਵਾਂ ਤੇ ਪੁਸਤਕਾਂ ਵੀ ਕੌਮ ਨੂੰ ਸਮਰਪਿਤ ਕੀਤੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 607 ਅੰਗਾਂ ਤੱਕ ਦਾ ਟੀਕਾ ਕੀਤਾ ਜੋ ਸੱਤ ਜਿਲਦਾਂ ਵਿੱਚ ਪ੍ਰਕਾਸ਼ਿਤ ਹੋਇਆ ਹੈ। ਪਰ ਆਪਣੀ ਜ਼ਿੰਦਗੀ ਦੌਰਾਨ ਪੂਰੇ ਟੀਕੇ ਤਿਆਰ ਨਹੀਂ ਕਰ ਸਕੇ।

ਭਾਈ ਸਾਹਿਬ ਨੇ ਆਪਣੇ ਜੀਵਨ ਵਿੱਚ ਬਹੁਤ ਸਾਰਾ ਸਾਹਿਤ ਰਚਿਆ। ਆਪ ਕਥਨੀ ਤੇ ਕਰਨੀ ਦੇ ਪੂਰੇ ਸਨ। ਆਪਣੇ ਜੀਵਨ ਕਾਲ ਵਿੱਚ ਇਹਨਾਂ ਦੀ ਕਈ ਹੋਰ ਧਰਮਾਂ ਦੇ ਵਿਦਵਾਨਾਂ ਨਾਲ ਵੀ ਵਿਚਾਰ ਚਰਚਾ ਹੋਈ ਤੇ ਆਪ ਗੁਰਬਾਣੀ ਦੇ ਅਜਿਹੇ ਹਵਾਲੇ ਦਿੰਦੇ ਕਿ ਉਹ ਵੀ ਵਾਹ-ਵਾਹ ਕਰ ਉਠਦੇ। ਇਨ੍ਹਾਂ ਵਿੱਚ ਹਿੰਦੂ ਧਰਮ ਦੇ ਪੰਡਤ ਵੀ ਸਨ, ਕਈ ਮੁਸਲਮਾਨ ਫਕੀਰ ਤੇ ਈਸਾਈ ਪਾਦਰੀ ਵੀ ਹੁੰਦੇ ਸਨ।

ਪ੍ਰੋ. ਪੂਰਨ ਸਿੰਘ ਸਿੱਖ ਸਾਹਿਤ ਦੇ ਇੱਕ ਬੜੇ ਵੱਡੇ ਵਿਦਵਾਨ ਅਤੇ ਲਿਖਾਰੀ ਹੋਏ ਹਨ। ਕਹਿੰਦੇ ਹਨ ਕਿ ਜਦੋਂ ਉਹ ਵਿਗਿਆਨ ਦੀ ਉੱਚੀ ਵਿਦਿਆ ਪ੍ਰਾਪਤ ਕਰਨ ਲਈ ਜਾਪਾਨ ਚਲੇ ਗਏ ਤਾਂ ਉੱਥੇ ਇੱਕ ਪ੍ਰਸਿੱਧ ਸੰਨਿਆਸੀ ਦੇ ਪ੍ਰਭਾਵ ਹੇਠ ਆ ਕੇ ਸੰਨਿਆਸੀ ਬਣ ਗਏ ਅਤੇ ਕੇਸਾਂ ਨੂੰ ਤਿਆਗ ਦਿੱਤਾ। ਜਦੋਂ ਅਜਿਹੀ ਹਾਲਤ ਵਿੱਚ ਵਾਪਸ ਆਏ ਤਾਂ ਪੂਰਨ ਸਿੰਘ ਦੇ ਮਾਤਾ ਪਿਤਾ, ਰਿਸ਼ਤੇਦਾਰਾਂ ਤੇ ਸਾਕ ਸਬੰਧੀਆਂ ਨੇ ਬਹੁਤ ਬੁਰਾ ਮਨਾਇਆ। ਪਰ ਪ੍ਰੋ. ਪੂਰਨ ਸਿੰਘ 'ਤੇ ਕੋਈ ਅਸਰ ਨਾ ਹੁੰਦਾ ਦੇਖ ਕੇ ਇੱਕ ਸਿਆਣੇ ਸੱਜਣ ਦੀ ਸਲਾਹ ਮੰਨਦਿਆਂ ਘਰ ਵਾਲਿਆਂ ਨੇ ਇਨ੍ਹਾਂ ਦਾ ਭਾਈ ਵੀਰ ਸਿੰਘ ਜੀ ਨਾਲ ਮੇਲ ਕਰਾਇਆ। ਪ੍ਰੋ. ਪੂਰਨ ਸਿੰਘ ਦੇ ਭਾਈ ਸਾਹਿਬ ਨਾਲ ਕਈ ਪ੍ਰਸ਼ਨ ਉੱਤਰ ਹੋਏ। ਕਈ ਘੰਟਿਆਂ ਦੀ ਵਿਚਾਰ ਚਰਚਾ ਤੋਂ ਬਾਅਦ ਪ੍ਰੋ. ਪੂਰਨ ਸਿੰਘ ਦੀ ਪੂਰੀ ਤਸੱਲੀ ਹੋ ਗਈ ਤਾਂ ਉਹ ਮੁੜ ਸਿੱਖੀ ਧਾਰਾ ਵਿੱਚ ਪ੍ਰਵੇਸ਼ ਹੋਏ। ਇਸ ਉਪਰੰਤ ਸਾਰੀ ਉਮਰ ਪ੍ਰੋ. ਪੂਰਨ ਸਿੰਘ ਭਾਈ ਸਾਹਿਬ ਵੀਰ ਸਿੰਘ ਜੀ ਨੂੰ ਪਿਤਾ ਸਮਾਨ ਸਮਝਦਿਆਂ ਹਮੇਸ਼ਾ ਪਿਤਾ ਜੀ ਨਾਂ ਨਾਲ ਸੰਬੋਧਨ ਕਰਦੇ ਰਹੇ।

ਭਾਈ ਵੀਰ ਸਿੰਘ ਜੀ ਨੇ ਬੇਅੰਤ ਰਚਨਾਵਾਂ ਲਿਖ ਕੇ ਪੰਥ ਦੀ ਝੋਲੀ ਵਿੱਚ ਪਾਈਆਂ। ਅਨੇਕਾਂ ਰਚਨਾਵਾਂ ਉਨ੍ਹਾਂ ਦੇ ਜੀਵਨ ਕਾਲ ਵਿੱਚ ਪ੍ਰਕਾਸ਼ਤ ਹੋ ਗਈਆਂ ਸਨ ਤੇ ਕਈ ਛਪਣ ਤੋਂ ਰਹਿ ਵੀ ਗਈਆਂ ਸਨ। ਉਨ੍ਹਾਂ ਦੀਆਂ ਰਚਨਾਵਾਂ ਪੜ੍ਹਣ ਨਾਲ ਸਾਨੂੰ ਸਿੱਖ ਇਤਿਹਾਸ ਦੀ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

- ਚਮਨ ਸਿੰਘ ਸਾਹਿਬਪੁਰਾ
ਅੰਤ੍ਰਿੰਗ ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ
# ਸਰਗਰਮੀਆਂ

## ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸ਼ਹੀਦੀ ਅਸਥਾਨ ਬਾਬਾ ਬੰਦਾ ਸਿੰਘ ਜੀ ਬਹਾਦਰ, ਮਹਿਰੌਲੀ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ, ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਿੰਦਰ ਸਿੰਘ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਪ੍ਰੇਮ ਸਿੰਘ ਬੰਧੂ ਤੇ ਭਾਈ ਸੁਰਜੀਤ ਸਿੰਘ ਰਸੀਲਾ ਨੇ ਕੀਰਤਨ, ਭਾਈ ਬਲਦੇਵ ਸਿੰਘ ਹੈਡ ਗ੍ਰੰਥੀ ਨੇ ਕਥਾ ਅਤੇ ਭਾਈ ਗੁਰਚਰਨ ਸਿੰਘ ਚੰਨ ਨੇ ਢਾਡੀ ਪ੍ਰਸੰਗ ਰਾਹੀਂ ਬਾਬਾ ਜੀ ਦੀ ਸ਼ਹਾਦਤ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਉੱਘੇ ਕਵੀ ਅਵਤਾਰ ਸਿੰਘ ਤਾਰੀ, ਅਮਰੀਕ ਸਿੰਘ ਖੁਸ਼, ਤਰਲੋਕ ਸਿੰਘ ਦੀਵਾਨਾ, ਰਾਮ ਸਿੰਘ ਰਾਹੀ ਤੇ ਬੀਬੀ ਸਤੀਸ਼ ਕੌਰ ਸੋਹਲ ਨੇ ਆਪਣੀ ਰਚਨਾਵਾਂ ਰਾਹੀਂ ਸ਼ਹੀਦੀ ਸਾਕੇ ਨੂੰ ਬਿਆਨ ਕੀਤਾ। ਕਾਰਸੇਵਾ ਵਾਲੇ ਬਾਬਾ ਬਚਨ ਸਿੰਘ ਜੀ ਨੂੰ ਇਸ ਮੌਕੇ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਓਂਕਾਰ ਸਿੰਘ ਰਾਜਾ ਤੇ ਆਤਮਾ ਸਿੰਘ ਲੁਬਾਣਾ ਆਦਿਕ ਵੱਲੋਂ ਸਨਮਾਨਿਤ ਕੀਤਾ ਗਿਆ। ਧਰਮ ਪ੍ਰਚਾਰ ਕਮੇਟੀ ਦੇ ਡਿਪਟੀ ਜਨਰਲ ਮੈਨੇਜਰ ਇਕਬਾਲ ਸਿੰਘ ਵੱਲੋਂ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਸੰਗਤਾਂ ਨੂੰ ਮਹਾਨ ਜਰਨੈਲ ਦੀ ਸ਼ਹਾਦਤ ਤੋਂ ਪ੍ਰੇਰਣਾ ਲੈਣ ਦੀ ਬੇਨਤੀ ਕੀਤੀ ਗਈ।






## ਸ਼ੇਰੇ ਪੰਜਾਬ ਦੀ ਫੌਜ ਦੇ ਜੰਗਜੂ ਕਾਰਨਾਮਿਆਂ ਨੂੰ ਖੰਗਾਲਣ ਦੀ ਲੋੜ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਤਾਕਤ ਸਾਹਮਣੇ ਅੱਜ ਵੀ ਵੱਡੇ ਮੁਲਕਾਂ ਦੀਆਂ ਆਧੁਨਿਕ ਫ਼ੌਜਾਂ ਕਮਜੋਰ ਹਨ। ਉਕਤ ਦਾਅਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮ ਦੌਰਾਨ ਬੋਲਦੇ ਹੋਏ ਕੀਤਾ। ਜੀ.ਕੇ. ਨੇ ਕਿਹਾ ਕਿ ਕਾਬੁਲ ਅਤੇ ਕੰਧਾਰ 'ਤੇ ਰਾਜ ਕਰਨ ਲਈ ਅਮਰੀਕਾ ਵਰਗੇ ਦੇਸ਼ ਅੱਜ ਵੀ ਸੁਪਨਾ ਦੇਖਦੇ ਰਹੇ ਹਨ ਜਦਕਿ ਮਹਾਰਾਜਾ ਦਾ ਰਾਜ ਖੇਤਰ ਮੌਜੂਦਾ ਸਮੇਂ ਦੇ ਅਫ਼ਗਾਨਿਸਤਾਨ, ਪਾਕਿਸਤਾਨ, ਭਾਰਤ ਅਤੇ ਚੀਨ ਦੇ ਵੱਡੇ ਹਿੱਸੇ ਵਿਚ ਰਿਹਾ ਸੀ। ਭਾਰਤੀ ਫੌਜਾਂ ਵੱਲੋਂ 1962 ਵਿਖੇ ਚੀਨ ਨਾਲ ਲੜੀ ਗਈ ਲੜਾਈ ਦਾ ਚੇਤਾ ਕਰਨ ਦੌਰਾਨ ਜੀ.ਕੇ. ਨੇ ਬੀਤੇ ਦਿਨੀਂ ਸਿੱਕਮ ਵਿਖੇ ਚੀਨੀ ਫ਼ੌਜ ਵੱਲੋਂ 2 ਭਾਰਤੀ ਬੰਕਰਾਂ 'ਤੇ ਕੀਤੇ ਗਏ ਹਮਲੇ ਨੂੰ ਵੱਡੀ ਗੁਸਤਾਖ਼ੀ ਦੱਸਿਆ। ਜੀ.ਕੇ. ਨੇ ਖੁਲਾਸਾ ਕੀਤਾ ਕਿ ਚੀਨ ਦਾ ਵੱਡਾ ਹਿੱਸਾ ਮਹਾਰਾਜਾ ਦੇ ਰਾਜ ਦਾ ਹਿੱਸਾ ਰਿਹਾ ਹੈ। ਜੇਕਰ ਅੱਜ ਸਾਨੂੰ ਚੀਨ ਆਪਣੀ ਫੌਜੀ ਤਾਕਤ ਰਾਹੀਂ ਅੱਖਾਂ ਦਿਖਾਂਉਣ ਦੀ ਜੁਰੱਅਤ ਕਰਦਾ ਹੈ ਤਾਂ ਸਾਨੂੰ ਮਹਾਰਾਜਾ ਦੀ ਫੌਜ ਦੇ ਜੰਗਜੂ ਕਾਰਨਾਮਿਆਂ ਨੂੰ ਮੁੜ੍ਹ ਖੰਗਾਲਣ ਦੀ ਲੋੜ ਹੈ। ਜੀ.ਕੇ. ਨੇ ਕਿਹਾ ਕਿ ਮਹਾਰਾਜਾ ਦਾ ਰਾਜ ਸਿੱਖ ਗੁਰੂਆਂ ਨੂੰ ਸਮਰਪਿਤ ਸੀ। ਮਹਾਰਾਜਾ ਨੇ ਆਪਣੇ ਆਪ ਨੂੰ ਨਾ ਤੇ ਕੋਈ ਖਿਤਾਬ ਬਖਸ਼ਿਆ ਅਤੇ ਨਾ ਹੀ ਕੋਈ ਆਪਣੇ ਨਾਂ 'ਤੇ ਸਿੱਕੇ ਚਲਾਏ। ਰਾਜ ਨੂੰ ਨਾਂ ਦਿੱਤਾ "ਸਰਕਾਰ ਖਾਲਸਾ ਜੀ" ਅਤੇ ਸਿੱਕਾ ਨਾਨਕਸ਼ਾਹੀ ਚਲਾਇਆ। ਅਨੇਕਾਂ ਗੁਰੂਧਾਮਾਂ ਦੀ ਉਸਾਰੀ ਕਰਵਾਈ ਪਰ ਧਰਮ ਨੂੰ ਹਮੇਸ਼ਾ ਸਿਆਸਤ ਤੋਂ ਉੱਪਰ ਰੱਖਿਆ। ਇਹੀ ਕਾਰਨ ਸੀ ਕਿ ਮਹਾਰਾਜਾ ਨੇ ਆਪਣੀ ਫ਼ੌਜਾਂ 'ਚ ਫਤਹਿ ਬੁਲਾਉਣ ਦੀ ਮਰਯਾਦਾ ਨੂੰ ਫ਼ੌਜੀ ਰਿਵਾਇਤ ਦਾ ਹਿੱਸਾ ਬਣਾਇਆ ਸੀ। ਮਹਾਰਾਜਾ ਦੇ ਰਾਜ ਜਾਣ ਪਿੱਛੇ ਵਿਕਾਊ ਲੋਕਾਂ ਦੀ ਗੱਦਾਰੀ ਨੂੰ ਮੁਖ ਕਾਰਨ ਦੱਸਦੇ ਹੋਏ ਜੀ.ਕੇ. ਨੇ ਮਹਾਰਾਜਾ ਦੇ ਪਰਿਵਾਰ ਦੇ, ਗੁਰੂ ਨੂੰ ਸਮਰਪਿਤ ਹੋਣ ਸਬੰਧੀ ਕਈ ਉਦਾਹਰਣ ਗਿਣਾਏ। ਇਸ ਮੌਕੇ ਦਿੱਲੀ ਕਮੇਟੀ ਦੇ ਹਜੂਰੀ ਰਾਗੀ ਜਥਿਆਂ ਨੇ ਕੀਰਤਨ ਅਤੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਸ਼ੇਰੇ ਪੰਜਾਬ ਦੇ ਜੀਵਨ ਤੋਂ ਜਾਣੂ ਕਰਵਾਇਆ। ਸਟੇਜ ਸਕੱਤਰ ਦੀ ਸੇਵਾ ਕਮੇਟੀ ਮੈਂਬਰ ਅਮਰਜੀਤ ਸਿੰਘ ਪਿੰਕੀ ਵੱਲੋਂ ਨਿਭਾਈ ਗਈ।



## ਦਿੱਲੀ ਕਮੇਟੀ ਦੇ ਇਤਰਾਜ 3 ਕੇਂਦਰੀ ਮੰਤਰਾਲੇ ਹਰਕਤ 'ਚ

ਉੱਚ ਸਿੱਖਿਆ ਦੇ ਵੱਖ-ਵੱਖ ਕੋਰਸਾਂ ਵਿਚ ਦਾਖਿਲੇ ਲਈ ਕਰਵਾਈ ਜਾਂਦੀ ਮੁਕਾਬਲਾ ਪ੍ਰੀਖਿਆ ਦੌਰਾਨ ਸਿੱਖ ਵਿਦਿਆਰਥੀਆਂ ਦੇ ਕਕਾਰਾਂ ਸਣੇ ਪ੍ਰੀਖਿਆ ਕੇਂਦਰ 'ਚ ਦਾਖਿਲ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਇਸ ਮਸਲੇ 'ਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਬੂਰ ਪੈਂਦਾ ਨਜ਼ਰ ਆਉਣ ਲੱਗਾ ਹੈ। ਬੀਤੇ ਦਿਨੀਂ ਕੁਝ ਸਿੱਖ ਵਿਦਿਆਰਥੀਆਂ ਦੇ ਕ੍ਰਿਪਾਨ ਅਤੇ ਕੜਾ ਲੁਹਾਉਣ ਦੇ ਸਾਹਮਣੇ ਆਏ ਮਾਮਲਿਆਂ ਤੋਂ ਬਾਅਦ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਕਾਨੂੰਨੀ ਲੜਾਈ ਦੇ ਹੁਣ ਨਤੀਜੇ ਤਕ ਪੁਜਣ ਦੀ ਆਸ ਬੱਝ ਗਈ ਹੈ। ਦਰਅਸਲ ਜੀ.ਕੇ. ਨੇ 2 ਮਈ 2017 ਨੂੰ ਭਾਰਤੀ ਸੰਵਿਧਾਨ ਅਧੀਨ ਮਿਲੀ ਧਾਰਮਿਕ ਅਜ਼ਾਦੀ ਦਾ ਹਵਾਲਾ ਦਿੰਦੇ ਹੋਏ ਕੇਂਦਰੀ ਮਨੁੱਖੀ ਸਰੋਤ ਵਿਕਾਸ ਅਤੇ ਕੇਂਦਰੀ ਘਟਗਿਣਤੀ ਮਾਮਲਿਆਂ ਦੇ ਮੰਤਰੀਆਂ ਨੂੰ ਪੱਤਰ ਭੇਜ ਕੇ ਇਸ ਸੰਬੰਧੀ ਇਤਰਾਜ ਦਰਜ ਕਰਾਇਆ ਸੀ। ਜੀ.ਕੇ. ਨੇ ਆਪਣੇ ਪੱਤਰ 'ਚ ਸੰਵਿਧਾਨ ਦੀ ਧਾਰਾ 25 ਅਤੇ 25(1) ਦਾ ਜਿਕਰ ਕਰਦਿਆਂ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਕੇ ਹਰ ਥਾਂ ਵਿਚਰਣ ਦੇ ਮਿਲੇ ਅਧਿਕਾਰ ਦੀ ਜਾਣਕਾਰੀ ਦਿੱਤੀ ਸੀ। ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰੀ ਘਟਗਿਣਤੀ ਮੰਤਰਾਲੇ ਦੇ ਅੰਡਰ ਸੈਕਟਰੀ ਐਸ.ਕੇ. ਸ਼ਰਮਾ ਵੱਲੋਂ ਕਮੇਟੀ ਨੂੰ ਭੇਜੇ ਗਏ ਜਵਾਬ 'ਚ ਇਸ ਮਸਲੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਇਸ਼ਾਰਾ ਕੀਤਾ ਗਿਆ ਹੈ। ਸ਼ਰਮਾ ਨੇ ਅਗਲੀ ਕਾਰਵਾਈ ਲਈ ਕਮੇਟੀ ਦੀ ਸ਼ਿਕਾਇਤ ਨੂੰ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਕੋਲ ਭੇਜ ਦਿੱਤਾ ਹੈ। ਸ਼ਰਮਾ ਨੇ ਉਕਤ ਮੰਤਰਾਲਿਆਂ ਨੂੰ ਇਸ ਮਸਲੇ 'ਤੇ ਜਰੂਰੀ ਕਦਮ ਚੁੱਕਣ ਦੀ ਵੀ ਬੇਨਤੀ ਕੀਤੀ ਹੈ। ਜੌਲੀ ਨੇ ਸਾਫ਼ ਕਿਹਾ ਕਿ ਸਿੱਖ ਬੱਚਿਆਂ ਦਾ ਕਕਾਰ ਸਹਿਤ ਪ੍ਰੀਖਿਆ ਦੇਣ ਜਾਣਾ ਸੰਵਿਧਾਨਿਕ ਹੱਕ ਹੈ। ਇਸ ਲਈ ਉਕਤ ਹੱਕ ਦੀ ਪ੍ਰਾਪਤੀ ਲਈ ਕਮੇਟੀ ਆਪਣੀ ਲੜਾਈ ਜਾਰੀ ਰੱਖੇਗੀ। ਮਾਮਲੇ ਦਾ ਹੱਲ ਮੰਤਰਾਲਿਆਂ ਵੱਲੋਂ ਨਾ ਕੀਤੇ ਜਾਣ ਦੇ ਹਾਲਾਤ ਤੇ ਕਮੇਟੀ ਨੇ ਸੁਪਰੀਮ ਕੋਰਟ ਜਾਣ ਦਾ ਰਾਹ ਵੀ ਖੁੱਲ੍ਹਾ ਰੱਖਿਆ ਹੋਇਆ ਹੈ।

## ਜੰਮੂ-ਕਸ਼ਮੀਰ ਦੇ ਸਕੂਲਾਂ 'ਚ ਪੰਜਾਬੀ ਭਾਸ਼ਾ 'ਤੇ ਲੱਗੀ ਰੋਕ ਹਟਾਉਣ ਦੀ ਮੰਗ

ਜੰਮੂ-ਕਸ਼ਮੀਰ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਤੋਂ ਬਾਹਰ ਕਰਨ ਦੀਆਂ ਆਈਆਂ ਖ਼ਬਰਾਂ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸਰਗਰਮ ਹੋ ਗਈ ਹੈ। ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਜੰਮੂ-ਕਸ਼ਮੀਰ ਦੀ ਮੁਖ ਮੰਤਰੀ ਬੀਬੀ ਮਹਿਬੂਬਾ ਮੁਫ਼ਤੀ ਨੂੰ ਪੱਤਰ ਭੇਜ ਕੇ ਇਸ ਸਬੰਧੀ ਇਤਰਾਜ ਦਰਜ ਕਰਵਾਉਂਦੇ ਹੋਏ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ।ਕਾਲਕਾ ਨੇ ਪੰਜਾਬੀ ਭਾਸ਼ਾ ਨੂੰ ਹਟਾ ਕੇ ਕਸ਼ਮੀਰੀ, ਡੋਗਰੀ ਅਤੇ ਬੋਧੀ ਭਾਸ਼ਾਵਾਂ ਨੂੰ ਸਕੂਲਾਂ 'ਚ ਲਾਜ਼ਮੀ ਵਿਸ਼ੇ ਵੱਜੋਂ ਪੜਾਉਣ ਦੇ ਸੂਬਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ ਨੂੰ ਤੁਗਲਕੀ ਫੁਰਮਾਨ ਕਰਾਰ ਦਿੰਦੇ ਹੋਏ ਸਰਕਾਰ ਦੇ ਫੈਸਲੇ ਨੂੰ ਭਾਸ਼ਾ ਦੇ ਆਧਾਰ ਤੇ ਸੂਬੇ ਦੀ ਵੰਡ ਦੱਸਿਆ ਹੈ। ਤੱਥਾਂ ਦਾ ਹਵਾਲਾ ਦਿੰਦੇ ਹੋਏ ਕਾਲਕਾ ਨੇ ਦੱਸਿਆ ਕਿ 2011 ਦੀ ਮਰਦਮ ਸ਼ੁਮਾਰੀ ਮੁਤਾਬਿਕ ਸੂਬੇ ਵਿਚ 1.87 ਫੀਸਦੀ ਸਿੱਖ ਰਹਿੰਦੇ ਹਨ ਜਦਕਿ ਬੋਧੀਆਂ ਦੀ ਗਿਣਤੀ 0.90 ਫੀਸਦੀ ਹੈ। ਮਤਲਬ ਸਿੱਖਾਂ ਤੋਂ ਅੱਧੀ, ਪਰ ਸੂਬਾ ਸਰਕਾਰ ਨੇ ਸਿਆਸੀ ਗੁਣਾ-ਭਾਗ ਦੀ ਪਰਵਾਹ ਕਰਦੇ ਹੋਏ ਸਿੱਖਾਂ ਨੂੰ ਮਾਂ-ਬੋਲੀ ਦੇ ਆਧਾਰ 'ਤੇ ਤੋੜਨ ਦੀ ਕੋਝੀ ਕੋਸ਼ਿਸ਼ ਕੀਤੀ ਹੈ।ਕਾਲਕਾ ਨੇ ਦੋਸ਼ ਲਗਾਇਆ ਕਿ ਸਿਆਸੀ ਲਾਹਾ ਲੈਣ ਲਈ ਸਰਕਾਰ ਨੇ ਸੂਬੇ ਨੂੰ ਜੰਮੂ, ਸ੍ਰੀਨਗਰ ਅਤੇ ਲਦਾਖ਼ ਤੇ ਹਿਸਾਬ ਨਾਲ ਕ੍ਰਮਵਾਰ ਡੋਗਰੀ, ਕਸ਼ਮੀਰੀ ਅਤੇ ਬੋਧੀ ਭਾਸ਼ਾਵਾਂ ਦੇ ਆਧਾਰ 'ਤੇ ਵੰਡ ਕਰਕੇ ਪੰਜਾਬੀ ਭਾਸ਼ਾ ਨੂੰ ਨਜ਼ਰ ਅੰਦਾਜ ਕੀਤਾ ਹੈ। ਕਾਲਕਾ ਨੇ ਜਾਣਕਾਰੀ ਦਿੱਤੀ ਕਿ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਕੱਠੂਆ, ਜੰਮੂ, ਸਾਂਭਾ, ਰਾਜੌਰੀ, ਬਾਰਾਮੂਲਾ, ਪੁੰਛ ਅਤੇ ਪੁਲਬਾਮਾ ਜਿਲ੍ਹਿਆਂ 'ਚ ਸਿੱਖਾਂ ਦੀ ਤਾਦਾਦ ਵੱਡੀ ਗਿਣਤੀ ਵਿਚ ਹੈ। ਇਸ ਕਰਕੇ ਸਿਆਸਤ ਲਈ ਪੰਜਾਬੀ ਭਾਸ਼ਾ ਨੂੰ ਨਜ਼ਰ ਅੰਦਾਜ਼ ਕਰਨਾ ਸੂਬੇ 'ਚ ਵੱਸਦੇ ਲਗਭਗ ਢਾਈ ਲੱਖ ਸਿੱਖਾਂ ਨੂੰ ਅਹਿਮੀਅਤ ਨਾ ਦੇਣ ਦੇ ਬਰਾਬਰ ਹੈ। ਕਾਲਕਾ ਨੇ ਖਦਸਾ ਪ੍ਰਗਟਾਇਆ ਕਿ ਪੰਜਾਬੀ ਭਾਸ਼ਾ ਨਾ ਪੜਾਏ ਜਾਣ ਦੀ ਸੂਰਤ 'ਚ ਮੁਕਾਬਲਾ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਘੱਟ ਮੋਕੇ ਨਸੀਬ ਹੋਣਗੇ।

## ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਦੇ ਸਮਾਗਮਾਂ ਦੀ ਸ਼ੁਰੂਆਤ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮ ਦੇ ਮਹਾਨ ਜਰਨੈਲ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ 2018 'ਚ ਆ ਰਹੀ ਤੀਜੀ ਜਨਮ ਸ਼ਤਾਬਦੀ ਨੂੰ ਮਨਾਉਣ ਲਈ ਸਰਗਰਮ ਹੋ ਗਈ ਹੈ। ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਲੜੀ 'ਚ ਪਹਿਲਾ ਸਮਾਗਮ ਕਮੇਟੀ ਵੱਲੋਂ ਦੁਸ਼ਟ ਦਮਨ ਸੇਵਕ ਜਥੇ ਦੇ ਸਹਿਯੋਗ ਨਾਲ ਮੋਤੀ ਨਗਰ ਵਿਖੇ ਕਰਵਾਇਆ ਗਿਆ। ਜਥੇ ਵੱਲੋਂ ਇਸ ਮੌਕੇ ਕਮੇਟੀ ਦੇ ਜੁਆਇੰਟ ਸਕੱਤਰ ਅਮਰਜੀਤ ਸਿੰਘ ਫਤਹਿ ਨਗਰ ਨੂੰ ਭਾਈ ਘਨਈਆ ਜੀ ਅਤੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੂੰ ਗਿਆਨੀ ਦਿੱਤ ਸਿੰਘ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਸੰਭਾਲ ਰਹੇ ਕਮੇਟੀ ਦੇ ਬੁਲਾਰੇ ਅਤੇ ਮੀਡੀਆ ਸਲਾਹਕਾਰ ਪਰਮਿੰਦਰ ਪਾਲ ਸਿੰਘ ਨੇ ਦੱਸਿਆ ਕਿ ਫਤਹਿ ਨਗਰ ਨੂੰ ਉਕਤ ਐਵਾਰਡ ਕਮੇਟੀ ਵੱਲੋਂ ਕੁਦਰਤੀ ਕਰੋਪੀ ਦੌਰਾਨ ਬਿਨਾ ਕਿਸੇ ਜਾਤ-ਧਰਮ ਦੇ ਵਿੱਤਕਰੇ ਮਨੁੱਖਤਾ ਦੀ ਸੇਵਾ ਕਰਨ ਲਈ ਜਦਕਿ ਜੌਲੀ ਨੂੰ ਸਿੱਖ ਪੰਥਕ ਮਸਲਿਆਂ 'ਤੇ ਦਲੇਰੀ, ਬੇਬਾਕੀ, ਸੂਝਵਾਨਤਾ ਅਤੇ ਮਜਬੂਤ ਤਰਕਸ਼ਕਤੀ ਰਾਹੀਂ ਅਦਾਲਤਾਂ ਵਿਚ ਕੌਮ ਦੀ ਆਵਾਜ਼ ਨੂੰ ਬੁਲੰਦ ਕਰਨ ਵਾਸਤੇ ਕੀਤੀਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਦਿੱਤਾ ਗਿਆ ਹੈ। ਸਮਾਗਮ ਦੌਰਾਨ ਹਜ਼ਾਰਾਂ ਸੰਗਤਾਂ ਦੀ ਮੌਜੂਦਗੀ 'ਚ ਪੰਥ ਪ੍ਰਸਿੱਧ ਰਾਗੀ ਭਾਈ ਮਨਪ੍ਰੀਤ ਸਿੰਘ ਕਾਨਪੁਰੀ, ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਰਵਿੰਦਰ ਸਿੰਘ, ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹਜੂਰੀ ਰਾਗੀ ਭਾਈ ਮਨੋਹਰ ਸਿੰਘ ਗੁਰਵਿੰਦਰ ਸਿੰਘ ਅਤੇ ਇਸਤਰੀ ਸਤਿਸੰਗ ਜਥਾ ਗੁਰਦੁਆਰਾ ਮੋਤੀ ਨਗਰ ਤੇ 9 ਬਲਾਕ ਦੀਆਂ ਬੀਬੀਆਂ ਨੇ ਗੁਰਬਾਣੀ ਕੀਰਤਨ ਅਤੇ ਬੀਬਾ ਨਵਦੀਪ ਕੌਰ ਖਾਲਸਾ ਨੇ ਲੈਕਚਰ ਰਾਹੀਂ ਸੰਗਤਾਂ ਨੂੰ ਗੁਰਮਤਿ ਦੇ ਰਾਹ 'ਤੇ ਚਲਣ ਦਾ ਸੁਨੇਹਾ ਦਿੱਤਾ। ਪਰਮਿੰਦਰ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸ਼ਖਸੀਅਤ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਬਾਬਾ ਬਘੇਲ ਸਿੰਘ ਦੇ ਸਾਥੀ ਜਰਨੈਲ ਦੇ ਤੌਰ 'ਤੇ ਆਹਲੂਵਾਲੀਆ ਵੱਲੋਂ ਕੀਤੀ ਗਈ ਦਿੱਲੀ ਫਤਹਿ ਸਿੱਖ ਇਤਿਹਾਸ ਦਾ ਉਹ ਸੁਨਹਿਰਾ ਵਰਕਾ ਹੈ ਜਿਸਦਾ ਜ਼ਿਕਰ ਆਉਂਦੇ ਹੀ ਹਰ ਸਿੱਖ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਸਿੱਖ ਜਰਨੈਲਾਂ ਵੱਲੋਂ 1783 ਵਿਚ ਦਿੱਲੀ ਫਤਹਿ ਕਰਨ ਦੇ ਬਾਵਜੂਦ ਦਿੱਲੀ ਦੇ ਇਤਿਹਾਸਕ ਗੁਰੂਧਾਮਾਂ ਦੀ ਨਿਸ਼ਾਨਦੇਹੀ ਦੇ ਬਦਲੇ ਰਾਜ



ਕੁਰਬਾਨ ਕਰ ਦੇਣ ਨੂੰ ਉਨ੍ਹਾਂ ਨੇ ਸਿੱਖ ਇਤਿਹਾਸ ਦੀ ਵੱਡੀ ਘਟਨਾ ਕਰਾਰ ਦਿੱਤਾ। ਸੰਗਤਾਂ ਨੂੰ ਆਪਣੇ ਬੱਚਿਆਂ ਤਕ ਅਮੀਰ ਸਿੱਖ ਵਿਰਸੇ ਨੂੰ ਪਹੁੰਚਾਉਣ ਦੀ ਅਪੀਲ ਕਰਦੇ ਹੋਏ ਉਨ੍ਹਾਂ ਦਿੱਲੀ ਕਮੇਟੀ ਵੱਲੋਂ ਇਸ ਸਬੰਧੀ ਸਮਾਗਮ ਸਾਲ ਭਰ ਚਲਣ ਦੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਜਥੇ ਦੇ ਮੁਖ ਸੇਵਾਦਾਰ ਰਵਿੰਦਰ ਸਿੰਘ ਬਿੱਟੂ, ਯੂਥ ਅਕਾਲੀ ਦਲ ਪੱਛਮੀ ਦਿੱਲੀ ਦੇ ਜਨਰਲ ਸਕੱਤਰ ਹਰਜੀਤ ਸਿੰਘ ਬਾਊਂਸ ਤੇ ਜਥੇ ਦੇ ਮੈਂਬਰਾਂ ਵੱਲੋਂ ਗੁਰੂ ਤੇਗ ਬਹਾਦਰ ਨਗਰ ਤੋਂ ਅਕਾਲੀ ਉਮੀਦਵਾਰ ਵੱਜੋਂ ਨਿਗਮ ਪਾਰਸ਼ਦ ਚੁਣੇ ਗਏ ਰਾਜਾ ਇਕਬਾਲ ਸਿੰਘ, ਵਿਜਿਲੈਂਸ ਕਮੇਟੀ ਦੇ ਚੇਅਰਮੈਨ ਜਸਵੰਤ ਸਿੰਘ ਬਿੱਟੂ, ਕਮੇਟੀ ਦੇ ਸਲਾਹਕਾਰ ਭੁਪਿੰਦਰ ਪਾਲ ਸਿੰਘ ਸਣੇ ਕਈ ਧਾਰਮਿਕ ਅਤੇ ਸਿਆਸੀ ਸੱਜਣਾ ਦਾ ਸਨਮਾਨ ਕੀਤਾ ਗਿਆ।

## ਜੀ.ਐਸ.ਟੀ. ਤੋਂ ਲੰਗਰ ਦੀ ਰਸਦ ਨੂੰ ਛੋਟ ਦੇਣ ਦੀ ਮੰਗ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ 'ਚ 1 ਜੁਲਾਈ ਤੋਂ ਲਾਗੂ ਹੋਏ ਨਵੇਂ ਟੈਕਸ ਨਿਜ਼ਾਮ ਜੀ.ਐਸ.ਟੀ. ਤੋਂ ਲੰਗਰ ਦੀ ਰਸਦ ਨੂੰ ਛੋਟ ਦੇਣ ਦੀ ਵਕਾਲਤ ਕੀਤੀ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਸ ਬਾਬਤ ਦੇਸ਼ ਦੇ ਖਜਾਨਾ ਮੰਤਰੀ ਅਰੁਣ ਜੇਟਲੀ ਨਾਲ ਮੁਲਾਕਾਤ ਤੋਂ ਬਾਅਦ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਇਸ ਸਬੰਧੀ ਖਜਾਨਾ ਮੰਤਰੀ ਨੂੰ ਭੇਜੇ ਗਏ ਪੱਤਰ ਦਾ ਵੀ ਜ਼ਿਕਰ ਕੀਤਾ। ਦਰਅਸਲ ਬੀਬਾ ਬਾਦਲ ਨੇ ਖਜਾਨਾ ਮੰਤਰੀ ਨੂੰ ਜੀ.ਐਸ.ਟੀ. ਕਰਕੇ ਸ਼੍ਰੋਮਣੀ ਕਮੇਟੀ 'ਤੇ ਸਲਾਨਾ 10 ਕਰੋੜ ਰੁਪਏ ਦਾ ਵਾਧੂ ਭਾਰ ਪੈਣ ਦੀ ਸੰਭਾਵਨਾ ਜਤਾਈ ਸੀ। ਜੀ.ਕੇ. ਨੇ ਖਦਸਾ ਜਤਾਇਆ ਕਿ ਲੰਗਰ ਦੀ ਰਸ਼ਦ 'ਤੇ 5 ਤੋਂ 18 ਫੀਸਦੀ ਤਕ ਲਗਾਈ ਗਈ ਟੈਕਸ ਦੀ ਦਰ ਗੁਰੂ ਦੀ ਗੋਲਕ ਦੇ ਖਜਾਨੇ 'ਤੇ ਵਾਧੂ ਭਾਰ ਪਾਵੇਗੀ, ਜਿਸ ਕਰਕੇ ਜਿਆਦਾ ਤੋਂ ਜਿਆਦਾ ਲੋੜਵੰਦ ਲੋਕਾਂ ਨੂੰ ਲੰਗਰ ਛਕਾਉਣ 'ਚ ਕਮੇਟੀ ਨੂੰ ਮੁਸ਼ਕਿਲ ਪੇਸ਼ ਆ ਸਕਦੀ ਹੈ। ਜੀ.ਕੇ. ਨੇ ਕਿਹਾ ਕਿ ਦਿੱਲੀ ਦੇ ਗੁਰੂਧਾਮਾਂ 'ਚ ਜਿਥੇ ਹਜ਼ਾਰਾਂ ਸੰਗਤਾਂ ਰੋਜ਼ਾਨਾ ਲੰਗਰ ਛੱਕਦੀਆਂ ਹਨ, ਉਥੇ ਹੀ ਸੈਂਕੜੇ ਪ੍ਰਦਰਸ਼ਨਕਾਰੀਆਂ ਲਈ ਕਮੇਟੀ ਵੱਲੋਂ ਰੋਜ਼ਾਨਾ ਜੰਤਰ-ਮੰਤਰ 'ਤੇ ਵੀ ਲੰਗਰ ਭੇਜਿਆ ਜਾਂਦਾ ਹੈ। ਬੀਤੇ ਦਿਨੀਂ ''ਵਨ ਰੈਂਕ-ਵਨ ਪੈਨਸ਼ਨ'' ਦੀ ਮੰਗ ਨੂੰ ਲੈ ਕੇ ਸਾਬਕਾ ਫੌਜੀਆਂ ਵੱਲੋਂ ਕਈ ਦਿਨਾਂ ਤਕ ਜੰਤਰ-ਮੰਤਰ 'ਤੇ ਦਿੱਤੇ ਗਏ ਧਰਨੇ ਦਾ ਚੇਤਾ ਕਰਦੇ ਹੋਏ ਜੀ.ਕੇ. ਨੇ ਕਿਹਾ ਕਿ ਜਿਥੇ ਸਰਕਾਰਾਂ ਪਿੱਛੇ ਹੱਟ ਜਾਂਦੀਆਂ ਹਨ, ਸਰਦਾਰ ਉਥੇ ਵੀ ਮਨੁੱਖਤਾ ਦੀ ਸੇਵਾ ਕਰਨ ਤੋਂ ਪਿੱਛੇ ਨਹੀਂ ਹਟਦੇ। ਅਸੀਂ ਲੰਗਰ ਭੇਜਣ ਵੇਲੇ ਕਦੇ ਵੀ ਕਿਸੇ ਸਿਆਸੀ ਪਾਰਟੀ ਦੇ ਪ੍ਰਦਰਸ਼ਨ ਨੂੰ ਸਿਆਸੀ ਨੀਅਤ ਨਾਲ ਨਹੀਂ ਤੱਕਿਆ। ਇਸ ਲਈ ਲੰਗਰ ਦੀ ਰਸਦ ਨੂੰ ਟੈਕਸ ਛੋਟ ਦੇ ਕੇ ਸਰਕਾਰ ਆਮ ਲੋਕਾਂ ਦਾ ਭਲਾ ਕਰ ਸਕਦੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਕਈ ਹੋਰ ਗੁਰੂਧਾਮਾਂ ਦੇ ਲੰਗਰਾਂ ਲਈ ਪੰਜਾਬ ਸਰਕਾਰ ਵੱਲੋਂ ਵੈਟ ਤੋਂ ਮਿਲੀ ਛੋਟ ਦਾ ਵੀ ਜੀ.ਕੇ. ਨੇ ਹਵਾਲਾ ਦਿੱਤਾ। ਜੀ.ਕੇ. ਨੇ ਦੱਸਿਆ ਕਿ ਜੀ.ਐਸ.ਟੀ. 'ਚ ਅੱਧਾ ਟੈਕਸ ਕੇਂਦਰ ਸਰਕਾਰ ਦਾ ਅਤੇ ਅੱਧਾ ਸੂਬਾ ਸਰਕਾਰ ਦਾ ਹੈ। ਇਸ ਲਈ ਉਹ ਛੇਤੀ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਲੰਗਰ ਦੀ ਰਸਦ ਨੂੰ ਟੈਕਸ ਤੋਂ ਛੋਟ ਦੇਣ ਦੀ ਮੰਗ ਨੂੰ ਲੈ ਕੇ ਮੁਲਾਕਾਤ ਕਰਨਗੇ।



## ਵਿਸ਼ਵ ਹਿੰਦੂ ਪਰਿਸ਼ਦ ਦੇ ਮਤੇ ਦਾ ਵਿਰੋਧ

ਵਿਸ਼ਵ ਹਿੰਦੂ ਪਰਿਸ਼ਦ ਵੱਲੋਂ ਕੇਂਦਰੀ ਘਟਗਿਣਤੀ ਮਾਮਲਿਆਂ ਦੇ ਮੰਤਰਾਲੇ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਨੂੰ ਭੰਗ ਕਰਨ ਸਬੰਧੀ ਚੁੱਕੀ ਗਈ ਮੰਗ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਨਰਾਜ਼ਗੀ ਜਤਾਈ ਹੈ। ਕਮੇਟੀ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਨੇ ਬੀਤੇ ਦਿਨੀਂ ਗੁਜਰਾਤ ਦੇ ਬੜਤਾਲ ਵਿਖੇ ਪਰਿਸ਼ਦ ਦੀ ਹੋਈ ਬੈਠਕ 'ਚ ਇਸ ਸਬੰਧੀ ਪਾਸ ਕੀਤੇ ਗਏ ਮਤੇ ਨੂੰ ਦੇਸ਼ ਦੇ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ਼ ਦੱਸਿਆ। ਦਰਅਸਲ ਕਮਿਸ਼ਨ ਵੱਲੋਂ ਬੀਤੇ ਦਿਨੀਂ ਘਟ ਗਿਣਤੀ ਭਾਈਚਾਰੇ ਦੇ ਲੋਕਾਂ ਨਾਲ ਹੋਏ ਕਿਸੇ ਵੀ ਧੱਕੇ ਦੀ ਜਾਣਕਾਰੀ ਦੇਣ ਲਈ ਹੈਲਪ ਲਾਈਨ ਨੰਬਰ ਜਾਰੀ ਕੀਤਾ ਗਿਆ ਸੀ। ਜਿਸ ਨੂੰ ਪਰਿਸ਼ਦ ਨੇ ਕਮਿਸ਼ਨ 'ਤੇ ਵਿਦੇਸ਼ਾਂ ਵਿਚ ਦੇਸ਼ ਦੀ ਛਵੀ ਖਰਾਬ ਕਰਨ ਅਤੇ ਵੱਖਵਾਦ ਪੈਦਾ ਕਰਨ ਵੱਜੋਂ ਪਰਿਭਾਸ਼ਿਤ ਕੀਤਾ ਸੀ। ਕਮੇਟੀ ਦੇ ਬੁਲਾਰੇ ਨੇ ਸਵਾਲਿਆ ਲਹਿਜੇ ਵਿਚ ਪੁੱਛਿਆ ਕਿ ਜੇਕਰ ਮਹਿਲਾ ਜਾਂ ਬੱਚਿਆਂ ਦੀ ਹੈਲਪ ਲਾਈਨ ਨਾਲ ਦੇਸ਼ ਦੀ ਮਾਨਹਾਨੀ ਨਹੀਂ ਹੁੰਦੀ, ਤਾਂ ਘਟ ਗਿਣਤੀ ਹੈਲਪ ਲਾਈਨ ਨਾਲ ਮਾਨਹਾਨੀ ਕਿਵੇਂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਸੰਵਿਧਾਨ ਦੀ ਮੂਲ ਭਾਵਨਾ ਧਰਮ ਨਿਰਪੇਖਤਾ ਹੈ ਅਤੇ ਸੰਵਿਧਾਨ ਹੀ ਦੇਸ਼ ਦੇ ਘਟ ਗਿਣਤੀ ਭਾਈਚਾਰੇ ਦੀ ਰੱਖਿਆ ਲਈ ਮੰਤਰਾਲੇ ਤੇ ਕਮਿਸ਼ਨ ਬਣਾਉਣ ਦੀ ਪ੍ਰਵਾਨਗੀ ਦਿੰਦਾ ਹੈ। ਇਸ ਲਈ ਬਿਨਾਂ ਕਿਸੇ ਲੋੜ ਤੋਂ ਉਕਸਾਵੇ ਵਾਲੀ ਬਿਆਨਬਾਜ਼ੀ ਕਰਨ ਤੋਂ ਇੱਕ ਵਕਾਰੀ ਜਥੇਬੰਦੀ ਨੂੰ ਸੰਕੋਚ ਕਰਨਾ ਚਾਹੀਦਾ ਸੀ। ਉਨ੍ਹਾਂ ਸਾਫ਼ ਕੀਤਾ ਕਿ ਸੰਵਿਧਾਨ ਹੀ ਘਟ ਗਿਣਤੀ ਵਿੱਦਿਅਕ ਅਦਾਰੇ ਸਥਾਪਿਤ ਕਰਨ ਦੀ ਦਿਸ਼ਾ ਵੱਲ ਘਟਗਿਣਤੀ ਭਾਈਚਾਰੇ ਨੂੰ ਤੋਰਦਾ ਹੈ। ਜਿਸ ਕਰਕੇ ਘਟਗਿਣਤੀ ਭਾਈਚਾਰਾ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੋਇਆ ਦੇਸ਼ ਦੇ ਵਿਕਾਸ 'ਚ ਉਸਾਰੂ ਯੋਗਦਾਨ ਪਾਉਣ ਦਾ ਕਾਰਨ ਬਣਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੇ 3 ਸਾਲਾਂ ਦੌਰਾਨ ਲਗਾਤਾਰ ਘਟਗਿਣਤੀ ਕੌਮਾਂ ਦੇ ਵਿਕਾਸ ਲਈ ਕੀਤੇ ਗਏ ਕੰਮ ਅਤੇ ''ਸਭ ਕਾ ਸਾਥ-ਸਭ ਕਾ ਵਿਕਾਸ'' ਦੇ ਦਿੱਤੇ ਗਏ ਨਾਰੇ ਸੱਦਕਾ ਵੱਡੀ ਗਿਣਤੀ 'ਚ ਘਟਗਿਣਤੀ ਭਾਈਚਾਰਾ ਭਾਰਤੀ ਜਨਤਾ ਪਾਰਟੀ ਨਾਲ ਜੁੜਨ ਲੱਗਾ ਸੀ। ਪਰ ਅਜਿਹੇ ਬਿਆਨ ਉਸਾਰੂ ਮਾਹੌਲ ਸਿਰਜਣ ਦੀ ਬਜਾਏ ਵਿਸ਼ਵਾਸ ਤੋੜਨ ਦਾ ਕਾਰਨ ਬਣ ਸਕਦੇ ਹਨ।

## ਬਾਲਾ ਪ੍ਰੀਤਮ ਕੀਰਤਨ ਕੌਂਸਿਲ ਵੱਲੋਂ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਗਿਆ

ਗੁਰਦੁਆਰਾ ਗਿਆਨ ਗੋਦੜੀ ਮੁਹਿੰਮ ਨੂੰ ਸਮਰਪਿਤ ਬਾਲਾ ਪ੍ਰੀਤਮ ਕੀਰਤਨ ਕੌਂਸਿਲ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਉਪਰੋਕਤ ਸਮਾਗਮ ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਮੂਹ ਹਜ਼ੂਰੀ ਰਾਗੀ ਅਤੇ ਢਾਡੀ ਜਥਿਆਂ ਦੀ ਕੌਂਸਿਲ ਵੱਲੋਂ ਕਰਵਾਉਣ ਦੀ ਜਾਣਕਾਰੀ ਕੌਂਸਿਲ ਦੇ ਪ੍ਰਧਾਨ ਭਾਈ ਮਨੋਹਰ ਸਿੰਘ ਨੇ ਦਿੱਤੀ। ਕਮੇਟੀ ਦੇ ਸੀਨੀਅਰ




ਰਾਗੀ ਜਥੇ ਭਾਈ ਮਨੋਹਰ ਸਿੰਘ, ਭਾਈ ਦਰਸ਼ਨ ਸਿੰਘ ਨਿਰਮਲ, ਭਾਈ ਭੁਪਿੰਦਰ ਸਿੰਘ ਆਨੰਦ, ਭਾਈ ਅਮਨਦੀਪ ਸਿੰਘ, ਭਾਈ ਗੁਰਮੇਲ ਸਿੰਘ ਅਤੇ ਭਾਈ ਜਗਦੀਪ ਸਿੰਘ ਨੇ ਕੌਂਸਿਲ ਦੇ ਰੂਪ ਵਿਚ ਸਮੂਹਿਕ ਕੀਰਤਨ ਕਰਦੇ ਹੋਏ ਨਿਵੇਕਲਾ ਪ੍ਰਭਾਵ ਕਾਇਮ ਕਰ ਦਿੱਤਾ। ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਮੁਹਿੰਮ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਭਾਈ ਮਨੋਹਰ ਸਿੰਘ ਨੇ ਦੱਸਿਆ ਕਿ ਜਦੋਂ ਸਾਰਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ੍ਹ ਸਥਾਪਨਾ ਲਈ ਕੋਸ਼ਿਸ਼ ਕਰ ਰਿਹਾ ਹੈ। ਅਸੀਂ ਵੀ ਬਤੌਰ ਗੁਰੂ ਦੇ ਪ੍ਰਚਾਰਕ ਇਸ ਮੁਹਿੰਮ ਨੂੰ ਆਪਣਾ ਸਮਰਥਨ ਦੇਣ ਲਈ ਕੌਂਸਿਲ ਦੇ ਰਾਹੀਂ ਆਪਣਾ ਹਿੱਸਾ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕਰਮਕਾਂਡਾਂ ਤੋਂ ਦੂਰ ਰਹਿਣ ਦੇ ਸੰਗਤ ਨੂੰ ਦਿੱਤੇ ਗਏ ਉਪਦੇਸ਼ ਦੀ ਜਾਣਕਾਰੀ ਦਿੰਦੇ ਹੋਏ ਰਾਗੀ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਗੁਰਬਾਣੀ ਗਾਇਨ ਕੀਤੀ।

## ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵਧੀਆਂ

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ 21 ਨੌਜਵਾਨ ਸਿੱਖਾਂ ਦੇ ਕਥਿਤ ਕਤਲ ਦੇ ਮਾਮਲੇ 'ਚ ਪੰਜਾਬ ਸਰਕਾਰ ਦੇ ਮੁਖ ਸਕੱਤਰ ਅਤੇ ਮੁਖ ਮੰਤਰੀ ਦੇ ਸਕੱਤਰ ਨੂੰ ਚਾਰ ਹਫ਼ਤਿਆਂ 'ਚ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ। ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 17 ਮਈ ਨੂੰ ਕੀਤੇ ਗਏ ਟਵੀਟ ਦੇ ਜਰੀਏ 21 ਸਿੱਖਾਂ ਦੇ ਹਿਰਾਸਤੀ ਕਤਲ ਦੇ ਸਾਹਮਣੇ ਆਏ ਖੁਲਾਸੇ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਕਮਿਸ਼ਨ 'ਚ ਦਾਇਰ ਕੀਤੀ ਗਈ ਪਟੀਸ਼ਨ 'ਤੇ ਕਮਿਸ਼ਨ ਨੇ ਇਹ ਫੈਸਲਾ ਲਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜੀ.ਕੇ. ਨੇ ਦੱਸਿਆ ਕਿ ਕਮੇਟੀ ਵੱਲੋਂ 21 ਸਿੱਖਾਂ ਦੇ ਕਾਤਲਾਂ ਦੇ ਖਿਲਾਫ਼ ਮੁੱਕਦਮਾ ਦਰਜ਼ ਕਰਨ, ਦੋਸ਼ੀ ਪੁਲਿਸ ਅਧਿਕਾਰੀਆਂ ਦੇ ਨਾਂ ਦਸਣ ਅਤੇ ਪੀੜ੍ਹਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਕਮਿਸ਼ਨ 'ਚ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ 'ਚ ਪੰਜਾਬ ਪੁਲਿਸ ਦੇ ਡੀ.ਜੀ.ਪੀ., ਸੀ.ਬੀ.ਆਈ. ਡਾਇਰੈਕਟਰ ਅਤੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਵੀ ਪਾਰਟੀ ਬਣਾਇਆ ਗਿਆ ਹੈ। ਕਿਉਂਕਿ ਕੈਪਟਨ ਨੇ ਆਪਣੇ ਟਵੀਟ 'ਚ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਸਲਾਹ 'ਤੇ 21 ਸਿੱਖਾਂ ਵੱਲੋਂ ਪੰਜਾਬ ਪੁਲਿਸ ਨੂੰ ਹਵਾਲਗੀ ਦੇਣ ਦੀ ਜਾਣਕਾਰੀ ਦਿੱਤੀ ਸੀ। ਪਰ ਬਾਅਦ ਵਿਚ ਉਕਤ ਨੌਜਵਾਨਾਂ ਦਾ ਹਿਰਾਸਤ 'ਚ ਕਤਲ ਹੋਣ ਦਾ ਵੀ ਕੈਪਟਨ ਨੇ ਦਾਅਵਾ ਕੀਤਾ ਸੀ। ਜੀ.ਕੇ. ਨੇ ਕਿਹਾ ਕਿ ਕੈਪਟਨ ਨੇ ਸੂਬੇ ਦੇ ਮੁਖ ਮੰਤਰੀ ਵੱਜੋਂ ਕੀਤੇ ਗਏ ਇਸ ਕਬੂਲ ਨਾਮੇ ਦੇ ਬਾਵਜੂਦ 21 ਨੌਜਵਾਨਾਂ ਦੇ ਨਾਂ ਦੱਸਣ ਤੋਂ ਪਾਸਾ ਵੱਟ ਲਿਆ ਸੀ। ਜਿਸ ਕਰਕੇ ਕਮੇਟੀ ਨੂੰ ਮਨੁੱਖੀ ਅਧਿਕਾਰਾਂ ਦੇ ਹੋਏ ਇਸ ਘਾਣ 'ਤੇ ਪਟੀਸ਼ਨ ਦਾਇਰ ਕਰਨੀ ਪਈ। ਜੀ.ਕੇ. ਨੇ ਸਲਾਹ ਦਿੱਤੀ ਕਿ ਕਮਿਸ਼ਨ ਕੋਲ 4 ਹਫਤਿਆਂ ਵਿਚ ਜਵਾਬ ਦਾਖਿਲ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਦੋਸ਼ੀ ਅਤੇ ਪੀੜਤਾਂ ਦੇ ਨਾਂ ਜਨਤਕ ਕਰਦੇ ਹੋਏ ਤੁਰੰਤ ਐਫ.ਆਈ.ਆਰ. ਦਰਜ਼ ਕਰਨੀ ਚਾਹੀਦੀ ਹੈ। ਜੀ.ਕੇ. ਨੇ ਇਸ ਮਸਲੇ 'ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਅਤੇ ਜਸਵਿੰਦਰ ਸਿੰਘ ਜੌਲੀ ਵੱਲੋਂ ਕੈਪਟਨ ਦੇ ਖਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭੇਜੀ ਗਈ ਸ਼ਿਕਾਇਤ ਦਾ ਵੀ ਹਵਾਲਾ ਦਿੱਤਾ। ਜੀ.ਕੇ. ਨੇ ਭਰੋਸਾ ਦਿੱਤਾ ਕਿ ਦਿੱਲੀ ਕਮੇਟੀ ਇਸ ਮਸਲੇ 'ਤੇ ਕੌਮ ਦੀ ਲੜਾਈ ਨੂੰ ਅੰਜਾਮ ਤਕ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਰਖੇਗੀ।

## ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਰੋਕਿਆ ਜਾਣਾ ਮੰਦਭਾਗਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਵਿੱਚਲੇ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਭਾਰਤ ਸਰਕਾਰ ਵੱਲੋਂ ਰੋਕੇ ਜਾਣ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਮੀਡੀਆ ਨੂੰ ਜਾਰੀ ਬਿਆਨ 'ਚ ਭਾਰਤੀ ਵਿਦੇਸ਼ ਮੰਤਰਾਲੇ ਦੀ ਭੂਮਿਕਾ ਨੂੰ

ਅਤਿ ਉਤਸ਼ਾਹ ਦੀ ਕਾਰਵਾਈ ਦੱਸਿਆ ਹੈ। ਜੀ.ਕੇ. ਨੇ ਕਿਹਾ ਕਿ ਜੂਨ 1972 'ਚ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜ਼ੁਲਫ਼ੀਕਾਰ ਅੱਲੀ ਭੁੱਟੋ ਵਿਚਾਲੇ ਕੂਟਨੀਤਿਕ ਫੈਸਲਾ ਹੋਇਆ ਸੀ। ਜਿਸਨੂੰ ਸ਼ਿਮਲਾ ਸਮਝੌਤਾ ਵੱਜੋਂ ਜਾਣਿਆ ਜਾਂਦਾ ਹੈ। ਸਮਝੌਤੇ ਅਨੁਸਾਰ ਪਾਕਿਸਤਾਨ ਦੇ ਗੁਰੂਧਾਮਾਂ ਦੇ ਦਰਸ਼ਨਾਂ ਲਈ ਭਾਰਤੀ ਸਿੱਖ ਸਾਲ 'ਚ 4 ਵਾਰ ਜਥੇ ਦੇ ਤੌਰ ਤੇ ਜਾ ਸਕਦੇ ਹਨ। ਜਿਸ ਵਿਚ ਵਿਸਾਖੀ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਾਮਿਲ ਹਨ। ਜੀ.ਕੇ. ਨੇ ਕਿਹਾ ਕਿ ਪਾਕਿਸਤਾਨੀ ਦੂਤਘਰ ਵੱਲੋਂ ਯਾਤਰਾ ਦੇ ਇਛੁੱਕ ਭਾਰਤੀ ਸਿੱਖਾਂ ਨੂੰ ਵੀਜ਼ਾ ਦੇਣ ਦੇ ਬਾਵਜੂਦ ਅਟਾਰੀ ਬਾਰਡਰ 'ਤੇ ਭਾਰਤੀ ਅਧਿਕਾਰੀਆਂ ਵੱਲੋਂ ਸੁਰੱਖਿਆ ਕਾਰਨਾ ਕਰਕੇ ਰੋਕੇ ਜਾਣਾ ਸ਼ਿਮਲਾ ਸਮਝੌਤਾ ਦੀ ਉਲੰਘਣਾ ਹੈ। ਜੀ.ਕੇ. ਨੇ ਖੁਲਾਸਾ ਕੀਤਾ ਕਿ 1948 ਤੋਂ ਲਗਾਤਾਰ ਭਾਰਤੀ ਯਾਤਰੂ ਹਰ ਸਾਲ ਪਾਕਿਸਤਾਨ ਵੱਖ-ਵੱਖ ਮੌਕਿਆਂ 'ਤੇ ਜਾਂਦੇ ਰਹੇ ਹਨ ਅਤੇ ਇਹ ਸਿਲਸਿਲਾ ਸਿੱਖ ਨਸ਼ਲਕੁਸ਼ੀ ਦੇ ਸਾਲ ਵੱਜੋਂ ਜਾਣੇ ਜਾਂਦੇ 1984 ਵਿਚ ਵੀ ਜਾਰੀ ਰਿਹਾ ਸੀ। ਸ਼੍ਰੋਮਣੀ ਅਤੇ ਦਿੱਲੀ ਕਮੇਟੀ ਨੂੰ ਪਾਕਿਸਤਾਨੀ ਯਾਤਰਾ ਦੌਰਾਨ ਸਿੱਖ ਯਾਤਰੂਆਂ ਦੀ ਹਿਫ਼ਾਜਤ ਆਪਣੇ ਸਿਰ ਲੈਣ ਦੀ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਸਲਾਹ 'ਤੇ ਵੀ ਜੀ.ਕੇ. ਨੇ ਸਵਾਲ ਖੜ੍ਹੇ ਕੀਤੇ। ਜੀ.ਕੇ. ਨੇ ਪੁੱਛਿਆ ਕਿ ਭਾਰਤ ਸਰਕਾਰ ਨੇ ਕਦੇ ਮੱਕਾ ਵਿਖੇ ਹੱਜ ਲਈ ਜਾਣ ਵਾਲੇ ਮੁਸਲਮਾਨਾ ਦੀ ਸੁਰੱਖਿਆ ਲਈ ਸਉਦੀ ਅਰਬ ਤੋਂ ਅਤੇ ਕੈਲਾਸ਼ ਮਾਨਸਰੋਵਰ ਦੀ ਯਾਤਰਾ ਤੇ ਜਾਣ ਵਾਲੇ ਹਿੰਦੂ ਯਾਤਰੂਆਂ ਲਈ ਚੀਨ ਸਰਕਾਰ ਤੋਂ ਸੁਰੱਖਿਆ ਦੀ ਜਿੰਮੇਵਾਰੀ ਲਈ ਹੈ ? ਜੀ.ਕੇ. ਨੇ ਭਾਰਤੀ ਵਿਦੇਸ਼ ਮੰਤਰਾਲੇ ਨੂੰ 2019 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆ ਰਹੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਭਾਰਤੀ ਸਿੱਖਾਂ ਦੇ ਜਥਿਆਂ ਨੂੰ ਖੁਲੇ ਦਿਲ ਨਾਲ ਭੇਜਣ ਲਈ ਕਾਰਜ ਕਰਨ ਦੀ ਨਸੀਹਤ ਦਿੰਦੇ ਹੋਏ ਸਾਲ 'ਚ ਜਾਣ ਵਾਲੇ ਜਥਿਆ ਦੀ ਗਿਣਤੀ 4 ਤੋਂ ਵੱਧਾ ਕੇ 6 ਕਰਨ ਦੀ ਵੀ ਮੰਗ ਕੀਤੀ। ਦਰਅਸਲ ਬੀਤੇ ਦਿਨੀਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਭਾਰਤ ਸਰਕਾਰ ਨੇ ਸਿੱਖ ਯਾਤਰੂਆਂ ਨੂੰ ਵੀਜ਼ਾ ਹੋਣ ਦੇ ਬਾਵਜੂਦ ਅਟਾਰੀ ਬਾਰਡਰ ਤੋਂ ਅੱਗੇ ਨਹੀਂ ਜਾਣ ਦਿੱਤਾ ਸੀ।

## ਵਿਦਵਾਨਾਂ ਦੀ ਨਜ਼ਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਭਾਸ਼ਾ ਸ਼ਾਸਤਰੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖੋਜ ਅਦਾਰੇ ਵੱਲੋਂ ''ਗੁਰਮੁਖੀ ਲਿਪੀ ਦੇ ਵਿਕਾਸ ਲਈ ਸਿੱਖ ਗੁਰੂਆਂ ਦਾ ਯੋਗਦਾਨ'' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼ ਵੱਲੋਂ ਕਰਵਾਏ ਜਾਂਦੇ ਮਾਸਿਕ ਸੈਮੀਨਾਰ ਦੀ ਲੜੀ 'ਚ ਇਸ ਵਾਰ ਡਾ. ਬਲਬੀਰ ਸਿੰਘ ਸੈਂਟਰ ਦੇਹਰਾਦੂਨ ਦੇ ਡਾਇਰੈਕਟਰ ਡਾ. ਹਰਭਜਨ ਸਿੰਘ ਨੇ ਸਿੱਖ ਗੁਰੂਆਂ ਵੱਲੋਂ ਗੁਰਮੁਖੀ ਲਿਪੀ ਦੇ ਵਿਕਾਸ 'ਚ ਪਾਏ ਗਏ ਯੋਗਦਾਨ ਦੀ ਜਾਣਕਾਰੀ ਦਿੱਤੀ। ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਇਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕੀਤੀ। ਡਾ. ਹਰਭਜਨ ਸਿੰਘ ਦੇ ਵਿਚਾਰ ਦਾ ਕੇਂਦਰੀ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਅਤੇ ਲਿਪੀ ਸੀ। ਉਨ੍ਹਾਂ ਦੱਸਿਆ ਕਿ ਗੁਰਮੁਖੀ ਲਿਪੀ ਤੋਂ ਪਹਿਲਾਂ ਕੋਈ ਵਿਵਸਥਿਤ ਲਿਪੀ ਮੌਜੂਦ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਸਭ ਤੋਂ ਵੱਡਾ ਭਾਸ਼ਾ ਸ਼ਾਸਤਰ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਭਾਸ਼ਾ ਸ਼ਾਸਤਰੀ ਸਨ। ਅੱਖਰ ਦੀ ਪਰਿਭਾਸ਼ਾ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਅੱਖਰ ਮਰਦਾ ਨਹੀਂ ਸਗੋਂ ਅਧਿਆਤਮਿਕਤਾ ਨਾਲ ਜੁੜ ਕੇ ਸਦਾ ਕਾਇਮ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਵੱਲੋਂ ਲਿਪੀ ਦੀ ਕੀਤੀ ਗਈ ਸ਼ੁਰੂਆਤ ਨੂੰ ਗੁਰੂ ਅੰਗਦ ਦੇਵ ਜੀ ਵੱਲੋਂ ਸੰਪੂਰਣ ਕਰਨ ਦੀ ਗੱਲ ਕਰਦੇ ਹੋਏ ਉਨ੍ਹਾਂ ਨੇ ਵਿਸ਼ੇਸ਼ ਉਚਾਰਣ ਲਈ ਪੰਜਾਬੀ ਭਾਸ਼ਾ ਵਿਚ ਵਰਤੇ ਗਏ ਕਈ ਅੱਖਰਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਅੱਖਰਾਂ ਦੀ ਬਨਾਵਟ ਅਤੇ ਵਿਵਸਥਾ ਬਾਰੇ ਵੀ ਵਿਚਾਰ ਰੱਖੇ। ਡਾ. ਜਸਪਾਲ ਸਿੰਘ ਨੇ ਡਾ. ਹਰਭਜਨ ਸਿੰਘ ਦੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਹੋਏ ਪੰਜਾਬੀ ਭਾਸ਼ਾ ਨੂੰ ਵੇਦਾ ਤੋਂ ਵੀ ਪੁਰਾਣੀ ਭਾਸ਼ਾ ਦੱਸਿਆ। ਇਸ ਸਬੰਧ ਵਿਚ ਉਨ੍ਹਾਂ ਨੇ ਬਾਬਾ ਫਰੀਦ ਜੀ ਦੀਆਂ ਰਚਨਾਵਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਹੋਏ ਰੁਪਾਂਤਰਣ ਦਾ ਵੀ ਜਿਕਰ ਕੀਤਾ। ਗੁਰਮੁਖੀ ਲਿਪੀ ਦਾ ਮਾਨਕੀਕਰਣ ਦਾ ਸਿਹਰਾ ਗੁਰੂ ਅੰਗਦ ਦੇਵ ਜੀ ਦੇ ਸਿਰ ਬੰਨ੍ਹਦੇ ਹੋਏ ਉਨ੍ਹਾਂ ਨੇ ਗੁਰੂ ਸਾਹਿਬਾਨ ਵੱਲੋਂ ਗੁਰਮੁਖੀ ਲਿਪੀ ਨੂੰ ਸੰਗਠਿਤ ਰੂਪ ਪ੍ਰਦਾਨ ਕਰਨ ਦਾ ਦਾਅਵਾ ਕੀਤਾ। ਅਦਾਰੇ ਦੇ ਚੇਅਰਮੈਨ ਤ੍ਰਿਲੋਚਨ ਸਿੰਘ ਨੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ। ਅਦਾਰੇ ਦੀ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਸਟੇਜ ਸਕੱਤਰ ਦੀ ਜ਼ਿਮੇਦਾਰੀ ਨਿਭਾਈ। ਇਸ ਮੌਕੇ ਕਮੇਟੀ ਦੇ ਮੁੱਖ ਸਲਾਹਕਾਰ ਮਹਿੰਦਰ ਪਾਲ ਸਿੰਘ ਚੱਢਾ, ਡਾ. ਹਰਮੀਤ ਸਿੰਘ ਅਤੇ ਕਈ ਵਿਦਵਾਨ ਮੌਜੂਦ ਸਨ।



## ਇਸਾਈ ਪ੍ਰਚਾਰਕਾਂ ਨੂੰ ਚੇਤਾਵਨੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸਾਈ ਧਰਮ ਦੇ ਪ੍ਰਚਾਰਕਾਂ ਨੂੰ ਆਪਣੇ ਦਾਇਰੇ 'ਚ ਰਹਿਣ ਦੀ ਚੇਤਾਵਨੀ ਦਿੱਤੀ ਹੈ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਨੇ ਪੰਜਾਬ ਵਿਖੇ ਇਸਾਈ ਪ੍ਰਚਾਰਕਾਂ ਦੀਆਂ ਵੱਧ ਰਹੀਆਂ ਆਪਹੁਦਰੀਆਂ 'ਤੇ ਲਗਾਮ ਲਗਾਉਣ ਦੀ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ। ਬੀਤੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਇਸਾਈ ਪ੍ਰਚਾਰਕਾਂ ਅਤੇ ਸਿੱਖ ਸੰਗਤ 'ਚ ਚਲ ਰਹੀ ਜੁਬਾਨੀ ਜੰਗ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਕੋਰੀਆ ਤੋਂ ਆਈਆਂ ਕੁਝ ਮਹਿਲਾ ਸੈਲਾਨੀਆਂ ਵੱਲੋਂ ਇਸਾਈ ਮਤ ਦੇ ਪ੍ਰਚਾਰ ਦੇ ਪਰਚੇ ਵੰਡਣ ਉਪਰੰਤ ਜਾਰੀ ਕੁਲਮੋਹਨ ਸਿੰਘ ਦਾ ਬਿਆਨ ਅਹਿਮ ਹੋ ਜਾਂਦਾ ਹੈ। ਕੁਲਮੋਹਨ ਸਿੰਘ ਨੇ ਇਸਾਈ ਪ੍ਰਚਾਰਕਾਂ ਵੱਲੋਂ ਕਈ ਦਿਨਾਂ ਤੋਂ ਗੁਰਬਾਣੀ ਦੀ ਆਪਣੀ ਬੁੱਧ ਅਨੁਸਾਰ ਕੀਤੀ ਜਾ ਰਹੀ ਵਿਆਖਿਆ ਨੂੰ ਨਾ ਬਰਦਾਸ਼ਤ ਯੋਗ ਦੱਸਦੇ ਹੋਏ ਸਾਫ਼ ਕਿਹਾ ਕਿ ਗੁਰਬਾਣੀ ਦੀ ਗਲਤ ਅਰਥਾਂ ਰਾਹੀਂ ਦੁਰਵਰਤੋ ਅਤੇ ਗੁਰੂ ਸਾਹਿਬ ਪ੍ਰਤੀ ਭੱਦੀ ਸ਼ਬਦਾਵਲੀ ਦੀ ਵਰਤੋ ਰਾਹੀਂ, ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਦੀ ਕਿਸੇ ਨੂੰ ਛੋਟ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ "ਸਚਿਆਰ" ਬਣਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬ ਨੇ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ ਦਾ ਅੰਗ ਬਣਨ ਲਈ ਕਦੇ ਵੀ ਨਹੀਂ ਪ੍ਰੇਰਿਆ ਸੀ, ਸਗੋਂ ਆਪਣੇ ਧਰਮ 'ਚ ਰਹਿੰਦੇ ਹੋਏ ਆਪਣੇ ਧਾਰਮਿਕ ਮਤ ਅਨੁਸਾਰ "ਸੱਚ ਅਤੇ ਹੱਕ" ਦਾ ਜਨੇਊ ਧਾਰਣ ਕਰਨ ਤੇ ਚੰਗਾ ਨਮਾਜ਼ੀ ਬਣਨ ਦੀ ਸਮਾਜ ਨੂੰ ਸੇਧ ਦਿੱਤੀ ਸੀ। ਗੁਰੂ ਸਾਹਿਬ ਦਾ ਨਿਸ਼ਾਨਾ ਧਰਮ ਪਰਿਵਰਤਨ ਨਹੀਂ, ਸਗੋਂ ਸਮਾਜ ਪਰਿਵਰਤਨ ਸੀ। ਉਨ੍ਹਾਂ ਕਿਹਾ ਕਿ ਇਸਾਈ ਪ੍ਰਚਾਰਕਾਂ ਦੀ ਕਾਰਜਸ਼ੈਲੀ ਨੂੰ ਲੈ ਕੇ ਹੈਰਾਨੀ ਹੁੰਦੀ ਹੈ ਕਿ ਉਹ ਸਿੱਖਾਂ ਨੂੰ ਗੁਰੂਆਂ ਦੀ ਧਰਤੀ ਪੰਜਾਬ 'ਤੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋਏ ਗਰੀਬ ਅਤੇ ਲਾਚਾਰ ਲੋਕਾਂ ਨੂੰ ਗੁਮਰਾਹ ਕਰਕੇ ਧਰਮ ਪਰਿਵਰਤਨ ਵਰਗਾ ਗੁਨਾਹ ਕਰਨ ਦੀ ਗੁਸਤਾਖੀ ਕਰ ਰਹੇ ਹਨ। ਕੁਲਮੋਹਨ ਸਿੰਘ ਨੇ ਕਿਹਾ ਕਿ ਇੱਕ ਪਾਸੇ ਸਾਡੇ ਕੋਲ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਤਿਲਕ ਅਤੇ ਜਨੇਊ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰਨ ਜਿਹਾ ਮਾਣਮੱਤਾ ਇਤਿਹਾਸ ਹੈ ਅਤੇ ਦੂਜੇ ਪਾਸੇ ਇਸਾਈ ਪ੍ਰਚਾਰਕ ਸਾਡੇ ਹੀ ਲੋਕਾਂ ਨੂੰ ਧਰਮ ਦੀ ਲੀਹੋ ਲਾਹੁਣ ਲਈ ਤਰਲੋਮੱਛੀ ਹੋਏ ਲੱਗਦੇ ਹਨ।

## ਕਾਲਜ 'ਚ ਦਾਖਲਾ ਲੈਣ ਦੇ ਇੱਛਕ ਸਿੱਖ ਵਿਦਿਆਰਥੀਆਂ ਲਈ ਸਲਾਹ ਮੇਲਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 12ਵੀਂ ਜਮਾਤ 'ਚ 70 ਫੀਸਦੀ ਤੋਂ ਘੱਟ ਨੰਬਰ ਪ੍ਰਾਪਤ ਕਰਨ ਵਾਲੇ ਸਿੱਖ ਵਿਦਿਆਰਥੀਆਂ ਲਈ ਪਹਿਲੀ ਵਾਰ ਸਲਾਹ ਮੇਲੇ ਦਾ ਆਯੋਜਨ ਕੀਤਾ ਗਿਆ। ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਲਗਾਏ ਗਏ ਮੇਲੇ 'ਚ ਕਾਲਜ ਵਿਚ ਦਾਖਲਾ ਲੈਣ ਦੇ ਇੱਛਕ ਸਿੱਖ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਦਰਅਸਲ ਇਸ ਵਰ੍ਹੇ 12ਵੀਂ ਜਮਾਤ 'ਚ 90 ਫ਼ੀਸਦੀ ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਬਹੁਗਿਣਤੀ ਹੋਣ ਕਰਕੇ ਦਿੱਲੀ ਯੂਨੀਵਰਸਿਟੀ ਦੇ ਕਾਲਜਾਂ 'ਚ 80 ਫੀਸਦੀ ਤੋਂ ਘੱਟ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਦਾਖਲਾ ਨਾ ਪਾਣ ਦਾ ਖਦਸ਼ਾ ਬਣਿਆ ਹੋਇਆ ਹੈ। ਇਸ ਕਰਕੇ ਕਮੇਟੀ ਵੱਲੋਂ 70 ਫੀਸਦੀ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਰ ਕਾਲਜਾਂ ਅਤੇ ਕੋਰਸਾਂ ਦੀ ਜਾਣਕਾਰੀ ਦੇਣ ਲਈ ਇਹ ਕਦਮ ਚੁੱਕਿਆ ਗਿਆ ਹੈ। ਵੱਖ-ਵੱਖ ਯੂਨੀਵਰਸਿਟੀਆਂ, ਕਾਲਜਾਂ, ਉੱਚ ਵਿਦਿਅਕ ਅਦਾਰਿਆਂ ਅਤੇ ਕਿੱਤਾ ਮੁਖੀ ਕੋਰਸਾਂ ਦੇ ਸੈਂਟਰਾਂ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਸਹਾਇਤਾ ਕੇਂਦਰ ਬਣਾਏ ਗਏ ਸਨ। ਜਿਨ੍ਹਾਂ ਤੋਂ



ਜਾਣਕਾਰੀ ਪ੍ਰਾਪਤ ਕਰਨ ਲਈ ਵਿਦਿਆਰਥੀਆਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਦੇ ਗੁਰ ਇਸ ਮੌਕੇ ਸਾਂਝੇ ਕੀਤੇ। ਜੀ.ਕੇ. ਨੇ ਕਿਹਾ ਕਿ ਸਿੱਖ ਵਿਦਿਆਰਥੀਆਂ ਦੇ ਵਿਦਿਅਕ ਵਰ੍ਹੇ ਨੂੰ ਖਰਾਬ ਹੋਣ ਤੋਂ ਬਚਾਉਣ ਅਤੇ ਵਿਦਿਆਰਥੀਆਂ 'ਚ ਹੀਣ ਭਾਵਨਾ ਪੈਦਾ ਨਾ ਹੋਣ ਦੇ ਮਕਸਦ ਨਾਲ ਸਲਾਹ ਮੇਲਾ ਲਗਾਇਆ ਗਿਆ ਹੈ। ਜਿਸ ਵਿਚ ਅਸੀ ਪੜ੍ਹਾਈ ਦੇ ਨਾਲ ਹੀ ਕਿੱਤਾ ਮੁਖੀ ਕੋਰਸਾਂ ਦੀ ਜਾਣਕਾਰੀ ਇੱਕ ਛੱਤ ਦੇ ਹੇਠਾਂ ਉਪਲਬਧ ਕਰਵਾਈ। ਜਿਸ ਵਿਚ ਵਿਦਿਆਰਥੀਆਂ ਦੀ ਰੁਚੀ ਅਤੇ ਕਾਬਲੀਅਤ ਦੇ ਅਧਾਰ 'ਤੇ ਮਾਤਾ-ਪਿਤਾ ਨੂੰ ਉੱਤਮ ਸਲਾਹ ਦੇਣ ਦੇ ਯਤਨ ਕੀਤੇ ਗਏ। ਸਿੱਖ ਵਿਦਿਆਰਥੀਆਂ ਲਈ ਖਾਲਸਾ ਕਾਲਜਾਂ 'ਚ 50 ਫੀਸਦੀ ਸੀਟਾਂ ਰਾਖਵੀਆਂ ਰੱਖਣ ਦੇ ਕਮੇਟੀ ਵੱਲੋਂ ਕੀਤੇ ਗਏ ਕੰਮ ਨੂੰ ਇਤਿਹਾਸਕ ਦੱਸਦੇ ਹੋਏ ਜੀ.ਕੇ. ਨੇ ਬੱਚਿਆਂ ਨੂੰ ਸਿੱਖੀ ਸਰੂਪ ਨੂੰ ਸੰਭਾਲ ਕੇ ਰੱਖਣ ਦੀ ਸਲਾਹ ਦਿੱਤੀ। ਜੀ.ਕੇ. ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸਿੱਖ ਘੱਟਗਿਣਤੀ ਕੋਟੇ 'ਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵੱਲੋਂ ਸਿੱਖੀ ਨੂੰ ਤਿਆਗਣਾ ਉਨ੍ਹਾਂ ਨੂੰ ਕਾਲਜ 'ਚੋਂ ਬਾਹਰ ਕੱਢਣ ਦਾ ਕਾਰਨ ਬਣ ਸਕਦਾ ਹੈ। ਇਸ ਕਰਕੇ ਅਸੀ ਬੱਚਿਆਂ ਨੂੰ ਸਿੱਖੀ ਸੰਭਾਲ ਦੀ ਪ੍ਰੇਰਣਾ ਦੇਣ ਦੇ ਨਾਲ ਹੀ ਪੜ੍ਹਾਈ ਲਈ ਵਧੀਆ ਮੌਕੇ ਉਪਲਬਧ ਕਰਾਉਣ ਲਈ ਜਦੋ-ਜਹਿਦ ਕਰ ਰਹੇ ਹਾਂ। ਜੌਲੀ ਨੇ ਵਿਦਿਆਰਥੀਆਂ ਨੂੰ ਸਰਕਾਰੀ ਭਲਾਈ ਸਕੀਮਾਂ ਦਾ ਫਾਇਦਾ ਚੁੱਕ ਕੇ ਆਪਣਾ ਭਵਿੱਖ ਸੁਆਰਨ ਦਾ ਸੱਦਾ ਦਿੱਤਾ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਚੇਅਰਮੈਨ ਪਰਮਜੀਤ ਸਿੰਘ ਰਾਣਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਪਰਮਜੀਤ ਸਿੰਘ ਚੰਢੋਕ, ਅਕਾਲੀ ਆਗੂ ਵਿਕਰਮ ਸਿੰਘ ਅਤੇ ਪ੍ਰੋਗਰਾਮ ਦੀ ਕੋਆਰਡੀਨੇਟਰ ਡਾ. ਮਨਿੰਦਰ ਕੌਰ ਤੇ ਡਾ. ਹਰਮੀਤ ਸਿੰਘ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਉੱਤਰ ਦਿੱਤੇ।

## ਛੇਵਾਂ ਨੈਸ਼ਨਲ ਗਤਕਾ ਕੰਪੀਟੀਸ਼ਨ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਅਤੇ ਦਿੱਲੀ ਗਤਕਾ ਐਸੋਸੀਏਸ਼ਨ ਦੇ ਸਹਿਯੋਗ ਨਾਲ 90 ਬੱਚਿਆਂ ਦੀ ਇੱਕ ਗਤਕਾ ਟੀਮ ਛੇਵੇਂ ਨੈਸ਼ਨਲ ਗਤਕਾ ਕੰਪੀਟੀਸ਼ਨ ਲਈ ਤਿਆਰ ਕੀਤੀ ਗਈ, ਜਿਸ ਵਿੱਚ 45 ਲੜਕੇ ਅਤੇ 45 ਲੜਕੀਆਂ ਸਨ। ਇਹ ਕੰਪੀਟੀਸ਼ਨ ਪੰਜਾਬ 'ਚ ਸੁਲਤਾਨਪੁਰ ਲੋਧੀ ਦੇ ਨੇੜੇ ਸੀਚੇਵਾਲ ਵਿਖੇ ਸੰਤ ਬਾਬਾ ਬਲਬੀਰ ਸਿੰਘ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਲਈ ਦੋ ਬੱਸਾਂ ਦਾ







ਪ੍ਰਬੰਧ ਕੀਤਾ ਗਿਆ ਤਾਂ ਜੋ ਬੱਚਿਆਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪੂਰਾ ਸਹਿਯੋਗ ਦਿੱਤਾ ਅਤੇ ਬੱਚਿਆਂ ਦਾ ਹੌਂਸਲਾ ਵਧਾਇਆ। ਦਿੱਲੀ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਰਾਣਾ ਪਰਮਜੀਤ ਸਿੰਘ ਨੇ ਇਸ ਟੀਮ ਨੂੰ ਤਿਆਰ ਕਰਨ ਲਈ ਬਹੁਤ ਮਿਹਨਤ ਕੀਤੀ ਅਤੇ ਬੱਚਿਆਂ ਦੀ ਹੌਂਸਲਾ ਅਫਜਾਈ ਲਈ ਆਪ ਉਨ੍ਹਾਂ ਨੂੰ ਮਿਲਣ ਲਈ ਆਏ ਅਤੇ ਬੱਸਾਂ ਨੂੰ ਰਵਾਨਗੀ ਦਿੱਤੀ। ਪਹਿਲੀ ਵਾਰ ਦਿੱਲੀ ਤੋਂ 4 ਰੈਫਰੀ ਇਸ ਕੰਪੀਟੀਸ਼ਨ ਲਈ ਚੁਣੇ ਗਏ ਜਿਨ੍ਹਾਂ ਦੇ ਨਾਮ ਹਨ ਅੰਮ੍ਰਿਤਪਾਲ ਸਿੰਘ, ਇਕਬਾਲ ਸਿੰਘ, ਮਨਪ੍ਰੀਤ ਸਿੰਘ ਤੇ ਰਾਜਿੰਦਰ ਸਿੰਘ। ਦਿੱਲੀ ਦੀ ਟੀਮ ਦੀ ਕੋਚਿੰਗ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਲਈ ਜੋਗਿੰਦਰ ਸਿੰਘ ਅਤੇ ਰਵਿੰਦਰ ਪਾਲ ਸਿੰਘ ਦੀ ਜਿਤਨੀ ਤਾਰੀਫ ਕੀਤੀ ਜਾਵੇ ਉਤਨੀ ਘੱਟ ਹੈ। ਦਿੱਲੀ ਗਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਤੇ ਕਨਵੀਨਰ ਜ਼ੋਰਾਵਰ ਸਿੰਘ ਨੇ ਬੱਚਿਆਂ ਨੂੰ ਇਸ ਕੰਪੀਟੀਸ਼ਨ ਲਈ ਕੋਚਿੰਗ ਦਿੱਤੀ ਅਤੇ ਬੱਚਿਆਂ ਨਾਲ ਸੀਚੇਵਾਲ ਵੀ ਗਏ। ਇਸ ਕੰਪੀਟੀਸ਼ਨ ਵਿੱਚ 15 ਰਾਜਾਂ ਨੇ ਹਿੱਸਾ ਲਿਆ, ਜਿਸ ਵਿੱਚ ਦਿੱਲੀ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਕੰਪੀਟੀਸ਼ਨ ਵਿੱਚ ਲੜਕੀਆਂ ਨੇ 14 ਗੋਲਡ, 33 ਸਿਲਵਰ, ਬਰੌਂਜ਼ 2 ਮੈਡਲ ਅਤੇ ਲੜਕਿਆਂ ਨੇ 6 ਗੋਲਡ, 19 ਸਿਲਵਰ ਅਤੇ 26 ਬਰੌਂਜ਼ ਮੈਡਲ ਹਾਸਿਲ ਕੀਤੇ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੂਨ 2017 (ਆਮਦਨ ਭਾਗ)

| ਖਾਤਾ | ਚੜ੍ਹਤ | ਪ੍ਰਸਾਦਿ | ਪਿੰਨੀ ਪ੍ਰਸਾਦਿ | ਲੰਗਰ | ਪਾਠ | ਸ਼ਬਦ ਭੇਟ | ਇਮਾਰਤ | ਕਿਊ.ਐਮ.ਸੀ. | ਫੁਟਕਲ | ਜੋੜ |
|---|---|---|---|---|---|---|---|---|---|---|
| ਗੁਰਦੁਆਰਾ ਸੀਸ ਗੰਜ ਸਾਹਿਬ | 11709738.00 | 4051915.00 | --- | 1828897.00 | 928200.00 | --- | --- | 23476.00 | 708075.00 | 19250301.00 |
| ਗੁਰਦੁਆਰਾ ਬੰਗਲਾ ਸਾਹਿਬ | 26149475.00 | 9715932.00 | --- | 5247744.00 | 1652400.00 | --- | --- | --- | 1133700.00 | 43899251.00 |
| ਗੁਰਦੁਆਰਾ ਰਕਾਬ ਗੰਜ ਸਾਹਿਬ | 2196306.00 | 704964.00 | --- | 630960.00 | 86700.00 | --- | 59610.00 | 30688.00 | 335650.00 | 4044878.00 |
| ਗੁਰਦੁਆਰਾ ਨਾਨਕ ਪਿਆਊ ਸਾਹਿਬ | 3586525.00 | 1411528.00 | --- | 623650.00 | 295800.00 | --- | --- | 15987.00 | 157000.00 | 6090490.00 |
| ਗੁਰਦੁਆਰਾ ਬਾਲਾ ਸਾਹਿਬ | 759115.00 | 196617.00 | --- | 43519.00 | 86700.00 | --- | 1000.00 | 14500.00 | --- | 1101451.00 |
| ਗੁਰਦੁਆਰਾ ਦਮਦਮਾ ਸਾਹਿਬ | 467200.00 | 85899.00 | --- | 86430.00 | 56100.00 | --- | --- | 2307.00 | 39000.00 | 736936.00 |
| ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | 792248.00 | 224608.00 | --- | 158101.00 | 40800.00 | --- | 500.00 | 10130.00 | 73300.00 | 1299687.00 |
| ਗੁਰਦੁਆਰਾ ਮਾਤਾ ਸੁੰਦਰੀ ਜੀ | 9700.00 | 15200.00 | --- | --- | 10200.00 | --- | --- | 12500.00 | --- | 47600.00 |
| ਗੁਰਦੁਆਰਾ ਮੋਤੀ ਬਾਗ ਸਾਹਿਬ | 1275540.00 | 484151.00 | --- | 577261.00 | 142800.00 | --- | --- | 7600.00 | 80100.00 | 2567452.00 |
| ਗੁਰਦੁਆਰਾ ਦਰੀਆ ਗੰਜ | --- | --- | --- | --- | --- | --- | --- | 550.00 | --- | 550.00 |
| ਗੁਰਦੁਆਰਾ ਢੱਕਾ ਧੀਰਪੁਰ | 2412.00 | 4175.00 | --- | 4320.00 | 5100.00 | --- | --- | 780.00 | --- | 16787.00 |
| ਗੁਰਦੁਆਰਾ ਕਰੋਲ ਬਾਗ | 2745.00 | 12650.00 | --- | 6668.00 | 15300.00 | --- | --- | 1455.00 | --- | 38818.00 |
| ਗੁਰਦੁਆਰਾ ਬਦਰਪੁਰ | 200.00 | 1750.00 | --- | 2061.00 | --- | --- | 1100.00 | 875.00 | --- | 5986.00 |
| ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ | --- | 11152.00 | --- | 19745.00 | --- | --- | --- | 645.00 | --- | 31542.00 |
| ਗੁਰਦੁਆਰਾ ਭਾਈ ਲਾਲੋ ਜੀ | 391757.00 | 17202.00 | --- | 29490.00 | 56100.00 | --- | --- | 690.00 | 750.00 | 495989.00 |
| ਗੁਰਦੁਆਰਾ ਰਣਜੀਤ ਨਗਰ | 99360.00 | 5100.00 | --- | 500.00 | --- | --- | 27400.00 | 750.00 | --- | 133110.00 |
| ਗੁਰਦੁਆਰਾ ਪਹਾੜੀ ਧੀਰਜ / ਪਿੰਪਲ ਮਹਾਂਦੇਵ | --- | --- | --- | --- | --- | --- | --- | --- | 700.00 | 700.00 |
| ਹਰੀ ਨਗਰ ਡਿਸਪੈਂਸਰੀ | --- | --- | --- | --- | --- | --- | --- | --- | 248340.00 | 248340.00 |
| ਗੁਰਦੁਆਰਾ ਸੀਸ ਗੰਜ ਡਿਸਪੈਂਸਰੀ | --- | --- | --- | --- | --- | --- | --- | --- | 14035.00 | 14035.00 |
| ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ | --- | --- | --- | --- | --- | --- | 8090.00 | --- | 101725.00 | 109815.00 |
| ਡਿਸਪੈਂਸਰੀ ਰਮੇਸ਼ ਨਗਰ | --- | --- | --- | --- | --- | --- | --- | --- | 15220.00 | 15220.00 |
| ਗੁਰੂ ਨਾਨਕ ਪੋਲੀਕਲੀਨਿਕ, ਗੁਰਦੁਆਰਾ ਨਾਨਕ ਪਿਆਓ | --- | --- | --- | --- | --- | --- | --- | --- | 373974.00 | 373974.00 |
| ਪਿੰਨੀ ਪ੍ਰਸਾਦਿ | --- | --- | 626600.00 | --- | --- | --- | --- | --- | --- | 626600.00 |
| ਸ਼ਬਦ ਭੇਟ | --- | | --- | --- | --- | 64500.00 | --- | --- | --- | 64500.00 |
| ਜਾਇਦਾਦ ਉਤਮ ਨਗਰ, ਮਹਾਵੀਰ ਨਗਰ, ਰਾਜ ਨਗਰ, ਪਾਲਮ, ਸਰਿਤਾ ਵਿਹਾਰ, ਝੰਡੇਵਾਲਾਨ, ਗੁ. ਬੈਕੁੰਠ-ਧਾਮ, ਗੁ: ਮੰਗੋਲ ਪੁਰੀ | | | --- | --- | --- | --- | --- | --- | 62189.00 | 62189.00 |
| ਜਾਇਦਾਦ ਬੀਘੜ, ਅੰਮ੍ਰਿਤਸਰ, ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਗੁਰਦੁਆਰਾ ਸੀਸ ਗੰਜ ਸਾਹਿਬ, ਗੁ: ਮੋਰੀ ਗੇਟ | | --- | --- | --- | --- | --- | --- | --- | 1646829.00 | 1646829.00 |
| ਸਕੂਲ / ਕਾਲਜ ਫੁਟਕਲ | --- | --- | --- | --- | --- | --- | --- | --- | 124626.00 | 124626.00 |
| ਗੁਰਦੁਆਰਾ ਅਤੇ ਹੋਰ | --- | --- | --- | --- | --- | --- | --- | --- | 1360500.00 | 1360500.00 |
| ਜੁਰਮਾਨਾ | --- | --- | --- | --- | --- | --- | --- | --- | 7500.00 | 7500.00 |
| ਪ੍ਰਚਾਰ ਬੁੱਕ | --- | --- | --- | --- | --- | --- | --- | --- | 37550.00 | 37550.00 |
| ਪ੍ਰਚਾਰ ਸੀਸ ਗੰਜ | --- | --- | --- | --- | --- | --- | --- | --- | 4830.00 | 4830.00 |
| ਸੂਦ | --- | --- | --- | --- | --- | --- | --- | --- | 883090.02 | 883090.02 |
| ਸਟਾਫ ਅਬਰੋਡ ਰਿਟਰਨ | --- | --- | --- | --- | --- | --- | --- | --- | 26336.00 | 26336.00 |
| ਆਫਿਸ ਫੁਟਕਲ | --- | --- | --- | --- | --- | --- | --- | --- | 5483.00 | 5483.00 |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | 84500.00 | 84500.00 |
| ਡਿਸਪੈਂਸਰੀ ਹਰਗੋਬਿੰਦ ਇਨਕਲੇਵ | --- | --- | --- | --- | --- | --- | --- | --- | 20590.00 | 20590.00 |
| ਗੁਰੂ ਨਾਨਕ ਸੁਖਸ਼ਾਲਾ | --- | --- | --- | --- | --- | --- | --- | --- | 3564.00 | 3564.00 |
| ਗੁਰਪੁਰਬ ਫੁਟਕਲ | --- | --- | --- | 2360.00 | --- | --- | --- | --- | 162000.00 | 164360.00 |
| ਫਤਿਹ ਮਾਰਚ | --- | --- | --- | --- | --- | --- | --- | --- | 40000.00 | 40000.00 |
| ਪ੍ਰਚਾਰ ਫੁਟਕਲ | --- | --- | --- | --- | --- | --- | --- | --- | 89945.00 | 89945.00 |
| 300 ਸਾਲਾ ਸ਼ਹੀਦੀ ਸ਼ਤਾਬਦੀ ਬਾਬਾ ਬੰਦਾ ਸਿੰਘ ਜੀ ਬਹਾਦਰ | --- | --- | --- | --- | --- | --- | --- | --- | 1896.00 | 1896.00 |
| ਹਜ਼ੂਰ ਸਾਹਿਬ ਸਰਾਂ | --- | --- | --- | --- | --- | --- | --- | --- | 45979.00 | 45979.00 |
| ਆਈ.ਟੀ.ਸੀ. ਤਿਲਕ ਨਗਰ | --- | --- | --- | --- | --- | --- | --- | --- | 135000.00 | 135000.00 |
| ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼ (ਫੁਟਕਲ) | --- | --- | --- | --- | --- | --- | --- | --- | 1415.00 | 1415.00 |
| ਆਈ.ਟੀ.ਆਈ. ਮੰਗੋਲਪੁਰੀ | --- | --- | --- | --- | --- | --- | --- | --- | 8710.00 | 8710.00 |
| ਜੋੜ : ਜੂਨ 2017 | 47442321.00 | 16942843.00 | 626600.00 | 9261706.00 | 3376200.00 | 64500.00 | 97700.00 | 122933.00 | 8034101.02 | 85968904.02 |
| ਅਪ੍ਰੈਲ 2017 ਤੋਂ ਮਈ 2017 | 101778057.00 | 31063680.00 | 881400.00 | 23407423.59 | 6005849.00 | 258300.00 | 176700.00 | 234784.00 | 16193621.00 | 180048153.59 |
| ਅਪ੍ਰੈਲ 2017 ਤੋਂ ਜੂਨ 2017 | 149220378.00 | 48006523.00 | 1508000.00 | 32669129.59 | 9382049.00 | 322800.00 | 274400.00 | 357717.00 | 24227722.02 | 266017057.61 |

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੂਨ 2017 (ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਗੁਰਦੁਆਰਾ ਸੀਸ ਗੰਜ ਸਾਹਿਬ | --- | 1326649.00 | 3086841.00 | 754354.00 | 118262.00 | --- | 1701063.00 | 3535.00 | --- | 1604994.00 | 8595698.00 |
| ਗੁਰਦੁਆਰਾ ਬੰਗਲਾ ਸਾਹਿਬ | --- | 4652847.00 | 6644439.00 | 1330523.00 | 55271.00 | --- | 4596907.00 | 8702.00 | --- | 2248889.00 | 19537578.00 |
| ਗੁਰਦੁਆਰਾ ਰਕਾਬ ਗੰਜ ਸਾਹਿਬ | --- | 245510.00 | 1141485.00 | 49276.00 | 1599868.00 | --- | 1531020.00 | --- | --- | 1335610.00 | 5902769.00 |
| ਗੁਰਦੁਆਰਾ ਨਾਨਕ ਪਿਆਉ ਸਾਹਿਬ | --- | 314700.00 | 1180424.00 | 221800.00 | 9334.00 | --- | 904742.00 | 3855.00 | --- | 896513.00 | 3531368.00 |
| ਗੁਰਦੁਆਰਾ ਬਾਲਾ ਸਾਹਿਬ | --- | 127370.00 | 645931.00 | 2230.00 | 16143.00 | --- | 609087.00 | 1739.00 | --- | 100149.00 | 1502649.00 |
| ਗੁਰਦੁਆਰਾ ਦਮਦਮਾ ਸਾਹਿਬ | --- | 65575.00 | 146978.00 | 49723.00 | 397977.00 | --- | 174986.00 | 650.00 | --- | 137523.00 | 973412.00 |
| ਗੁਰਦੁਆਰਾ ਮਜਨੂੰ ਟਿੱਲਾ | --- | 226195.00 | 598824.00 | 49800.00 | --- | --- | 116752.00 | 959.00 | --- | 291989.00 | 1284519.00 |
| ਗੁਰਦੁਆਰਾ ਮਾਤਾ ਸੁੰਦਰੀ ਜੀ | --- | 900.00 | 78744.00 | 14400.00 | --- | --- | 97640.00 | 650.00 | --- | 99528.00 | 291862.00 |
| ਗੁਰਦੁਆਰਾ ਮੋਤੀ ਬਾਗ | --- | 208290.00 | 938465.00 | 44969.00 | --- | --- | 378368.00 | 959.00 | --- | 393251.00 | 1964302.00 |
| ਗੁਰਦੁਆਰਾ ਦਰੀਆ ਗੰਜ | --- | 6750.00 | 3796.00 | --- | --- | --- | 16910.00 | --- | --- | 11489.00 | 38945.00 |
| ਗੁਰਦੁਆਰਾ ਢੱਕਾ ਧੀਰਪੁਰ | --- | 13500.00 | 59516.00 | --- | --- | --- | 30700.00 | --- | --- | 1730.00 | 105446.00 |
| ਗੁਰਦੁਆਰਾ ਕਰੋਲ ਬਾਗ | --- | 40050.00 | 34961.00 | 10800.00 | --- | --- | 100830.00 | 650.00 | --- | 20159.00 | 207450.00 |
| ਗੁਰਦੁਆਰਾ ਬਦਰਪੁਰ | --- | 2210.00 | --- | --- | --- | --- | 8770.00 | 1777.00 | --- | 40113.00 | 52870.00 |
| ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ | --- | 13500.00 | 37611.00 | 3600.00 | 57977.00 | --- | 24640.00 | --- | --- | 173565.00 | 310893.00 |
| ਗੁਰਦੁਆਰਾ ਭਾਈ ਲਾਲੋ ਜੀ | --- | 26700.00 | 3421.00 | 42406.00 | --- | --- | 67310.00 | --- | --- | 4640.00 | 144477.00 |
| ਗੁਰਦੁਆਰਾ ਰਣਜੀਤ ਨਗਰ | --- | --- | 4560.00 | --- | --- | --- | 31820.00 | --- | --- | 38716.00 | 75096.00 |
| ਗੁਰਪੁਰਬ ਫੁਟਕਲ | --- | --- | --- | --- | --- | --- | --- | --- | --- | 644976.00 | 644976.00 |
| ਡਿਸਪੈਂਸਰੀ ਜੀ.ਐਚ.ਕੇ. ਹਰਿਗੋਬਿੰਦ ਐਨਕਲੇਵ | --- | --- | --- | --- | --- | --- | --- | --- | --- | 32648.00 | 32648.00 |
| ਡਿਸਪੈਂਸਰੀ ਹਰੀ ਨਗਰ | --- | --- | --- | --- | --- | --- | --- | --- | --- | 518047.00 | 518047.00 |
| ਡਿਸਪੈਂਸਰੀ ਰਮੇਸ਼ ਨਗਰ | --- | --- | --- | --- | --- | --- | --- | --- | --- | 85323.00 | 85323.00 |
| ਗੁਰਦੁਆਰਾ ਬਾਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | --- | 467936.00 | 467936.00 |
| ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | --- | 231972.00 | 231972.00 |
| ਗੁਰੂ ਨਾਨਕ ਹਸਪਤਾਲ, ਗੁ. ਨਾਨਕ ਪਿਆਉ | --- | --- | --- | --- | --- | --- | --- | --- | --- | 232522.00 | 232522.00 |
| ਗ੍ਰੈਚੁਟੀ | --- | --- | --- | --- | --- | --- | --- | --- | --- | 615875.00 | 615875.00 |
| ਕੰਪਿਊਟਰ ਸਾਫਟਵੇਅਰ ਅਤੇ ਹਾਰਡਵੇਅਰ ਫੁਟਕਲ | --- | --- | --- | --- | --- | --- | --- | --- | --- | 343736.00 | 343736.00 |
| ਰਾਗੀ ਭੇਟਾ | --- | --- | --- | --- | --- | --- | --- | --- | --- | 341974.00 | 341974.00 |
| ਸਟਾਫ਼ ਵਰਦੀਆਂ | --- | --- | --- | --- | --- | --- | --- | --- | --- | 7863.00 | 7863.00 |
| ਗੁਰੂ ਨਾਨਕ ਸੁਖਸ਼ਾਲਾ, ਰਜਿੰਦਰ ਨਗਰ | --- | --- | --- | --- | --- | --- | --- | --- | --- | 50056.00 | 50056.00 |
| 300 ਸਾਲਾ ਸ਼ਹੀਦੀ ਸ਼ਤਾਬਦੀ ਬਾਬਾ ਬੰਦਾ ਸਿੰਘ ਬਹਾਦਰ | --- | --- | --- | --- | --- | --- | --- | --- | --- | 87872.00 | 87872.00 |
| ਗੁਰਮਤਿ ਕਾਲਜ ਗੁਰਦੁਆਰਾ ਮਾਤਾ ਸੁੰਦਰੀ ਜੀ | --- | --- | --- | --- | --- | --- | --- | --- | --- | 201170.00 | 201170.00 |
| ਸਹਾਇਤਾ | --- | --- | --- | --- | --- | --- | --- | --- | --- | 3684287.00 | 3684287.00 |
| ਲੀਗਲ ਚਾਰਜ | --- | --- | --- | --- | --- | --- | --- | --- | --- | 869652.00 | 869652.00 |
| ਐਜੂਕੈਸ਼ਨ ਕੌਂਸਿਲ | --- | --- | --- | --- | --- | --- | --- | --- | --- | 165182.00 | 165182.00 |
| ਪੈਟਰੋਲ, ਡੀਜ਼ਲ ਅਤੇ ਸੀ.ਐਨ.ਜੀ. | --- | --- | --- | --- | --- | --- | --- | --- | --- | 541040.00 | 541040.00 |

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੂਨ 2017 (ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਪਿੰਨੀ ਪ੍ਰਸ਼ਾਦਿ | 442790.00 | --- | --- | --- | --- | --- | --- | --- | --- | --- | 442790.00 |
| ਪ੍ਰਿੰਟਿੰਗ ਪ੍ਰੈਸ ਫੁਟਕਲ | --- | --- | --- | --- | --- | --- | --- | --- | --- | 8867.00 | 8867.00 |
| ਮੁਰੰਮਤ ਗੁਰਦੁਆਰੇ | --- | --- | --- | --- | --- | --- | --- | --- | --- | 101029.00 | 101029.00 |
| ਮੁਰੰਮਤ ਅਤੇ ਰੱਖ-ਰਖਾਵ ਗੱਡੀਆਂ | --- | --- | --- | --- | --- | --- | --- | --- | --- | 107816.00 | 107816.00 |
| ਜਾਇਦਾਦ ਗੁਰਦੁਆਰਾ ਮੰਗੋਲ ਪੁਰੀ | --- | --- | --- | --- | --- | --- | --- | --- | --- | 56466.00 | 56466.00 |
| ਐਡਵਰਟਾਈਜ਼ਮੈਂਟ | --- | --- | --- | --- | --- | --- | --- | --- | --- | 75000.00 | 75000.00 |
| ਸਕੋਲਰਸ਼ਿਪ | --- | --- | --- | --- | --- | --- | --- | --- | --- | --- | --- |
| ਆਫਿਸ ਖਰਚੇ ਅਤੇ ਤਨਖਾਹ | --- | --- | --- | --- | --- | 27842651.00 | --- | 131427.00 | --- | 1611405.00 | 29585483.00 |
| ਪ੍ਰਚਾਰ ਫੁਟਕਲ | --- | --- | --- | --- | --- | --- | --- | --- | --- | 1657683.00 | 1657683.00 |
| ਪ੍ਰਚਾਰ ਅਲਵਰ | --- | --- | --- | --- | --- | --- | --- | --- | --- | 6494.00 | 6494.00 |
| ਪ੍ਰਚਾਰ ਕਿਤਾਬਾਂ | --- | --- | --- | --- | --- | --- | --- | --- | --- | 37581.00 | 37581.00 |
| ਸਟਾਫ਼ ਸਗਨ ਸਕੀਮ | --- | --- | --- | --- | --- | --- | --- | --- | --- | 51000.00 | 51000.00 |
| ਪ੍ਰੋਵੀਡੈਂਟ ਫੰਡ | --- | --- | --- | --- | --- | --- | --- | --- | --- | 232523.00 | 232523.00 |
| ਪ੍ਰਚਾਰ ਸੀਸ ਗੰਜ | --- | --- | --- | --- | --- | --- | --- | --- | --- | 58762.00 | 58762.00 |
| ਪ੍ਰੋਪਰਟੀ ਅੰਮ੍ਰਿਤਸਰ (ਪੰਜਾਬ) | --- | --- | --- | --- | --- | --- | --- | --- | --- | 519964.00 | 519964.00 |
| ਪ੍ਰੋਪਰਟੀ ਝੰਡੇਵਾਲਾ | --- | --- | --- | --- | --- | --- | --- | --- | --- | 5609.00 | 5609.00 |
| ਪ੍ਰੋਪਰਟੀ ਰਾਜ ਨਗਰ, ਪਾਲਮ | --- | --- | --- | --- | --- | --- | --- | --- | --- | 50304.00 | 50304.00 |
| ਗੁਰਦੁਆਰਾ ਬੈਕੁੰਠ ਧਾਮ, ਪੰਜਾਬ ਖੋੜ | --- | --- | --- | --- | --- | --- | --- | --- | --- | 14770.00 | 14770.00 |
| ਪ੍ਰਾਪਰਟੀ ਮਿਲਾਪ ਨਗਰ/ਉਤਮ ਨਗਰ | --- | --- | --- | --- | --- | --- | --- | --- | --- | 23161.00 | 23161.00 |
| ਲੀਵ ਅਤੇ ਕੈਸ਼ ਪੇਡ ਅਕਾਊਂਟ | --- | --- | --- | --- | --- | --- | --- | --- | --- | 65040.00 | 65040.00 |
| ਗੱਡੀਆਂ, ਕਾਰ, ਬੱਸ, ਸਵਰਾਜ ਮਾਜਦਾ ਟੈਂਪੂ | --- | --- | --- | --- | --- | --- | --- | --- | --- | 1450.00 | 1450.00 |
| ਫਰਨੀਚਰ ਅਤੇ ਫਿਕਸਚਰ | --- | --- | --- | --- | --- | --- | --- | --- | --- | 17901.00 | 17901.00 |
| ਜ਼ਮੀਨ ਗੁਰਮਤਿ ਪ੍ਰਚਾਰ, ਮੋਰੀ ਗੇਟ | --- | --- | --- | --- | --- | --- | --- | --- | --- | 65673.00 | 65673.00 |
| ਆਈ.ਟੀ.ਸੀ. ਬਦਰਪੁਰ | --- | --- | --- | --- | --- | --- | --- | --- | --- | 293736.00 | 293736.00 |
| ਵਸਤੂਆਂ ਫੁਟਕਲ | --- | --- | --- | --- | --- | --- | --- | --- | --- | 192927.00 | 192927.00 |
| ਸਕੂਲ/ਕਾਲਜ ਬਿਲਡਿੰਗ ਅਕਾਊਂਟ | --- | --- | --- | --- | 3543311.00 | --- | --- | --- | --- | --- | 3543311.00 |
| ਸਕੂਲ/ਕਾਲਜ ਫੁਟਕਲ ਅਕਾਊਂਟ | --- | --- | --- | --- | --- | --- | --- | --- | --- | 1191175.00 | 1191175.00 |
| ਸਕੂਲ/ਕਾਲਜ ਡੈਫੀਸੀਏਟ | --- | --- | --- | --- | --- | --- | --- | --- | --- | 265145.00 | 265145.00 |
| ਐਸ.ਜੀ.ਐਚ.ਆਈ.ਟੀ. ਸੈਂਟਰ ਤਿਲਕ ਨਗਰ | --- | --- | --- | --- | 10147.00 | --- | --- | --- | --- | 126531.00 | 136678.00 |
| ਟੀ.ਏ.ਡੀ.ਏ. | --- | --- | --- | --- | --- | --- | --- | --- | --- | 24160.00 | 24160.00 |
| ਪੁਸਤਕ ਪ੍ਰਦਰਸ਼ਨੀ | --- | --- | --- | --- | --- | --- | --- | --- | --- | --- | --- |
| ਭਾਈ ਘਨ੍ਹਈਆ ਇੰਸਟੀਚਿਊਟ | --- | --- | --- | --- | --- | --- | --- | --- | --- | 66950.00 | 66950.00 |
| ਗੁਰਦੁਆਰਾ ਅਤੇ ਹੋਰ | --- | --- | --- | --- | --- | --- | --- | --- | --- | 157543.00 | 157543.00 |
| ਬੈਂਕ ਚਾਰਜਿਸ | --- | --- | --- | --- | --- | --- | --- | --- | --- | --- | --- |

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੂਨ 2017 (ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਫਤਿਹ ਮਾਰਚ | --- | --- | --- | --- | --- | --- | --- | --- | --- | 745373.00 | 745373.00 |
| ਕਨਵੈਂਨਸ (ਰਾਗੀਆਂ) | --- | --- | --- | --- | --- | --- | --- | --- | --- | --- | --- |
| ਆਫਿਸ ਸਟੇਸ਼ਨਰੀ | --- | --- | --- | --- | --- | --- | --- | --- | --- | 4594.00 | 4594.00 |
| ਹਾਲ ਬੁਕਿੰਗ, ਗੁਰਦੁਆਰਾ ਰਕਾਬ ਗੰਜ ਸਾਹਿਬ | --- | --- | --- | --- | --- | --- | --- | --- | --- | --- | --- |
| ਪ੍ਰੋਪਰਟੀ ਬੀਘੜ | --- | --- | --- | --- | --- | --- | --- | --- | --- | 48285.00 | 48285.00 |
| 1984 ਦੰਗਾ ਪੀੜ੍ਹਤ | --- | --- | --- | --- | --- | --- | --- | --- | --- | 1486200.00 | 1486200.00 |
| ਆਡਿਟ ਫੀਸ | --- | --- | --- | --- | --- | --- | --- | --- | --- | --- | --- |
| ਗੁਰਬਾਣੀ ਸੰਗੀਤ ਅਕੈਡਮੀ | --- | --- | --- | --- | --- | --- | --- | --- | --- | 1317.00 | 1317.00 |
| ਮੋਟਰ ਇੰਸੋਰੈਂਸ | --- | --- | --- | --- | --- | --- | --- | --- | --- | 125844.00 | 125844.00 |
| ਗੁਰਦੁਆਰਾ ਸਰਿਤਾ ਵਿਹਾਰ | --- | --- | --- | --- | --- | --- | --- | --- | --- | --- | --- |
| ਗੁਰਦੁਆਰਾ ਜੈਤ ਪੁਰ | --- | --- | --- | --- | --- | --- | --- | --- | --- | --- | --- |
| ਡਿਸਪੈਂਸਰੀ ਸੀਸ ਗੰਜ | --- | --- | --- | --- | --- | --- | --- | --- | --- | 930.00 | 930.00 |
| ਪ੍ਰੋਪਰਟੀ ਨਾਂਦੇੜ | --- | --- | --- | --- | --- | --- | --- | --- | --- | 45979.00 | 45979.00 |
| ਸ੍ਰੀ ਅਨੰਦਪੁਰ ਵਾਈਟ ਵਾਸ | --- | --- | --- | --- | --- | --- | --- | --- | --- | --- | --- |
| ਸੂਦ | --- | --- | --- | --- | --- | --- | --- | --- | --- | 3960.00 | 3960.00 |
| ਜਸਟਿਸ ਉਂਕਾਰ ਸਿੰਘ ਲਾਅ ਟਰੱਸਟ | --- | --- | --- | --- | --- | --- | --- | --- | --- | 650.00 | 650.00 |
| ਪਾਠ ਬੋਧ ਸਮਾਗਮ | --- | --- | --- | --- | --- | --- | --- | --- | --- | --- | --- |
| ਸਟਾਫ ਇੰਸੋਰੈਂਸ ਐਕਸੀਡੈਂਟਲ | --- | --- | --- | --- | --- | --- | --- | --- | --- | --- | --- |
| ਵੈਬਸਾਈਟ (ਡੀ.ਐਸ.ਜੀ.ਐਮ.ਸੀ.) ਫੁਟਕਲ | --- | --- | --- | --- | --- | --- | --- | --- | --- | 12840.00 | 12840.00 |
| ਗੁਰਦੁਆਰਾ ਰਕਾਬ ਗੰਜ ਸਾਹਿਬ ਕਨਸਟਰੈਕਸ਼ਨ ਅਤੇ ਡਿਵੈਲਮੈਂਟ | | --- | --- | --- | 282982.00 | --- | --- | --- | --- | | 282982.00 |
| ਐਲ.ਟੀ.ਸੀ. | --- | --- | --- | --- | --- | --- | --- | --- | --- | 8634.00 | 8634.00 |
| ਕੈਰੀਅਰ ਗਾਇਡੈਂਸ ਕੈਂਪ | --- | --- | --- | --- | --- | --- | --- | --- | --- | --- | --- |
| ਬਾਬਾ ਬਘੇਲ ਸਿੰਘ ਮਿਊਜ਼ਿਅਮ | --- | --- | --- | --- | --- | --- | --- | --- | --- | --- | --- |
| ਗੁਰੂ ਲਾਧੋ ਰੇ ਵਣਜਾਰਾ ਸਮਾਜ ਫੁਟਕਲ | --- | --- | --- | --- | --- | --- | --- | --- | --- | --- | --- |
| ਗੁਰਪੁਰਬ ਕੀਰਤਨ ਭੇਟਾ | --- | --- | --- | --- | --- | --- | --- | --- | --- | 118100.00 | 118100.00 |
| 350ਵਾਂ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | --- | --- | --- | --- | --- | --- | --- | --- | --- | 500000.00 | 500000.00 |
| ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟੱਡੀਜ਼ (ਫੁਟਕਲ) | --- | --- | --- | --- | --- | --- | --- | --- | --- | 17100.00 | 17100.00 |
| ਆਈ.ਟੀ.ਆਈ ਮੰਗੋਲਪੁਰੀ | --- | --- | --- | --- | --- | --- | --- | --- | --- | 130486.00 | 130486.00 |
| ਪ੍ਰੋਪਰਟੀ ਸਰਾਂਏ ਝੁਲਾਨਾ (ਫੁਟਕਲ) | --- | --- | --- | --- | --- | --- | --- | --- | --- | 36950.00 | 36950.00 |
| ਜੋੜ : ਜੂਨ 2017 | 442790.00 | 7270746.00 | 14605996.00 | 2573881.00 | 6091272.00 | 27842651.00 | 10391545.00 | 154903.00 | 0.00 | 26894896.00 | 96268680.00 |
| ਅਪ੍ਰੈਲ 2017 ਤੋਂ ਮਈ 2017 | 644180.00 | 17908370.00 | 30756266.00 | 6903826.00 | 7899021.00 | 55774674.00 | 9296404.50 | 269054.00 | 0.00 | 69217360.50 | 198959556.00 |
| ਅਪ੍ਰੈਲ 2017 ਤੋਂ ਜੂਨ 2017 | 1086970.00 | 25179116.00 | 45362262.00 | 9477707.00 | 13990293.00 | 83617325.00 | 19687949.50 | 423957.00 | 0.00 | 96112256.50 | 295228236.00 |

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਅਜਮੇਰ ਸਿੰਘ ਚੀਫ ਐਡਮਨਿਸਟ੍ਰੇਟਰ, ਪ੍ਰਿੰਟਰ ਤੇ ਪਬਲੀਸ਼ਰ ਨੇ ਗੁਰ ਉਪਦੇਸ਼ ਪ੍ਰਿੰਟਰਜ਼, ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਕੰਪੋਜ਼ ਕਰਵਾ ਅਤੇ ਛਪਵਾ ਕੇ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001 ਤੋਂ ਪ੍ਰਕਾਸ਼ਤ ਕੀਤਾ।



ਗੁਰਦੁਆਰਾ ਮੰਜੀ ਸਾਹਿਬ (ਗੁਰਦੁਆਰਾ ਰਾਮਸਰ ਸਾਹਿਬ), ਅੰਮ੍ਰਿਤਸਰ

"SIS GANJ" Monthly, New Delhi
Date of Publishing : 24 JULY 2017
Date of Posting : 1-2 AUGUST 2017
Posted at NEW DELHI, PSO Mkt. Road, New Delhi-110001

**AUGUST 2017**

Regd. No. DL (ND)-11/6040/2015-16-17
Licensed to post without Pre-Payment vide U(c) 224/2015-2017
Regd. No. R.N.I. 10622/64

# ਵੰਡ ਕੇ ਛਕਿਆ.....



ਭਾਵੇਂ ਸਿੰਘਾਂ ’ਤੇ ਕੋਈ ਮੁਸੀਬਤ ਦਾ ਸਮਾਂ ਆਇਆ ਤਾਂ ਵੀ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਦੱਸੇ ਹੋਏ ਸਿਧਾਂਤ ‘ਕਿਰਤ ਕਰੋ, ਵੰਡ ਛਕੋ, ਨਾਮ ਜਪੋ’ ’ਤੇ ਪੂਰੀ ਤਰ੍ਹਾਂ ਅਮਲ ਕੀਤਾ। ਉਪਰੋਕਤ ਚਿੱਤਰ ਵਿੱਚ ਸਿੰਘ ਤਿਆਰ ਕੀਤੇ ਲੰਗਰ ਨੂੰ ਦੁਸ਼ਮਣ ਦੇ ਫ਼ੌਜੀ ਸਿਪਾਹੀਆਂ ਵਿੱਚ ਵਰਤਾਉਂਦੇ ਹੋਏ।